# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 7 | 12 February 2020 to 18 February 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


### ਦਿੱਲੀ ਵਿਧਾਨ ਸਭਾ ਚੋਣਾਂ

# ਕੇਜਰੀਵਾਲ ਦੀ ਹੈਟਰਿੱਕ

## ਨਹੀਂ ਚੱਲਿਆ ਅਮਿਤ ਸ਼ਾਹ ਤੇ ਨਰਿੰਦਰ ਮੋਦੀ ਦਾ ਹਿੰਦੂ ਪੱਤਾ

**ਨਵੀਂ ਦਿੱਲੀ/ਏ.ਟੀ. ਨਿਊਜ਼:** ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਜਿੱਤ ਦੀ ਹੈਟ੍ਰਿਕ ਲਾਉਂਦਿਆਂ ਮੁੜ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ। 'ਆਪ' ਨੇ 70 ਮੈਂਬਰੀ ਦਿੱਲੀ ਅਸੈਂਬਲੀ ਵਿੱਚ 62 ਸੀਟਾਂ 'ਤੇ ਜਿੱਤ ਦਰਜ ਕੀਤੀ ਜਦੋਂਕਿ ਉਸ ਦੀ ਰਵਾਇਤੀ ਵਿਰੋਧੀ ਭਾਜਪਾ ਨੂੰ ਅੱਠ ਸੀਟਾਂ 'ਤੇ ਜਿੱਤ ਨਸੀਬ ਹੋਈ ਤੇ ਕਾਂਗਰਸ ਖਾਤਾ ਖੋਲਣ ਵਿੱਚ ਵੀ ਨਾਕਾਮ ਰਹੀ। 'ਆਪ' ਨੂੰ ਹਾਲਾਂਕਿ ਪਿਛਲੀ ਵਾਰ ਨਾਲੋਂ ਪੰਜ ਸੀਟਾਂ ਦਾ ਖੋਰਾ ਲੱਗਿਆ ਹੈ ਤੇ ਇਹ ਪੰਜੋਂ ਸੀਟਾਂ ਭਾਜਪਾ ਦੀ ਝੋਲੀ ਪਈਆਂ। ਹਾਰ ਦੇ ਬਾਵਜੂਦ ਭਾਜਪਾ ਦੀ ਵੋਟ ਫੀਸਦ ਵਿੱਚ ਐਤਕੀਂ ਛੇ ਫੀਸਦ ਦਾ ਵਾਧਾ ਹੋਇਆ ਹੈ। ਆਮ ਆਦਮੀ ਪਾਰਟੀ ਦੀ ਇਹ ਸ਼ਾਨਦਾਰ ਜਿੱਤ ਇਸ ਗੱਲੋਂ ਵੀ ਅਹਿਮ ਹੈ ਕਿਉਂਕਿ ਅੱਠ ਮਹੀਨੇ ਪਹਿਲਾਂ ਲੋਕ ਸਭਾ ਚੋਣਾਂ ਮੌਕੇ ਸੱਤਾਧਾਰੀ ਹੋਣ ਦੇ ਬਾਵਜੂਦ ਪਾਰਟੀ ਖਾਤਾ ਵੀ ਨਹੀਂ ਖੋਲ ਸਕੀ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਕੇ ਕੇਜਰੀਵਾਲ ਨੂੰ ਜਿੱਤ ਦੀ ਵਧਾਈ ਦਿੱਤੀ। ਸ੍ਰੀ ਮੋਦੀ ਨੇ ਕੇਜਰੀਵਾਲ ਨੂੰ ਲੋਕਾਂ ਦੀ ਖਾਹਿਸ਼ਾਂ 'ਤੇ ਖਰਾ ਉਤਰਨ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਲਗਾਤਾਰ ਤੀਜੀ ਜਿੱਤ ਨਾਲ ਕੇਜਰੀਵਾਲ ਨੇ ਦਿੱਲੀ ਦੀ ਮਰਹੂਮ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਰਿਕਾਰਡ ਦੀ ਬਰਾਬਰੀ ਕੀਤੀ ਹੈ। ਇਸ ਦੌਰਾਨ ਅਰਵਿੰਦ ਕੇਜਰੀਵਾਲ ਨੇ ਇਕ ਟਵੀਟ 'ਚ ਕਿਹਾ ਕਿ ਉਹ ਦਿੱਲੀ ਦੇ ਵਿਕਾਸ ਲਈ ਕੇਂਦਰ ਸਰਕਾਰ ਨਾਲ ਮਿਲ ਕੇ ਕੰਮ ਕਰਨਗੇ।

| | | |
|---|---|---|
| **ਚੋਣ ਨਤੀਜੇ** | | |
| ਕੁਲ ਸੀਟਾਂ | : | 70 |
| ਆਪ | : | 62 |
| ਬੀ ਜੇ ਪੀ | : | 8 |
| ਕਾਂਗਰਸ | : | 0 |

'ਕੰਮ ਦੀ ਸਿਆਸਤ' ਬਨਾਮ 'ਨਫ਼ਰਤ ਦੀ ਸਿਆਸਤ' ਵਾਲੀਆਂ ਇਨਾਂ ਚੋਣਾਂ ਵਿੱਚ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਆਮ ਆਦਮੀ ਪਾਰਟੀ ਦੇ ਸਿਖਰਲੇ ਆਗੂਆਂ ਆਤਿਸ਼ੀ, ਰਾਘਵ ਚੱਢਾ, ਕੈਬਨਿਟ ਮੰਤਰੀਆਂ ਗੋਪਾਲ ਰਾਏ, ਸਤੇਂਦਰ ਜੈਨ ਨੇ ਜਿੱਤਾਂ ਦਰਜ ਕੀਤੀਆਂ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਨਵੀਂ ਦਿੱਲੀ ਹਲਕੇ ਤੋਂ ਆਪਣੇ ਰਵਾਇਤੀ ਵਿਰੋਧੀ ਭਾਜਪਾ ਉਮੀਦਵਾਰ ਸੁਨੀਲ ਕੁਮਾਰ ਯਾਦਵ ਨੂੰ 17000 ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ। ਕੌਮੀ ਰਾਜਧਾਨੀ ਵਿੱਚ ਚੋਣਾਂ ਅਜਿਹੇ ਮੌਕੇ ਹੋ ਰਹੀਆਂ ਸਨ, ਜਦੋਂ ਸ਼ਹਿਰ ਵਿੱਚ ਸੀਏਏ, ਐੱਨਆਰਸੀ ਤੇ ਐੱਨਪੀਆਰ ਵਿਰੋਧੀ ਪ੍ਰਦਰਸ਼ਨ ਸਿਖਰ 'ਤੇ ਸਨ। ਭਾਜਪਾ ਨੇ ਚੋਣ ਮੁਹਿੰਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕੀਤੇ ਕੰਮਾਂ, ਕੌਮੀ ਸੁਰੱਖਿਆ ਨਾਲ ਜੁੜੇ ਮੁੱਦਿਆਂ ਅਤੇ ਸ਼ਾਹੀਨ ਬਾਗ਼ ਤੇ ਜਾਮੀਆ ਇਸਲਾਮੀਆ ਯੂਨੀਵਰਸਿਟੀ ਦੇ ਰੋਸ ਪ੍ਰਦਰਸ਼ਨਾਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ, ਉਥੇ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਨੇ ਪਿਛਲੇ ਪੰਜ ਸਾਲਾਂ ਵਿੱਚ ਕੀਤੇ ਵਿਕਾਸ ਕੰਮਾਂ ਦਾ ਲੇਖਾ-ਜੋਖਾ ਲੋਕਾਂ ਅੱਗੇ ਰੱਖਿਆ। 'ਆਪ' ਤੇ ਕਾਂਗਰਸ ਨੇ ਭਾਜਪਾ 'ਤੇ ਵੋਟਰਾਂ ਦੇ ਧਰੁਵੀਕਰਨ ਲਈ 'ਵੰਡਪਾਊ' ਪ੍ਰਚਾਰ ਮੁਹਿੰਮ ਚਲਾਉਣ ਦਾ ਦੋਸ਼ ਵੀ ਲਾਇਆ। 'ਆਪ' ਲਈ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਸਟਾਰ ਪ੍ਰਚਾਰਕ ਸਨ, ਉਥੇ ਭਾਜਪਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਆਪਣੀ ਪੂਰੀ ਕੈਬਨਿਟ, ਯੂਪੀ ਤੇ ਬਿਹਾਰ ਦੇ ਮੁੱਖ ਮੰਤਰੀਆਂ ਨੂੰ ਵੀ ਚੋਣ ਪ੍ਰਚਾਰ ਵਿੱਚ ਝੋਕਿਆ। ਕਾਂਗਰਸ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਪਾਰਟੀ ਆਗੂ ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਵਾਡਰਾ ਨੇ ਚੋਣ ਮੁਹਿੰਮ ਦੀ ਕਮਾਨ ਸੰਭਾਲੀ। ਇਸ ਦੌਰਾਨ 'ਆਪ' ਦੇ ਤਰਜਮਾਨ ਸੰਜੈ ਸਿੰਘ ਨੇ ਕਿਹਾ, 'ਅਸੀਂ ਤਾਂ ਸ਼ੁਰੂ ਤੋਂ ਕਹਿੰਦੇ ਆ ਰਹੇ ਸੀ ਕਿ ਅਗਾਮੀ ਚੋਣਾਂ ਕੀਤੇ ਕੰਮਾਂ ਦੇ ਅਧਾਰ 'ਤੇ ਲੜੀਆਂ ਜਾਣਗੀਆਂ।' ਪਾਰਟੀ ਵਲੰਟੀਅਰ ਫ਼ਰੀਨ ਖ਼ਾਨ ਨੇ ਪਾਰਟੀ ਦਫ਼ਤਰ 'ਚ ਕਿਹਾ, 'ਸਾਨੂੰ ਆਸ ਸੀ ਕਿ ਸਾਨੂੰ ਅਜਿਹਾ ਸਪਸ਼ਟ ਫ਼ਤਵਾ ਮਿਲੇਗਾ, ਜਿਸ ਤੋਂ ਇਹ ਸੁਨੇਹਾ ਜਾਏਗਾ ਕਿ ਹਿੰਦੂ-ਮੁਸਲਿਮ ਸਿਆਸਤ ਇਥੇ ਹੁਣ ਹੋਰ ਕੰਮ ਨਹੀਂ ਕਰੇਗੀ।' ਪ੍ਰਤਾਪਗੰਜ ਸੀਟ ਤੋਂ ਜਿੱਤੇ ਸਿਸੋਦੀਆ ਨੇ ਕਿਹਾ ਚੋਣਾਂ ਦੌਰਾਨ ਭਾਜਪਾ ਨੇ 'ਨਫ਼ਰਤ ਦੀ ਸਿਆਸਤ' ਕੀਤੀ, ਪਰ ਲੋਕਾਂ ਨੇ ਉਹਦੇ ਇਸ ਏਜੰਡੇ ਨੂੰ ਰੱਦ ਕਰ ਦਿੱਤਾ। ਮੈਂ ਪ੍ਰਤਾਪਗੰਜ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ.ਦਿੱਲੀ ਦੇ ਲੋਕਾਂ ਨੇ ਉਹ ਸਰਕਾਰ ਚੁਣੀ, ਜੋ ਉਨਾਂ ਲਈ ਕੰਮ ਕਰਦੀ ਹੈ। ਦਿੱਲੀ ਦੇ ਲੋਕਾਂ ਨੇ ਆਪਣੇ ਫ਼ਤਵੇਂ ਰਾਹੀਂ ਰਾਸ਼ਟਰਵਾਦ ਦਾ ਅਸਲ ਅਰਥ ਤਫ਼ਸੀਲ 'ਚ ਸਮਝਾ ਦਿੱਤਾ ਹੈ।



# ਦਿੱਲੀ ਵਾਲੋ 'ਆਇ ਲਵ ਯੂ'

**ਨਵੀਂ ਦਿੱਲੀ/ਏ.ਟੀ.ਨਿਊਜ਼:** ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਤੀਜੀ ਵਾਰ 'ਆਪ' ਨੂੰ ਮਿਲੀ ਜਿੱਤ ਤੋਂ ਉਤਸ਼ਾਹਿਤ ਅਰਵਿੰਦ ਕੇਜਰੀਵਾਲ ਬਾਅਦ ਦੁਪਹਿਰ ਪਾਰਟੀ ਦਫ਼ਤਰ ਪੁੱਜੇ। ਉਨਾਂ ਭਾਰਤ ਮਾਤਾ ਕੀ ਜੈ.. ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ ਤੇ ਉਥੇ ਮੌਜੂਦ ਸਮਰਥਕਾਂ ਨੇ ਗਰਮਜੋਸ਼ੀ ਨਾਲ ਉਨਾਂ ਦਾ ਸਾਥ ਦਿੱਤਾ। ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨਾਂ ਕਿਹਾ ਕਿ ਇਸ ਜਿੱਤ ਨਾਲ ਨਵੀਂ ਰਾਜਨੀਤੀ ਦੀ ਸ਼ੁਰੂਆਤ ਹੋਈ ਹੈ। ਲੋਕਾਂ ਨੇ ਉਸ ਸਰਕਾਰ ਵਿੱਚ ਵਿਸ਼ਵਾਸ ਜਤਾਇਆ ਹੈ ਜਿਸ ਨੇ ਸਕੂਲਾਂ, ਹਸਪਤਾਲਾਂ ਦਾ ਨਿਰਮਾਣ ਕੀਤਾ ਅਤੇ 24 ਘੰਟੇ ਸਸਤੀ ਬਿਜਲੀ ਘਰਾਂ ਤਕ ਪਹੁੰਚਾਈ। ਉਨਾਂ ਕਿਹਾ, 'ਆਇ ਲਵ ਯੂ' ਆਮ ਆਦਮੀ ਪਾਰਟੀ ਨੇ 70 ਸੀਟਾਂ ਵਿਚੋਂ 62 'ਤੇ ਜਿੱਤ ਦਰਜ ਕੀਤੀ ਜਦੋਂਕਿ ਭਾਜਪਾ ਸਿਰਫ 8 ਸੀਟਾਂ ਹੀ ਜਿੱਤ ਸਕੀ। ਕਾਂਗਰਸ ਆਪਣਾ ਖਾਤਾ ਵੀ ਨਹੀਂ ਖੋਲ ਸਕੀ। ਉਨਾਂ ਕਿਹਾ ," ਇਹ ਦਿੱਲੀ ਦੇ ਉਨਾਂ ਲੋਕਾਂ ਦੀ ਜਿੱਤ ਹੈ ਜਿਹੜੇ ਮੈਨੂੰ ਆਪਣਾ ਪੁੱਤਰ ਸਮਝਦੇ ਹਨ। ਉਨਾਂ ਕਿਹਾ ਕਿ ਦਿੱਲੀ ਵਿੱਚ 'ਕੰਮ ਦੀ ਰਾਜਨੀਤੀ' ਦਾ ਜਨਮ ਹੋਇਆ ਹੈ ਤੇ 'ਆਪ' ਦੀ ਜਿੱਤ ਪੂਰੇ ਮੁਲਕ ਦੀ ਜਿੱਤ ਹੈ।

# ਸੁੱਖਾ ਕਾਹਲਵਾਂ 'ਤੇ ਬਣੀ ਫ਼ਿਲਮ 'ਤੇ ਪਾਬੰਦੀ

## ਨਿਰਮਾਤਾ ਤੇ ਹੋਰਾਂ ਖ਼ਿਲਾਫ਼ ਮਾਮਲਾ ਦਰਜ




**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਸਰਕਾਰ ਨੇ ਗੈਂਗਸਟਰ ਸੁੱਖਾ ਕਾਹਲਵਾਂ ਦੀ ਜ਼ਿਦੰਗੀ 'ਤੇ ਬਣੀ ਪੰਜਾਬੀ ਫ਼ਿਲਮ 'ਸ਼ੂਟਰ' 'ਤੇ ਪਾਬੰਦੀ ਲਗਾਉਂਦਿਆਂ ਇਸ ਦੇ ਨਿਰਮਾਤਾ/ਪ੍ਰਮੋਟਰ ਕੇ.ਵੀ. ਸਿੰਘ ਢਿੱਲੋਂ ਤੇ ਹੋਰਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੰਜਾਬ ਸਰਕਾਰ ਨੇ ਭਵਿੱਖ ਵਿਚ ਵੀ ਅਜਿਹੀਆਂ ਫਿਲਮਾਂ ਦੇ ਨਿਰਮਾਣ ਕਰਨ 'ਤੇ ਸਖ਼ਤ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ ਹੈ। ਸਰਕਾਰੀ ਬੁਲਾਰੇ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਨੇ ਸਾਫ਼ ਕੀਤਾ ਹੈ ਕਿ ਉਨਾਂ ਦੀ ਸਰਕਾਰ ਅਜਿਹੇ ਕਿਸੇ ਫ਼ਿਲਮ, ਗੀਤ ਆਦਿ ਨੂੰ ਚਲਾਉਣ ਦੀ ਆਗਿਆ ਨਹੀਂ ਦੇਵੇਗੀ, ਜੋ ਅਪਰਾਧ, ਹਿੰਸਾ ਤੇ ਗੈਂਗਸਟਰ ਜਾਂ ਸੂਬੇ ਵਿਚ ਅਪਰਾਧ ਨੂੰ ਹੁਲਾਰਾ ਦਿੰਦੀ ਹੋਵੇ, ਜੋ ਅਕਾਲੀਆਂ ਦੇ ਸ਼ਾਸਨ ਦੌਰਾਨ ਅਕਾਲੀ ਆਗੂਆਂ ਦੀ ਸਰਪ੍ਰਸਤੀ ਹੇਠ ਵਧਿਆ ਫੁਲਿਆ। ਐਫ.ਆਈ.ਆਰ. ਮੁਤਾਬਕ ਫ਼ਿਲਮ 'ਸ਼ੂਟਰ' ਨੌਜਵਾਨਾਂ ਨੂੰ ਹਥਿਆਰ ਚੁੱਕਣ ਲਈ ਉਕਸਾਏਗੀ ਤੇ ਸ਼ਾਂਤੀ ਤੇ ਸਦਭਾਵਨਾ ਨੂੰ ਭੰਗ ਕਰੇਗੀ।










# ਸਿੱਖ ਪੰਚਾਇਤ ਦੀ ਸਲੇਟ
# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ


ਜਸਵਿੰਦਰ ਸਿੰਘ ਜੰਡੀ
Jaswinder Singh Jandi


ਡਾ. ਜਸਪ੍ਰੀਤ ਸਿੰਘ ਅਟਵਾਲ
Dr. Jaspreet Singh Atwal


ਗੁਰਵਿੰਦਰ ਸਿੰਘ ਪ੍ਰਿੰਸ
Gurvinder Singh Prince


ਹਰਪ੍ਰੀਤ ਸਿੰਘ ਬੈਂਸ
Harpreet Singh Bains


ਰਜਿੰਦਰ ਸਿੰਘ ਰਾਜਾ
Rajinder Singh Raja

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ* **ਦੇ ਮਹਾਵਾਕ ਅਨੁਸਾਰ ਸਿੱਖ ਪੰਚਾਇਤ ਵਲੋਂ ਫਰੀਮਾਂਟ ਗੁਰਦਵਾਰਾ ਸਾਹਿਬ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਉਮੀਦਵਾਰਾਂ ਦੀ ਚੋਣ ਸਰਬਸੰਮਤੀ ਨਾਲ ਕਰਨ ਤੇ ਪੜ੍ਹੇ ਲਿਖੇ ਨਵੇਂ ਚਿਹਰੇ ਲਿਆਉਣ ਵਿਚ ਸਫਲ ਹੋਈ ਹੈ।**

## ਸਿੱਖ ਪੰਚਾਇਤ 2020 ਤੋਂ 2022 ਤੱਕ ਹੇਠ ਲਿਖੇ ਉਪਰਾਲੇ ਕਰੇਗੀ

### ਧਰਮ ਪ੍ਰਚਾਰ
- ਗੁਰਬਾਣੀ ਦੇ ਮਹਾਂਵਾਕ ਅਨੁਸਾਰ *ਆਪਿ ਜਪਹੁ ਅਵਰਾ ਨਾਮੁ ਜਪਾਵਹੁ* ਅਨੁਸਾਰ ਗੁਰੂਘਰ ਦਾ ਮੁੱਖ ਮਨੋਰਥ ਧਾਰਮਿਕ ਪ੍ਰਚਾਰ ਹੀ ਹੋਵੇਗਾ। ਦੁਨੀਆਂ ਭਰ ਦੇ ਮਹਾਨ ਕੀਰਤਨੀਏ ਅਤੇ ਕਥਾਵਾਚਕਾਂ ਦਾ ਗੁਰਬਾਣੀ ਪ੍ਰਚਾਰ ਲਈ ਖਾਸ ਪ੍ਰਬੰਧ ਕੀਤਾ ਜਾਵੇਗਾ। ਸੰਥਿਆ ਅਤੇ ਕੀਰਤਨ ਦੀਆਂ ਕਲਾਸਾਂ ਦਾ ਵਿਸ਼ੇਸ਼ ਪ੍ਰਬਧ ਕੀਤਾ ਜਾਵੇਗਾ।

### ਗੁਰੂ ਘਰ ਦੀ ਸਟੇਜ
- ਗੁਰੂ ਘਰ ਦੀ ਸਟੇਜ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾਵੇਗਾ ਅਤੇ ਪਿਛਲੇ ਸਾਲਾਂ ਵਿਚ ਰਹਿ ਗਈਆ ਤਰੁਟੀਆਂ ਨੂੰ ਦੂਰ ਕੀਤਾ ਜਾਵੇਗਾ। ਸਟੇਜ ਉਤੇ ਸਮਾਂ ਦੇਣ ਵਿਚ ਕਿਸੇ ਪੰਥਕ ਧਿਰ ਨਾਲ ਵਿਤਕਰਾ ਨਹੀਂ ਕੀਤਾ ਜਾਵੇਗਾ।

### ਬੀਬੀਆਂ ਦੀ ਸ਼ਮੂਲੀਅਤ ਨੂੰ ਵਧਾਉਣਾ
- *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ* ਬੀਬੀਆਂ ਨੂੰ ਸਿੱਖ ਧਰਮ ਅਨੁਸਾਰ ਮਾਣ ਸਤਿਕਾਰ ਦਿੱਤਾ ਜਾਵੇਗਾ । ਗੁਰੂਘਰ ਦੇ ਪ੍ਰਬੰਧ ਜਾਂ ਹੋਰ ਪ੍ਰਾਜੈਕਟਾਂ ਵਿਚ ਬੀਬੀਆਂ ਦੀ ਸ਼ਮੂਲੀਅਤ ਵਧਾਉਣ ਲਈ ਉਪਰਾਲੇ ਕੀਤੇ ਜਾਣਗੇ। ਬੀਬੀਆਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਢੁਕਵੇਂ ਹੱਲ ਲਈ ਬੀਬੀਆਂ ਦੀ ਇਕ ਮਾਈ ਭਾਗੋ ਕਮੇਟੀ ਬਣਾਈ ਜਾਵੇਗੀ।

### $50,000 ਦੇ ਸਕਾਲਰਸ਼ਿਪ ਅਤੇ ਵਿਦਿਅਕ ਪ੍ਰਾਜੈਕਟ
- ਹਰ ਸਾਲ ਸਿੱਖ ਬੱਚਿਆਂ ਨੂੰ ਸਕਾਲਰਸ਼ਿਪ ਅਤੇ ਹੋਰ ਵਿੱਦਿਅਕ ਪ੍ਰੋਜੈਕਟਾਂ ਲਈ ਵਿਸ਼ੇਸ਼ ਫੰਡ ਰਾਖਵਾਂ ਰੱਖਿਆ ਜਾਵੇਗਾ। ਹਾਈ ਸਕੂਲ ਅਤੇ ਗਰੈਜੂਏਟ ਵਿਦਿਆਰਥੀਆਂ ਨੂੰ ਅਵਾਰਡ ਅਤੇ ਸਕਾਲਰਸ਼ਿਪ ਦਿੱਤੇ ਜਾਣਗੇ।

### ਖਾਲਸਾ ਸਕੂਲ
- ਗੁਰੂ ਘਰ ਦੇ ਖਾਲਸਾ ਸਕੂਲ ਦੇ ਬੱਚਿਆਂ ਦੇ ਮਾਪਿਆਂ ਦੀਆਂ ਮਾਸਿਕ ਮੀਟਿੰਗਾਂ ਮੁੜ ਸ਼ੁਰੂ ਕੀਤੀਆਂ ਜਾਣਗੀਆਂ। ਕਿਸੇ ਵੀ ਵਿਅਕਤੀ ਨੂੰ ਸਕੂਲ ਵਿਚੋਂ ਸੇਵਾ ਕਰਨ ਤੋਂ ਰੋਕਿਆ ਨਹੀਂ ਜਾਵੇਗਾ। Coding ਅਤੇ Debate ਦੀਆਂ ਨਵੀਆਂ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ। ਸਕੂਲ ਜਾਂਦੇ ਬੱਚਿਆਂ ਲਈ ਕਮਿਉਨਿਟੀ ਸੇਵਾ ਦੀ ਖਾਸ ਵਿਵਸਥਾ ਕੀਤੀ ਜਾਵੇਗੀ ਜਿਹੜੀ ਕਿ ਉਹਨਾਂ ਦੇ ਕਾਲਜ ਦਾਖਲੇ ਲਈ ਸਹਾਇਕ ਹੋਵੇਗੀ।

### ਪੰਜਾਬ ਤੋਂ ਨਵੇਂ ਆਏ ਸਿੱਖਾਂ ਦੀ ਬਾਂਹ ਫੜ੍ਹਨੀ
- ਪੰਜਾਬ ਤੋਂ ਨਵੇਂ ਆਏ ਨੌਜਵਾਨਾਂ ਅਤੇ ਪਰਿਵਾਰਾਂ ਨੂੰ ਅਮਰੀਕਨ ਸਿਸਟਮ ਵਿੱਚ ਆਉਂਦੀਆਂ ਮੁਸ਼ਕਲਾਂ ਲਈ ਮਦਦ ਕਰਨ ਲਈ ਇੱਕ ਕਮੇਟੀ ਬਣਾਈ ਜਾਵੇਗੀ।

### ਨੌਜਵਾਨ ਪੀੜੀ ਨੂੰ ਉਤਸਾਹਿਤ ਕਰਨਾ
- ਨੌਜਵਾਨ ਪੀੜੀ ਨੂੰ ਉਤਸਾਹਿਤ ਕਰਨ ਲਈ, ਇਸ ਸਾਲ ਦੀ ਤਰਾਂ ਨੌਜਵਾਨਾਂ ਨੂੰ ਅਗੇ ਤੋ ਵੀ ਪ੍ਰਬੰਧ ਵਿਚ ਸ਼ਾਮਲ ਕੀਤਾ ਜਾਵੇਗਾ।

### ਨਵੇ ਛੋਟੇ ਹਾਲ ਦੀ ਉਸਾਰੀ
- ਗੁਰਦੂਆਰਾ ਸਾਹਿਬ ਵਿੱਚ ਵੱਧ ਰਹੀ ਸੰਗਤ ਦੀ ਆਮਦ ਅਤੇ ਵੱਧ ਰਹੇ ਪ੍ਰੋਗਰਾਮਾਂ ਨੂੰ ਮੱਦੇਨਜ਼ਰ ਰੱਖਦਿਆਂ ਛੋਟੇ ਪ੍ਰੋਗਰਾਮ ਕਰਨ ਲਈ ਹਾਲ ਦਾ ਪ੍ਰਬੰਧ ਕੀਤਾ ਜਾਵੇਗਾ।

### 1984 ਦੇ ਸ਼ਹੀਦਾਂ ਦੀ ਯਾਦ ਵਿਚ ਯਾਦਗਾਰ
- ਗੁਰਦੂਆਰਾ ਸਾਹਿਬ ਵਿਚ 1984 ਦੇ ਸ਼ਹੀਦਾਂ ਦੀ ਯਾਦ ਵਿਚ ਯਾਦਗਾਰ ਬਨਾਈ ਜਾਵੇਗੀ।

### ਹੋਰ ਕੰਮ ਤੇ ਪ੍ਰੋਜੈਕਟ
- ਹਰ ਮਹੀਨੇ ਪ੍ਰਬੰਧ ਵਲੋਂ ਸੰਗਤਾਂ ਦੀਆ ਸ਼ਕਾਇਤਾਂ ਅਤੇ ਸੁਝਾਵਾ ਲਈ ਮਹੀਨੇਵਾਰ ਮੀਟਿੰਗ ਆਰੰਭੀ ਜਾਵਗੀ।
- ਕਾਰ ਪਾਰਕਿੰਗ ਵਿਚ ਆ ਰਹੀਆ ਔਕੜਾ ਨੂੰ ਦੂਰ ਕਰਨ ਅਤੇ ਇਸ ਦਾ ਸਥਾਈ ਹੱਲ ਲਭਣ ਲਈ ਪੁਰ ਜੋਰ ਯਤਨ ਕੀਤੇ ਜਾਣਗੇ।
- 100 ਏਕੜ ਦੀ ਯੋਗ ਵਰਤੋਂ ਲਈ ਸਿੱਖ ਭਾਈਚਾਰੇ ਦੇ ਮੁਖੀ ਮੈਬਰਾਂ ਅਤੇ ਬਾਹਰਲੇ ਜਮੀਨ ਵਰਤਣ ਦੇ ਮਾਹਰਾਂ ਦੀ ਇਕ ਸਬ–ਕਮੇਟੀ ਕਾਇਮ ਕੀਤੀ ਜਾਵੇਗੀ ਜੋ ਕਿ ਸਿਟੀ ਨਾਲ ਤਾਲ ਮੇਲ ਕਰਕੇ ਇਸ ਜਮੀਨ ਦੀ ਵਰਤੋਂ ਦਾ ਪ੍ਰਬੰਧ ਕਰੇਗੀ
- ਬਜੁਰਗਾਂ ਦੀ ਸਲਾਹ ਨਾਲ ਉਹਨਾਂ ਲਈ ਨਵੇ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਯੂਨੀਅਨ ਸਿਟੀ ਤੋਂ ਐਤਵਾਰ ਨੂੰ ਵਿਸ਼ੇਸ਼ ਸ਼ਟਲ (ਰਾਈਡ) ਦਾ ਪ੍ਰਬੰਧ ਕੀਤਾ ਜਾਵੇਗਾ।
- ਗੁਰਦੂਆਰਾ ਸਾਹਿਬ ਦਾ ਹਿਸਾਬ ਕਿਤਾਬ ਹਰ ਤਿੰਨ ਮਹੀਨੇ ਬਾਅਦ ਸਟੇਜ, ਨੋਟਿਸ ਬੋਰਡ ਤੇ ਵੈਬਸਾਈਟ ਤੋਂ ਸੰਗਤ ਨੂੰ ਦੱਸਿਆ ਜਾਵੇਗਾ।
- ਦੂਸਰੇ ਧਰਮਾਂ, ਸਿਟੀ, ਕਾਉਂਟੀ ਅਤੇ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਭਾਈਚਾਰਕ ਮਾਮਲੇ ਜਿਵੇਂ ਕਿ ਸਿਹਤ, ਪੜਾਈ ਅਤੇ ਸ਼ਹਿਰੀ ਸੇਵਾਵਾਂ ਉਪਲਬਧ ਕਰਾਉਣ ਵਿਚ ਆ ਰਹੀਆ ਔਕੜਾ ਨੂੰ ਦੂਰ ਕੀਤਾ ਜਾਵੇਗਾ।
- ਵਿਆਹ ਲਈ 1100 ਡਾਲਰ ਭੇਟਾ ਲਈ ਜਾਂਦੀ ਹੈ ਪਰ ਜੇ ਕੋਈ ਪਰਿਵਾਰ ਇਹ ਦੇਣ ਯੋਗ ਨਹੀਂ ਤਾਂ ਇਹ ਮੁਆਫ਼ ਕੀਤੀ ਜਾ ਸਕਦੀ ਹੈ ਜੇ ਉਹ ਪਰਿਵਾਰ ਬਾਹਰ ਪਾਰਟੀਆਂ ਤੇ ਖਰਚਾ ਨਹੀਂ ਕਰ ਰਿਹਾ।
- ਮ੍ਰਿਤਕਾਂ ਦੇ ਸਸਕਾਰ ਲਈ ਗੁਰਦੂਆਰਾ ਸਾਹਿਬ ਵਲੋਂ ਪਹਿਲਾਂ ਹੀ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਇਸ ਸੰਕਟਮਈ ਸਮੇਂ ਵਿੱਚ ਗੁਰਦੂਆਰਾ ਸਾਹਿਬ ਵਲੋਂ ਪ੍ਰਬੰਧਕਾਂ ਦੀਆਂ ਵਿਸ਼ੇਸ਼ ਡਿਊਟੀਆਂ ਲਾਈਆਂ ਜਾਣਗੀਆਂ ਤਾਂ ਜੋ ਪਰਿਵਾਰਾਂ ਨੂੰ ਤੰਗੀ ਦਾ ਸਾਹਮਣਾ ਨਾ ਕਰਨਾ ਪਏ।

**ਯਾਦ ਰੱਖਣਾ 8 ਮਾਰਚ 2020 ਨੂੰ ਅਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 8, 2020**

# ਸਿੱਖ ਪੰਚਾਇਤ ਨੇ ਚੋਣ ਦਾ ਬਿਗਲ ਵਜਾਇਆ



**ਫਰੀਮੌਂਟ/ਏ.ਟੀ.ਨਿਊਜ਼:** ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਲਈ ਬੀਤੇ ਸਨਿੱਚਰਵਾਰ ਸਿੱਖ ਪੰਚਾਇਤ ਨੇ ਆਪਣੇ ਉਮੀਦਵਾਰ ਸੰਗਤ ਸਾਹਮਣੇ ਪੇਸ਼ ਕਰਕੇ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਗੁਰਦੁਆਰਾ ਸਾਹਿਬ ਦੀਆਂ ਚੋਣਾਂ 8 ਮਾਰਚ ਨੂੰ ਹੋ ਰਹੀਆਂ ਹਨ ਜਿਸ ਵਿੱਚ ਸਿੱਖ ਪੰਚਾਇਤ ਸਾਹਮਣੇ ਖਾਲਸਾ ਧੜਾ ਤੇ ਬਾਸਾ ਹੈ। ਬਾਸਾ ਦੇ ਕਰਤਾ ਧਰਤਾ ਰਾਣਾ ਕਾਹਲੋਂ ਹੈ ਜਿਹੜਾ ਅਮਰੀਕਾ ਵਿੱਚ ਪੰਜਾਬ ਦੇ ਕਾਂਗਰਸੀਆਂ ਦਾ ਹੋਸਟ ਵੀ ਸਮਝਿਆ ਜਾਂਦਾ ਹੈ। ਖਾਲਸਾ ਧੜਾ ਨਿੱਕੇ ਮੁਫਾਦਾਂ ਨੂੰ ਸਾਹਮਣੇ ਰੱਖਨ ਕਾਰਣ ਸਿੱਖ ਪੰਚਾਇਤ ਛੱਡ ਗਿਆ ਸੀ।

ਸਿੱਖ ਪੰਚਾਇਤ ਵੱਲੋਂ ਸਾਧ ਸੰਗਤ ਨਾਲ ਕੀਤੇ ਵਾਇਦੇ ਮੁਤਾਬਕ ਪੰਜ ਉਮੀਦਵਾਰਾਂ ਵਿੱਚੋਂ ਚਾਰ ਨਵੇਂ ਚਿਹਰੇ ਹਨ ਅਤੇ ਔਸਤਨ ਘੱਟ ਉਮਰ ਦੇ ਨੌਜਵਾਨ ਹਨ। ਸਿੱਖ ਪੰਚਾਇਤ ਨੂੰ ਇਸ ਗੱਲ ਤੇ ਮਾਣ ਹੈ ਕਿ ਨੌਜਵਾਨ ਸਿੱਖ ਪੰਚਾਇਤ ਦਾ ਮਾਡਲ ਦੇਖਦੇ ਹੋਏ ਇਸ ਵਿੱਚ ਸ਼ਾਮਿਲਹੋਏ ਹਨ। ਚੁਣੇ ਗਏ ਉਮੀਦਵਾਰ ਇਸ ਪ੍ਰਕਾਰ ਹਨ, ਭਾਈ ਜਸਵਿੰਦਰ ਸਿੰਘ ਜੰਡੀ, ਡਾਕਟਰ ਜਸਪ੍ਰੀਤ ਸਿੰਘ ਅਟਵਾਲ, ਭਾਈ ਹਰਪ੍ਰੀਤ ਸਿੰਘ ਬੈਂਸ, ਭਾਈ ਗੁਰਵਿੰਦਰ ਸਿੰਘ ਪ੍ਰਿੰਸ ਅਤੇ ਰਜਿੰਦਰ ਸਿੰਘ ਰਾਜਾ ਹਨ।

ਸਿੱਖ ਪੰਚਾਇਤ ਵੱਲੋਂ ਊਮੀਦਵਾਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਸਿੱਖ ਪੰਚਾਇਤ ਦੀ ਪਿਛਲੇ 6 ਸਾਲਾਂ ਦੀ ਸੇਵਾ ਸੰਗਤ ਸਾਹਮਣੇ ਹੈ ਜਿਸ ਕਰਕੇ ਸੰਗਤ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ।



# ਖਾਲਸਾ-ਬਾਸਾ ਧੜਾ ਕਚਹਿਰੀ ਰਾਹੀਂ 'ਪੰਜ ਪਿਆਰਾ' ਸਿਧਾਂਤ ਨੂੰ ਖਤਮ ਕਰਨ ਦੇ ਰੌਂਅ ਵਿੱਚ: ਸਿੱਖ ਪੰਚਾਇਤ

**ਫਰੀਮੌਂਟ/ਏ.ਟੀ.ਨਿਊਜ਼:** ਪਿਛਲੇ ਸੁੱਕਰਵਾਰ ਗੁਰਮੀਤ ਸਿੰਘ ਤੇ ਰਾਣਾ ਕਾਹਲੋਂ ਧੜਿਆਂ ਵੱਲੋਂ ਕਚਹਿਰੀ ਨੂੰ ਪੇਸ ਕਰਨ ਵਾਲੇ ਇੱਕ ਇਕਰਾਰਨਾਮੇ ਵਿੱਚ 'ਪੰਜ ਪਿਆਰਾ' ਸਿਧਾਂਤ ਨਾਲ ਖਿਲਵਾੜ ਕਰਨ ਦੀ ਹਿਮਾਕਤ ਕੀਤੀ ਗਈ ਹੈ। ਗੁਰਦੂਆਰਾ ਸਾਹਿਬ ਦੇ ਬਾਈਲਾਅਜ ਪੰਜ ਪਿਆਰਾ ਸਿਧਾਂਤ ਦੀ ਰੋਸਨੀ ਵਿੱਚ ਲਿਖੇ ਗਏ ਹਨ ਤੇ ਬਾਈਲਾਅਜ ਵਿੱਚ ਤਰਮੀਮ ਲਿਆਉਣ ਲਈ 75% ਸੰਗਤ ਦੀ ਸਹਿਮਤੀ ਚਾਹੀਦੀ ਹੈ ਜੋ ਸੰਭਵ ਨਹੀਂ। ਖਾਲਸਾ-ਬਾਸਾ ਧੜਾ ਚੋਰ ਮੋਰੀ ਰਾਹੀਂ ਕੋਰਟ ਤੋਂ ਇਹ ਕੰਮ ਕਰਾਉਣਾ ਚਾਹੁੰਦਾ ਹੈ।

ਪਿਛਲੇ ਦਿਨੀਂ ਇੱਕ ਰੇਡੀਓ ਟਾਕ ਸ਼ੋਅ ਵਿੱਚ ਗੁਰਮੀਤ ਸਿੰਘ ਨੇ ਪੰਜ ਪਿਆਰਿਆਂ ਦੀ ਸਰਬ-ਸੰਮਤੀ 'ਤੇ ਵੀ ਕਿੰਤੂ ਕਰਦੇ ਹੋਏ ਕਿਹਾ ਕਿ ਸੰਵਿਧਾਨ ਵਿੱਚ 'ਪੰਜ ਪਿਆਰਿਆਂ' ਦੀ ਸਰਬ-ਸੰਮਤੀ ਬਾਰੇ ਕੁੱਝ ਵੀ ਨਹੀਂ ਲਿਖਿਆ। ਗੁਰਮੀਤ ਸਿੰਘ ਨੇ ਸਿੱਖ ਪਰੰਪਰਾ ਨੂੰ ਅਣਗੌਲਿਆ ਕਰਕੇ ਕੋਰਟ ਰਾਹੀਂ ਪੰਜ ਪਿਆਰਾ ਸਿਧਾਂਤ ਨੂੰ ਗੁਰਦੁਆਰਾ ਸਾਹਿਬ ਵਿੱਚੋਂ ਖਤਮ ਕਰਨਾ ਚਾਹੁੰਦਾ ਹੈ। ਸਾਡੇ ਇਸ ਨੂੰ ਸੁਆਲ ਹੈ ਕਿ ਕੋਈ ਅਜਿਹਾ ਦਸਤਾਵੇਜ਼ ਹੈ ਜੋ ਕਹਿੰਦਾ ਹੋਵੇ ਕਿ ਪੰਜ ਪਿਆਰਿਆਂ ਦੀ ਸਰਬ-ਸੰਮਤੀ ਹੋਣੀ ਚਾਹੀਦੀ ਹੈ ਜਾਂ ਨਹੀਂ ਹੋਣੀ ਚਾਹੀਦੀ?

ਅਮਰੀਕਾ ਦਾ ਕਾਨੂੰਨ **State** ਤੇ **Religion** ਨੂੰ ਵੱਖ ਕਰਦਾ ਹੈ। ਕੋਰਟ ਕੋਲ ਤੁਹਾਡੇ ਧਰਮ ਵਿੱਚਲੀਆਂ ਰਹੁ ਰੀਤਾਂ ਤੇ ਪਰੰਪਰਾ ਵਿੱਚ ਦਖਲ ਅੰਦਾਜੀ ਦਾ ਅਧਿਕਾਰ ਖੇਤਰ ਨਹੀਂ। ਪੰਜ ਪਿਆਰਾ ਸਿਧਾਂਤ ਇੱਕ ਇਕਾਈ ਹੈ ਤੇ ਇਸ ਵਿੱਚਲੇ ਸਿੰਘਾਂ ਦੀ ਸਰਬ-ਸੰਮਤੀ ਹੀ ਹੋਣੀ ਹੈ ਨਹੀਂ ਤਾਂ ਇਹ ਸਿਧਾਂਤ ਹੀ ਨਹੀਂ। ਕਾਰਪੋਰੇਸ਼ਨ ਕਾਨੂੰਨ ਉਸ ਵੇਲੇ ਲਾਗੂ ਹੁੰਦਾ ਹੈ ਜਦੋਂ ਬਾਈਲਾਜ਼ ਵਿੱਚ ਕੋਈ ਗੱਲ ਲਿਖੀ ਨਾ ਹੋਵੇ। ਬਾਸਾ ਤੇ ਗੁਰਮੀਤ ਸਿੰਘ ਕੋਰਟ ਨੂੰ ਇਹ ਕਹਿ ਰਹੇ ਹਨ ਕਿ ਬਾਈਲਾਜ਼ ਵਿੱਚ ਸਰਬ-ਸੰਮਤੀ ਬਾਰੇ ਲਿਖਿਆ ਨਹੀਂ ਤੇ ਸੰਭਵ ਹੈ ਕੋਰਟ ਨੇ ਕਾਰਪੋਰੇਸ਼ਨ ਕੋਡ ਲਾਗੂ ਕਰ ਦੇਣਾ ਹੈ ਜੋ ਕੈਲੀਫੋਰਨੀਆ ਵਿੱਚ ਬਹੁਸੰਮਤੀ ਦਾ ਹੈ।

ਉਸ ਤੋਂ ਅਗਲਾ ਪੜਾਅ ਇਹ ਹੋਵੇਗਾ ਕਿ ਇਹ ਪੰਜ ਪਿਆਰੇ ਨਹੀਂ ਬੋਰਡ ਆਫ ਡਾਇਰੈਕਟਰ ਹਨ। ਕਿਉਂਕਿ ਕਾਰਪੋਰੇਸ਼ਨ ਕੋਡ ਹੇਠ ਗੁਰਦੂਆਰਾ ਸਾਹਿਬ ਚਲਦਾ ਹੈ ਇਸ ਲਈ ਹਰ ਮੈਂਬਰ ਬੋਰਡ ਆਫ ਡਾਇਰੈਕਟਰ ਬਣ ਸਕਦਾ ਹੈ ਭਾਵ ਹਰ ਮੈਂਬਰ ਇਲੈਕਸ਼ਨ ਲੜ ਸਕਦਾ ਹੈ ਮਤਲਬ ਅੰਮ੍ਰਿਤਧਾਰੀ ਹੋਣ ਦੀ ਸ਼ਰਤ ਨਹੀਂ ਹੋਵੇਗੀ। ਇਹੀ ਗੱਲ ਬਾਈਲਾਜ਼ ਵਿੱਚ ਲਿਆਉਣ ਲਈ ਹਰਦੇਵ ਗਰੇਵਾਲ ਪਿਛਲੇ 32 ਸਾਲ ਤੋਂ ਕੋਸ਼ਿਸ਼ ਕਰ ਰਿਹਾ ਹੈ। ਉਸਦੀ ਚੰਗੀ ਗੱਲ ਇਹ ਹੈ ਕਿ ਉਹ ਇਹ ਗੱਲ ਲਕੋ ਕੇ ਨਹੀਂ ਕਹਿੰਦਾ ਉਹ ਇਸ ਗੱਲ ਨੂੰ ਠੀਕ ਮੰਨਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਇਹੀ ਗਰੇਵਾਲ਼, ਚਾਨਾ ਤੇ ਇਨਾਂ ਦੇ ਸਾਥੀਆਂ ਨੇ ਗੁਰਮੀਤ ਸਿੰਘ ਬਾਰੇ ਕੋਰਟ ਨੂੰ ਐਫੀਡੇਵਿਟ ਦੇ ਕੇ ਕਿਹਾ ਸੀ ਕਿ ਗੁਰਮੀਤ ਸਿੰਘ ਮਾੜਾ ਬੰਦਾ ਹੈ ਤੇ ਗੁਰਮੀਤ ਸਿੰਘ ਤੋਂ 30,000 ਡਾਲਰ ਲੈ ਕੇ ਸਮਝੌਤਾ ਕੀਤਾ ਸੀ। ਪਰ ਹੁਣ ਰਾਣੇ ਕਾਹਲੋਂ ਤੇ ਹਰਦੇਵ ਗਰੇਵਾਲ਼ ਨੇ ਗੁਰਮੀਤ ਸਿੰਘ ਦੀ ਬਾਂਹ ਮਰੋੜ ਲਈ ਹੈ ਤੇ ਉਹਨਾਂ ਨੂੰ ਲੱਗਦਾ ਕਿ ਹੁਣ ਉਹ ਇਹ ਸੰਵਿਧਾਨ ਵਿੱਚ ਤਬਦੀਲੀ ਲਿਆਉਣ ਤੋਂ ਬਿਨਾਂ ਕੋਰਟ ਰਾਹੀਂ ਪਿਛਲੇ ਰਸਤੇ (**back door**) ਆਪਣਾ ਕੰਮ ਕਢਾਉਣਾ ਚਾਹੁੰਦੇ ਹਨ। ਪਰ ਰੱਬ ਦੀ ਰਜ਼ਾ ਅਸੀਂ ਵੀ ਬੈਠੇ ਹਾਂ।

ਸਿੱਖਾਂ ਦਾ, ਇਤਿਹਾਸਕਾਰ ਮੈਕਲੋਇਡ, ਗੁਰਬਖਸ਼ ਸਿੰਘ ਕਾਲਾ ਅਫ਼ਗਾਨਾਂ ਅਤੇ ਕੁੱਝ ਮੌਜੂਦਾ ਪ੍ਰਚਾਰਕਾਂ ਨਾਲ ਇਹੀ ਝਗੜਾ ਹੈ, ਜਿਸਦੀਆਂ ਜੜਾਂ ਬਾਸਾ ਤੇ ਗੁਰਮੀਤ ਸਿੰਘ ਧੜਾ ਗੁਰਦੁਆਰਾ ਸਾਹਿਬ ਵਿੱਚ ਬੀਜ ਰਿਹਾ ਹੈ। ਇਹ ਇਤਿਹਾਸਕਾਰ ਕਹਿੰਦੇ ਸਨ ਕਿ ਸਿੱਖਾਂ ਦੀਆਂ ਬਹੁਤ ਸਾਰੀਆਂ ਪਰੰਪਰਾ ਦੇ ਕੋਈ ਤੱਥ/ਸਬੂਤ ਨਹੀਂ ਮਿਲਦੇ ਇਸ ਲਈ ਉਨਾਂ ਨੂੰ ਠੀਕ ਨਹੀਂ ਕਿਹਾ ਜਾ ਸਕਦਾ ਜਾਂ ਇਹ ਲੋਕ ਕਿਸੇ ਇੱਕ ਲਿਖਾਰੀ ਦੇ ਤੱਥ ਚੱਕ ਕੇ ਪਰੰਪਰਾ ਨੂੰ ਨਿਕਾਰਦੇ ਹਨ ਕਿ ਸਬੂਤ ਮਿਲ ਗਿਆ ਹੈ ਕਿ ਇਹ ਉਸ ਵੇਲੇ ਪ੍ਰਚਲਤ ਨਹੀਂ ਸੀ ਜਾਂ ਇਹ ਘਟਨਾ ਹੋਈ ਹੀ ਨਹੀਂ ਆਦਿ।

ਅਸੀਂ ਹੁਣ ਗੱਲ ਸੰਗਤ ਸਾਹਮਣੇ ਰੱਖਣੀ ਚਾਹੁੰਦੇ ਹਾਂ। ਅਸੀਂ ਸਿੱਖ ਸਿਧਾਂਤ ਨੂੰ ਢਾਹ ਲਾਉਣ ਵਾਲੀ ਗੱਲ ਤੇ ਕੋਈ ਸਮਝੌਤਾ ਨਹੀਂ ਕਰਾਂਗੇ।ਇਨਾਂ ਨੂੰ ਕੇਸ ਲੜਨ ਦੀ ਖੁੱਲ ਹੈ, ਅਸੀਂ ਉਨੀ ਦੇਰ ਕੇਸ ਵਾਪਸ ਨਹੀਂ ਲਵਾਂਗੇ ਜਿੰਨੀ ਦੇਰ ਹੇਠ ਲਿਖੀ ਕਿਸੇ ਇੱਕ ਤੇ ਇਹ ਸਹਿਮਤੀ ਨਹੀਂ ਕਰਦੇ।

**Option 1.** Need to write Panj Pyara (Supreme council) not Board of Directors.

**Option 2.** The election will be held as per Gurdwara bylaws II AND IIA



Superior Court of California, County of Alameda
Rene C. Davidson Alameda County Courthouse

| | |
|---|---|
| Singh<br>Petitioner(s)<br>v.<br>Singh<br>Respondent(s)<br>(Abbreviated Title) | No. HG19024582<br>Further Order Re: OSC re Preliminary Injunction |

On December 6, 2019, the Court ordered further briefing and a continued hearing on the pending application for a preliminary injunction and other orders by Respondents and Cross-Complainants Kuljit Singh, Arvinder Kaur and Harminder Kaur (collectively "KAH") concerning Respondents and Cross-Defendants Jaswinder Singh and Harinderpal Singh (collectively "JH") and real party in interest Sikh Temple – San Francisco Bay Area, Inc. (the "Temple").

The court, having considered the papers submitted by both KAH and JH, as well as arguments and offers of proof by both sides during various telephonic conferences, orders as follows:

1. Election. On March 8, 2020, tThere will be an election of a new ~~Panj Pyara~~ ~~(~~"Supreme Council~~") (the "Board")~~, which functions as the Board of Directors of the Temple ~~on March 8, 2020~~.

*ਖਾਲਸਾ-ਬਾਸਾ ਧੜੇ ਵੱਲੋਂ ਕੋਰਟ ਨੂੰ 'ਪੰਜ ਪਿਆਰਾ' ਸਬਦ ਨੂੰ ਕੱਟਨ ਨੂੰ ਕਿਹਾ ਹੈ ਤਾਂ ਜੋ ਗੁਰਦੂਆਰਾ ਸਾਹਿਬ ਧਾਰਮਿਕ ਪਰੰਪਰਾਵਾਂ ਦੀ ਜਗ੍ਹਾ ਕਾਰਪੋਰੇਸਨ ਕਨੂੰਨ ਹੇਠ ਚੱਲੇ*

# 'ਸਾਂਝੀ ਸੋਚ' ਅਖਬਾਰ ਦਾ ਸਲਾਨਾ ਸਮਾਗਮ ਯਾਦਗਾਰੀ ਹੋ ਨਿਬੜਿਆ





**ਟਰੇਸੀ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਕੈਲੀਫੋਰਨੀਆ ਵਿੱਚ ਛਪਦੇ ਹਫਤਾਵਾਰੀ 'ਸਾਂਝੀ ਸੋਚ' ਅਖਬਾਰ ਦੇ ਮੁੱਖ ਸੰਪਾਦਕ ਅਤੇ ਪ੍ਰਬੰਧਕ ਬੂਟਾ ਸਿੰਘ ਬਾਸੀ ਵੱਲੋਂ ਆਪਣੇ ਅਖਬਾਰ ਦੀ ਸਫਲਤਾ 'ਤੇ ਸੱਤਵਾਂ ਸਲਾਨਾ ਪ੍ਰੋਗਰਾਮ ਬਹੁਤ ਸਫਲਤਾ ਨਾਲ ਟਰੇਸੀ ਸ਼ਹਿਰ ਵਿੱਚ ਕਰਵਾਇਆ ਗਿਆ। ਜਿਸ ਵਿੱਚ ਬਹੁਤ ਸਾਰੀਆਂ ਪੰਜਾਬੀ ਮੀਡੀਆ ਨੂੰ ਪਿਆਰ ਕਰਨ ਵਾਲੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਜਿਸ ਦੌਰਾਨ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਦਾ ਸਨਮਾਨ ਅਤੇ ਧੰਨਵਾਦ ਕੀਤਾ ਗਿਆ। ਇਸ ਦੌਰਾਨ ਮਨੋਰੰਜਨ ਲਈ ਗੀਤ-ਸੰਗੀਤ ਦਾ ਵੀ ਉਚੇਚਾ ਪ੍ਰਬੰਧ ਕੀਤਾ ਗਿਆ ਸੀ। ਜਿਸ ਵਿੱਚ ਗਾਇਕ ਜੀਤਾ ਗਿੱਲ ਅਤੇ ਗਾਇਕਾ ਸਾਰਿਕਾ ਗਿੱਲ ਤੋਂ ਇਲਾਵਾ ਬਹੁਤ ਸਾਰੇ ਗਾਇਕਾਂ ਨੇ ਰੌਣਕਾਂ ਲਾਈਆਂ। ਮਡੈਸ਼ਟੋ ਸ਼ਹਿਰ ਦੇ ਵਸਨੀਕ ਕੌਂਸ਼ਲ ਮੈਂਬਰ ਅਤੇ ਸੈਨਿਟ ਡਿਸਟ੍ਰਕਟ 5 ਦੇ ਅਗਲੇ ਉਮੀਦਵਾਰ ਮਨੀ ਗਰੇਵਾਲ ਨੇ ਵੀ ਬੋਲਦੇ ਹੋਏ ਆਪਣੀ ਹਾਜ਼ਰੀ ਭਰੀ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਸਹਿਯੋਗ ਦੀ ਮੰਗ ਕੀਤੀ। ਇਸ ਤੋਂ ਇਲਾਵਾ ਪ੍ਰੋਗਰਾਮ ਦੌਰਾਨ ਸ. ਪਰਮਜੀਤ ਸਿੰਘ ਸੇਖੋਂ ਦਾਖਾਂ, ਡਾ. ਦਲਵੀਰ ਪੰਨੂੰ, ਫਰਿਜ਼ਨੋ ਤੋਂ ਇੰਡੀਅਨ ਕਾਂਗਰਸ ਉਵਰਸੀਅ ਦੇ ਪ੍ਰਧਾਨ ਪਾਲ ਸਹੋਤਾ ਅਤੇ ਬਹੁਤ ਸਾਰੇ ਬੁਲਾਰਿਆਂ ਨੇ ਬੋਲਦੇ ਹੋਏ ਅਦਾਰਾ 'ਸਾਂਝੀ ਸੋਚ' ਨੂੰ ਵਧਾਈ ਦਿੱਤੇ। ਬੇਸੱਕ ਸਮੇਂ ਦੀ ਘਾਟ ਹੋਣ ਕਰਕੇ ਬਹੁਤ ਸਾਰੇ ਬੁਲਾਰਿਆਂ ਨੂੰ ਸਮਾਂ ਨਹੀਂ ਮਿਲਿਆ, ਪਰ ਪ੍ਰੋਗਰਾਮ ਦਾ ਅਨੰਦ ਹਾਜ਼ਰ ਸਥਾਨਕ ਮੀਡੀਏ ਨਾਲ ਸਬੰਧਤ ਪੱਤਰਕਾਰਾਂ ਨੇ ਹਾਜ਼ਰੀਨ ਨਾਲ ਰਲਕੇ ਖੂਬ ਮਾਣਿਆ। ਇਸ ਸਮੇਂ ਡਾ. ਦਲਵੀਰ ਪੰਨੂੰ ਦੀ ਪੁਸਤਕ 'ਦਾ ਸਿੱਖ ਹੈਰੀਟੇਜ਼' ਰਿਲੀਜ਼ ਕਰਨ ਤੋਂ ਇਲਾਵਾ ਰਾਜਨੀਤਕ ਅਤੇ ਧਾਰਮਿਕ ਸੰਸਥਾਵਾਂ ਦੇ ਆਗੂਆਂ ਨੇ ਵਿਚਾਰਾਂ ਦੀ ਸਾਂਝ ਪਾਈ। ਹਾਜ਼ਰੀਨ ਲਈ ਸੁਆਦਿਸ਼ਟ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਲਾਕੇ ਦੀਆਂ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਬੂਟਾ ਸਿੰਘ ਬਾਸੀ ਨੂੰ ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਪੰਜਾਬੀਅਤ ਦੇ ਮਾਣ ਬੀਬੀ ਆਸ਼ਾ ਸਰਮਾ ਨੇ ਬਾਖੂਬੀ ਸਾਇਰਾਨਾ ਅੰਦਾਜ ਵਿੱਚ ਕੀਤਾ। ਜਦ ਕਿ ਇਸ ਦੌਰਾਨ ਸਮੇਂ-ਸਮੇਂ ਬੂਟਾ ਬਾਸੀ ਨੇ ਵੀ ਉਨਾਂ ਦਾ ਸਾਥ ਦਿੱਤਾ। ਅੰਤ ਵਿੱਚ ਫਰੀ ਰੈਂਫਲ ਡਰਾਅ ਕੱਢੇ ਗਏ ਅਤੇ ਬੂਟਾ ਸਿੰਘ ਬਾਸੀ ਨੇ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਅਦਾਰਾ ਸਾਂਝੀ ਸੋਚ ਅਤੇ ਬੂਟਾ ਸਿੰਘ ਵਧਾਈ ਦੇ ਪਾਤਰ ਹਨ।

# ਪੈਰੋਲ ਮਿਲਣ ਮਗਰੋਂ ਘਰ ਪੁੱਜੇ ਭਾਈ ਦਯਾ ਸਿੰਘ

**ਸੰਦੌੜ/ਏ.ਟੀ.ਨਿਊਜ਼:** ਤਿਹਾੜ ਜੇਲ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਿੱਖ ਕੈਦੀ ਦਯਾ ਸਿੰਘ ਲਾਹੌਰੀਆ ਪੈਰੋਲ ਮਿਲਣ ਤੋਂ ਬਾਅਦ ਕਰੀਬ 30 ਸਾਲ ਬਾਅਦ ਆਪਣੇ ਜੱਦੀ ਘਰ ਪਹੁੰਚ ਗਏ। ਸ੍ਰੀ ਲਾਹੌਰੀਆ ਪਿੱਛਲੇ ਕਰੀਬ 25 ਸਾਲ ਤੋਂ ਦੇਸ਼ ਦੀਆਂ ਵੱਖ ਵੱਖ ਜੇਲਾਂ ਵਿੱਚ ਨਜ਼ਰਬੰਦ ਰਹੇ। ਉਨਾਂ ਨੂੰ ਪੁੱਤਰ ਦੇ ਵਿਆਹ ਲਈ 20 ਦਿਨ ਦੀ ਪੈਰੋਲ ਦਿੱਤੀ ਗਈ ਹੈ। 14 ਫਰਵਰੀ ਨੂੰ ਲਾਹੌਰੀਆ ਦੇ ਪੁੱਤਰ ਸੁਰਿੰਦਰ ਸਿੰਘ ਸੰਧੂ (ਅਮਰੀਕਾ) ਦਾ ਵਿਆਹ ਹੈ। ਸ੍ਰੀ ਲਾਹੌਰੀਆ ਨੂੰ ਮਿਲਣ ਲਈ ਉਨਾਂ ਦੇ ਕਈ ਰਿਸ਼ਤੇਦਾਰ ਅਤੇ ਸਿੱਖ ਆਗੂ ਉਨਾਂ ਦੇ ਘਰ ਪਹੁੰਚੇ। ਇਸ ਦੌਰਾਨ ਦਯਾ ਸਿੰਘ ਲਾਹੌਰੀਆ ਨੇ ਮੀਡੀਆ ਨਾਲ ਕੋਈ ਗੱਲਬਾਤ ਨਹੀਂ ਕੀਤੀ। ਉਨਾਂ ਘਰ ਦੇ ਬਾਹਰ ਸੰਦੌੜ ਪੁਲੀਸ ਦੇ ਕੁਝ ਮੁਲਾਜ਼ਮ ਵੀ ਬੈਠੇ ਸਨ। ਪਿੰਡ ਦੇ ਲੋਕਾਂ ਅਨੁਸਾਰ ਭਾਈ ਲਾਹੌਰੀਆ ਨੂੰ ਕਰੀਬ 30 ਸਾਲ ਬਾਅਦ ਆਪਣੇ ਜੱਦੀ ਘਰ ਆਉਣ ਦਾ ਮੌਕਾ ਮਿਲਿਆ ਹੈ। ਪੁੱਤਰ ਦੇ ਵਿਆਹ ਸਮਾਗਮ ਸਬੰਧੀ ਉਨਾਂ ਦੇ ਘਰ ਸ੍ਰੀ ਅਖੰਠ ਪਾਠ ਸਾਹਿਬ ਆਰੰਭ ਹੋ ਗਏ।

# ਢੱਡਰੀਆਂ ਵਾਲਾ ਵਿਵਾਦ ਖਤਮ ਕਰਨ ਲਈ ਸਹਿਯੋਗ ਕਰੇ: ਲੌਂਗੋਵਾਲ



**ਪਾਤੜਾਂ/ਏ.ਟੀ.ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਵਿਵਾਦ ਕਿਸੇ ਵੀ ਕੌਮ ਲਈ ਨੁਕਸਾਨਦੇਹ ਹੁੰਦਾ ਹੈ, ਇਸ ਲਈ ਰਣਜੀਤ ਸਿੰਘ ਢੱਡਰੀਆਂਵਾਲੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਨਮਾਨ ਕਰਦਿਆਂ ਜਥੇਦਾਰ ਵੱਲੋਂ ਸਿੱਖ ਵਿਦਵਾਨਾਂ 'ਤੇ ਆਧਾਰਤ ਬਣਾਈ ਗਈ ਪੰਜ ਮੈਂਬਰੀ ਕਮੇਟੀ ਸਾਹਮਣੇ ਪੇਸ਼ ਹੋਣਾ ਚਾਹੀਦਾ ਹੈ ਤੇ ਵਿਚਾਰ ਵਟਾਂਦਰਾ ਕਰ ਕੇ ਮਾਮਲੇ ਦਾ ਹੱਲ ਕਰਨਾ ਚਾਹੀਦਾ ਹੈ। ਸ੍ਰੀ ਲੌਂਗੋਵਾਲ ਬਹਿਰ ਸਾਹਿਬ ਵਿਖੇ ਗੁਰਦੁਆਰਾ ਗੁਰੂ ਤੇਗ਼ ਬਹਾਦਰ ਸਾਹਿਬ ਦੀ ਨਵੀਂ ਬਣਾਈ ਜਾਣ ਵਾਲੀ ਕਾਰ ਪਾਰਕਿੰਗ ਦਾ ਨੀਂਹ ਪੱਥਰ ਰੱਖਣ ਮਗਰੋਂ ਗੱਲਬਾਤ ਕਰ ਰਹੇ ਸਨ।

# ਅਮਰੀਕਨ ਸਫਾਰਤਖਾਨੇ ਵਿਚ ਨਾਬਾਲਗ ਨਾਲ ਜਬਰ ਜਨਾਹ ਦੇ ਮਾਮਲੇ ’ਚ 25 ਸਾਲਾ ਨੌਜਵਾਨ ਗ੍ਰਿ਼ਫਤਾਰ

**ਨਵੀਂ ਦਿੱਲੀ/ਏ.ਟੀ.ਨਿਊਜ਼:** ਇੱਥੇ ਅਮਰੀਕਨ ਸਫ਼ਾਰਤਖਾਨੇ ਦੇ ਰਿਹਾਇਸ਼ੀ ਇਲਾਕੇ ਵਿਚ ਇਕ ਪੰਜ ਸਾਲਾ ਨਾਬਾਲਗ ਬੱਚੀ ਨਾਲ ਜਬਰ ਜਿਨਾਹ ਦੇ ਮਾਮਲੇ ਵਿਚ ਪੁਲਿਸ ਨੇ ਇਕ 25 ਸਾਲਾ ਨੌਜਵਾਨ ਨੂੰ ਗ੍ਰਿ਼ਫਤਾਰ ਕੀਤਾ ਹੈ।

ਇਕ ਖ਼ਬਰ ਏਜੰਸੀ ਅਨੁਸਾਰ ਇਹ ਘਟਨਾ ਦੂਤਘਰ ਦੇ ਸਖਤ ਸੁਰੱਖਿਆ ਪ੍ਰਬੰਧ ਵਾਲੇ ਇਲਾਕੇ ਵਿਚ ਵਾਪਰੀ, ਜਿੱਥੇ ਸਫਾਰਤਖਾਨੇ ਦੇ ਸਫ਼ਾਈ ਮੁਲਾਜ਼ਮਾਂ ਦੇ ਰਿਹਾਇਸ਼ੀ ਕੁਆਰਟਰਜ਼ ਹਨ। ਦਿੱਲੀ ਪੁਲਿਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਡਾਕਟਰੀ ਰਿਪੋਰਟ ਅਨੁਸਾਰ ਬਲਾਤਕਾਰ ਦੀ ਪੁਸ਼ਟੀ ਹੋਈ ਹੈ ਅਤੇ ਦੋਸ਼ੀ ਖਿਲਾਫ਼ ਬਾਲ ਬਲਾਤਕਾਰ ਸਬੰਧੀ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਕਾਬਿਲ ਏ ਜ਼ਿਕਰ ਹੈ ਕਿ ਜਿਸ ਇਲਾਕੇ ਵਿਚ ਇਹ ਘਟਨਾ ਵਾਪਰੀ ਹੈ ਇਹ ਸਭ ਤੋਂ ਵੱਧ ਸੁਰੱਖਿਅਤ ਇਲਾਕਾ ਸਮਝਿਆ ਜਾਂਦਾ ਹੈ ਜਿੱਥੇ ਹਰ ਸਮੇਂ ਸੁਰੱਖਿਆ ਦਸਤੇ ਤਾਇਨਾਤ ਰਹਿੰਦੇ ਹਨ। ਅਮਰੀਕਨ ਸਫਾਰਤਖਾਨੇ ਦੇ ਇਕ ਬੁਲਾਰੇ ਨੇ ਨਵੀਂ ਦਿੱਲੀ ਵਿਚ ਦੱਸਿਆ ਕਿ ਇਸ ਘਟਨਾ ਕਾਰਨ ਉਨਾਂ ਨੂੰ ਬਹੁਤ ਠੇਸ ਪਹੁੰਚੀ ਹੈ ਅਤੇ ਇਸ ਮਾਮਲੇ ਵਿਚ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਪੀੜਤ ਨੂੰ ਹਰ ਤਰਾਂ ਦੀ ਡਾਕਟਰੀ ਸਹਾਇਤਾ ਦਿੱਤੀ ਜਾ ਰਹੀ ਹੈ। ਅਮਰੀਕਨ ਦੂਤਘਰ ਵਲੋਂ ਇਸ ਮਾਮਲੇ ਵਿਚ ਤਫ਼ਤੀਸ਼ ਲਈ ਦਿੱਲੀ ਪੁਲਿਸ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਭਾਰਤ ਇਸ ਸਮੇਂ ਬਲਾਤਕਾਰ ਅਤੇ ਔਰਤਾਂ ਖਿਲਾਫ਼ ਅੱਤਿਆਚਾਰਾਂ ਦੇ ਕੇਸਾਂ ਦੀ ਤੇਜ਼ੀ ਨਾਲ ਵਧ ਰਹੀ ਗਿਣਤੀ ਦੀ ਜ਼ਲਾਲਤ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਨਾਂ ਘਟਨਾਵਾਂ ਨੂੰ ਰੋਕਣ ਲਈ ਜੱਦੋ ਜਹਿਦ ਕਰ ਰਿਹਾ ਹੈ। ਸਰਕਾਰੀ ਸੂਤਰਾਂ ਅਨੁਸਾਰ ਸਾਲ 2018 ਵਿਚ ਭਾਰਤ ਵਿਚ ਬਲਾਤਕਾਰ ਦੀਆਂ 34000 ਘਟਨਾਵਾਂ ਵਾਪਰੀਆਂ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਜਬਰ ਜਨਾਹ ਦੇ ਪੀੜਤ ਬੱਚੇ ਅਕਸਰ ਅਜਿਹੀ ਕਰਤੂਤ ਕਰਨ ਵਾਲੇ ਦੇ ਜਾਣਕਾਰ ਜਾਂ ਪਰਿਵਾਰਕ ਸਬੰਧਤਾਂ ਵਿਚੋਂ ਹੁੰਦੇ ਹਨ ਇਸ ਲਈ ਕਈ ਵਾਰ ਅਜਿਹੀਆਂ ਘਟਨਾਵਾਂ ਦੀ ਰਿਪੋਰਟ ਵੀ ਦਰਜ ਨਹੀਂ ਹੁੰਦੀ।

# ਸਿਆਟਲ ਦੇ ਚੰਡੀਗੜ ਵਿਚ ਧਾਰਮਿਕ ਸਮਾਗਮ ’ਚ ਸਰਬੱਤ ਦੇ ਭਲੇ ਲਈ ਅਰਦਾਸ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਗੁਰਦੁਆਰਾ ਸੱਚਾ ਮਾਰਗ ਐਬਰਨ ਦੇ ਨਾਲ ਲਗਦੀ ਕਾਲੋਨੀ ਜਿੱਥੇ ਪੰਜਾਬੀ ਭਾਈਚਾਰੇ ਦੇ ਜਿਆਦਾ ਲੋਕ ਵਸ ਰਹੇ ਹਨ, ਚੰਡੀਗੜ ਕਾਲੋਨੀ ਵਜੋਂ ਮਸ਼ਹੂਰ ਹੈ। ਸਿਆਟਲ ਦੇ ਚੰਡੀਗੜ ਵਿਚ ਵਸਦੇ ਗੁਰਵਿੰਦਰ ਸਿੰਘ ਤੇ ਬੀਬੀ ਜਸਬੀਰ ਕੌਰ ਨੇ ਆਪਣੀ ਸਾਲਗਰਾਹ ਮੌਕੇ ਧਾਰਮਿਕ ਸਮਾਗਮ ਆਯੋਜਿਤ ਕੀਤਾ ਜਿਥੇ ਸਾਰੇ ਦੋਸਤਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਤੋਂ ਇਲਾਵਾ ਚੰਡੀਗੜ ਵਿਚ ਵਸਦੇ ਪਰਿਵਾਰਾਂ ਨੂੰ ਵੀ ਬੁਲਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ, ਭਾਈ ਖੱਲਦਲ ਸਿੰਘ ਬੋਥਲ ਦਾ ਕੀਰਤਨੀ ਜੱਥਾ, ਭਾਈ ਧਰਮਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਕਾ ਜਸ ਗਾਇਨ ਕੀਤਾ। ਅਖੀਰ ਵਿਚ ਸਰਬੱਤ ਦੇ ਭਲੇ ਲਈ ਭਾਈ ਦਵਿੰਦਰ ਸਿੰਘ ਨੇ ਅਰਦਾਸ ਕੀਤੀ। ਪਰਿਵਾਰ ਵਲੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ ਗਈ। ਸਿਆਟਲ ਦੇ ਚੰਡੀਗੜ ਦੇ ਪਰਿਵਾਰਾਂ ਨੇ ਮਿਲ ਕੇ ਇਕ ਦੂਸਰੇ ਦੀ ਮਦਦ ਅਤੇ ਕਾਲੋਨੀ ਦੇ ਵਿਕਾਸ ਲਈ ਵਿਚਾਰ ਵਟਾਂਦਰਾ ਕੀਤਾ।

# ਸ਼ਾਹੀਨ ਸਕੂਲ ਦੇ ਬੱਚੇ ਦੇਸ਼ ਧ੍ਰੋਹੀ ?

**ਕਰਨਾਟਕ/ਏ.ਟੀ.ਨਿਊਜ਼:** ਦੇ ਸ਼ਹਿਰ ਬਿਦਰ ਵਿਚ ਸ਼ਾਹੀਨ ਉਰਦੂ ਪ੍ਰਾਇਮਰੀ ਸਕੂਲ ਵਿਚ ਸਕੂਲ ਦੀ ਮੁੱਖ ਅਧਿਆਪਕਾ ਫਰੀਦਾ ਬੇਗ਼ਮ ਅਤੇ ਪੰਜ ਸਾਲਾ ਵਿਦਿਆਰਥਣ ਦੀ ਮਾਤਾ ਨਜ਼ਮੁਨ ਨਿਸਾ ਨੂੰ ਇਸ ਲਈ ਗ੍ਰਿ਼ਫਤਾਰ ਕਰ ਲਿਆ ਗਿਆ ਕਿ ਸਕੂਲ ਵਿਚ ਹੋਏ ਨਾਟਕ ਵਿਚ ਨਜ਼ਮੁਨ ਨਿਸਾ ਦੀ ਬੇਟੀ ਨੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਕੁਝ ਸੰਵਾਦ ਬੋਲੇ ਸਨ। ਪੁਲੀਸ ਦਾ ਕਹਿਣਾ ਹੈ ਕਿ ਨਜ਼ਮੁਨ ਨਿਸਾ ਨੂੰ ਇਸ ਲਈ ਗ੍ਰਿ਼ਫਤਾਰ ਕੀਤਾ ਗਿਆ ਕਿਉਂਕਿ ਉਸ ਨੇ ਆਪਣੀ ਬੇਟੀ ਨੂੰ ਇਹੋ ਜਿਹੇ ਸੰਵਾਦ ਸਿਖਾਏ ਸਨ ਜਿਨਾਂ ਵਿਚ ‘ਜੂਤੇ ਮਾਰੇਂਗੇ’ ਸ਼ਬਦ ਆਉਂਦੇ ਹਨ। ਖ਼ਬਰਾਂ ਅਨੁਸਾਰ ਇਹ ਨਾਟਕ 21 ਜਨਵਰੀ ਨੂੰ ਮੰਚ ’ਤੇ ਪੇਸ਼ ਕੀਤਾ ਗਿਆ ਤੇ 26 ਜਨਵਰੀ ਨੂੰ ਇਕ ਤਥਾਕਥਿਤ ਸਮਾਜਿਕ ਕਾਰਕੁਨ ਦੀ ਸ਼ਿਕਾਇਤ ’ਤੇ ਸਕੂਲ ਦੀ ਮੁੱਖ ਅਧਿਆਪਕਾ ਤੇ ਹੋਰਨਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਜਿਸ ਵਿਚ ਦੇਸ਼ਧ੍ਰੋਹ ਦੇ ਦੋਸ਼ ਲਾਏ ਗਏ। ਇਕ ਸਕੂਲ ਅਧਿਕਾਰੀ ਅਨੁਸਾਰ ਪੁਲੀਸ ਨੇ ਉਨਾਂ ਸਾਰਿਆਂ ਵਿਦਿਆਰਥੀਆਂ ਜਿਨਾਂ ਨਾਟਕ ਵਿਚ ਹਿੱਸਾ ਲਿਆ ਅਤੇ ਨਾਟਕ ਦੇਖਿਆ, ਤੋਂ ਪੁੱਛਗਿੱਛ ਕੀਤੀ। ਪੁੱਛਗਿੱਛ ਸਮੇਂ ਅਧਿਆਪਕ ਜਾਂ ਵਿਦਿਆਰਥੀ ਦੇ ਮਾਪਿਆਂ ਵਿਚੋਂ ਕੋਈ ਵੀ ਹਾਜ਼ਰ ਨਹੀਂ ਸੀ। ਲਗਭੱਗ 60 ਬੱਚਿਆਂ ਤੋਂ ਕਈ ਘੰਟਿਆਂ ਤਕ ਸਵਾਲ ਪੁੱਛੇ ਗਏ। ਇਨਾਂ ਵਿਚੋਂ ਕਈਆਂ ਦੀ ਉਮਰ 9 ਸਾਲ ਤੋਂ ਘੱਟ ਸੀ। ਸਕੂਲ ਅਧਿਕਾਰੀ ਅਨੁਸਾਰ ਬੱਚਿਆਂ ਵਿਚ ਵੱਡੀ ਪੱਧਰ ’ਤੇ ਡਰ ਤੇ ਸਹਿਮ ਹੈ।

ਉੱਤਰ ਪ੍ਰਦੇਸ਼ ਵਿਚ ਵੀ ਔਰਤਾਂ ਨੂੰ ਕੌਮੀ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅੰਦੋਲਨ ਕਰਨ ਲਈ ਗ੍ਰਿ਼ਫਤਾਰ ਕੀਤਾ ਗਿਆ ਹੈ। ਬਿਦਰ ਵਿਚ ਗ੍ਰਿ਼ਫਤਾਰੀਆਂ ਇਸ ਲਈ ਜ਼ਿਆਦਾ ਹੈਰਾਨੀਜਨਕ ਹਨ ਕਿਉਂਕਿ ਮੁੱਖ ਅਧਿਆਪਕਾ ਅਤੇ ਮਾਂ ਨੂੰ ਇਸ ਲਈ ਗ੍ਰਿ਼ਫਤਾਰ ਕੀਤਾ ਗਿਆ ਕਿ ਇਕ ਬੱਚੀ ਨੇ ਇਸ ਕਾਨੂੰਨ ਵਿਰੁੱਧ ਕੁਝ ਸੰਵਾਦ ਬੋਲੇ। ਦੂਸਰੇ ਪਾਸੇ ਦਿੱਲੀ ਚੋਣਾਂ ਦੇ ਪ੍ਰਚਾਰ ਵਿਚ ਕਈ ਕੇਂਦਰੀ ਮੰਤਰੀ, ਮੁੱਖ ਮੰਤਰੀ ਤੇ ਆਗੂ ਹਿੰਸਕ, ਗੈਰ ਸੰਵਿਧਾਨਿਕ, ਗ਼ੈਰ ਕਾਨੂੰਨੀ ਭਾਸ਼ਣ ਕਰ ਰਹੇ ਹਨ ਤੇ ਗੋਲੀਆਂ ਨਾਲ ਉਡਾਉਣ ਦੀਆਂ ਧਮਕੀਆਂ ਦੇ ਰਹੇ ਹਨ। ਭਾਵੇਂ ਕੇਂਦਰੀ ਚੋਣ ਕਮਿਸ਼ਨ ਨੇ ਕੁਝ ਆਗੂਆਂ ਨੂੰ ਸਟਾਰ ਪ੍ਰਚਾਰਕਾਂ ਦੀ ਸੂਚੀ ਤੋਂ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ ਪਰ ਕਮਿਸ਼ਨ ਨੇ ਦਿੱਲੀ ਪੁਲੀਸ ਨੂੰ ਅਜਿਹੇ ਆਗੂਆਂ ਵਿਰੁੱਧ ਕਾਨੂੰਨੀ ਕਾਰਵਾਈ ਲਈ ਨਹੀਂ ਕਿਹਾ। ਇਕ ਪਾਸੇ ਬੱਚਿਆਂ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ, ਦੂਜੇ ਪਾਸੇ ਜ਼ਹਿਰੀਲੇ ਬਿਆਨ ਦੇਣ ਵਾਲੇ ਭਗਵੇਂ ਆਗੂਆਂ ਨੂੰ ਅਜਿਹੇ ਬਿਆਨ ਦੇਣ ਦੀ ‘ਆਜ਼ਾਦੀ’ ਹੈ।

ਬਿਦਰ ਦੀ ਪੁਲੀਸ ਤਫ਼ਤੀਸ਼ ਕਰਦਿਆਂ ਵਿਦਿਆਰਥੀਆਂ ਤੇ ਹੋਰਨਾਂ ਤੋਂ ਇਹ ਪੁੱਛ ਰਹੀ ਹੈ ਕਿ ਇਹ ਨਾਟਕ ਕਰਨ ਦੀ ਸਾਜ਼ਿਸ਼ ਕਿੱਥੇ ਤੇ ਕਿਵੇਂ ਰਚੀ ਗਈ। ਨਾਟਕ ਦੀ ਤਿਆਰੀ ਕਿੱਥੇ ਕੀਤੀ ਗਈ? ਪੁਲੀਸ ਨੂੰ ਕੋਈ ਕਿਵੇਂ ਸਮਝਾ ਸਕਦਾ ਹੈ ਕਿ ਇਹ ਨਾਟਕ ਕਰਨ ਦੀ ਸਾਜ਼ਿਸ਼ ਉਨਾਂ ਨੇ ਰਚੀ ਜਿਨਾਂ ਨੇ ਅਜਿਹਾ ਕਾਨੂੰਨ ਬਣਾਉਣ ਬਾਰੇ ਸੋਚਿਆ ਜਿਸ ਰਾਹੀਂ ਨਾਗਰਿਕਤਾ ਨੂੰ ਧਰਮ ਨਾਲ ਜੋੜਿਆ ਗਿਆ। ਇਹ ਸਵਾਲ ਵੀ ਪੁੱਛਿਆ ਜਾਣਾ ਚਾਹੀਦਾ ਹੈ ਕੀ ਹੁਣ ਇਸ ਦੇਸ਼ ਵਿਚ ਕਿਸੇ ਕਾਨੂੰਨ ਜਾਂ ਵਿਚਾਰ ਦੇ ਵਿਰੁੱਧ ਨਾਟਕ ਕਰਨਾ ਜੁਰਮ ਹੈ। ਦੱਸਿਆ ਜਾ ਰਿਹਾ ਹੈ ਕਿ ਬੱਚਿਆਂ ਦੇ ਮਾਪਿਆਂ ਨੇ ਬੱਚਿਆਂ ਦੀ ਇਸ ‘ਹਰਕਤ’ ਬਾਰੇ ਮੁਆਫ਼ੀ ਮੰਗੀ ਹੈ। ਉਹ ਹੋਰ ਕਰ ਵੀ ਕੀ ਸਕਦੇ ਸਨ?


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਪੰਥਕ ਸੰਸਥਾਵਾਂ ਆਤਿਸ਼ਬਾਜ਼ੀ ਤੇ ਲਗਾਉਣ ਰੋਕ: ਜਥੇਦਾਰ ਜਗਤਾਰ ਸਿੰਘ ਹਵਾਰਾ

## ਤਰਨ ਤਾਰਨ ਨਗਰ ਕੀਰਤਨ ਦੌਰਾਨ ਬੰਬ ਧਮਾਕਾ ਮੰਦਭਾਗਾ

**ਅੰਮ੍ਰਿਤਸਰ/ਪ੍ਰੋ. ਬਲਜਿੰਦਰ ਸਿੰਘ:** ਸਰਬੱਤ ਖਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੇ 8 ਫਰਵਰੀ ਨੂੰ ਗੁਰਦੁਆਰਾ ਜਨਮ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਪੂਹਵਿੰਡ ਤੋਂ ਗੁਰਦੁਆਰਾ ਟਾਹਲਾ ਸਾਹਿਬ ਚੱਬਾ ਵਿਖੇ ਜਾ ਰਹੇ ਨਗਰ ਕੀਰਤਨ ਦੌਰਾਨ ਵਾਪਰੇ ਹਾਦਸੇ ਕਾਰਨ ਹੋਏ ਜਾਨੀ ਨੁਕਸਾਨ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਕਿਹਾ, "ਅਸੀਂ ਉਨਾਂ ਪਰਿਵਾਰਾਂ ਨਾਲ ਇਸ ਦੁੱਖ ਦੀ ਘੜੀ ਵਿੱਚ ਨਾਲ ਖੜੇ ਹਾਂ ਅਤੇ ਹਮਦਰਦੀ ਜ਼ਾਹਿਰ ਕਰਦੇ ਹਾਂ।" ਇਸ ਹਾਦਸੇ ਨੇ ਸਿੱਖਾਂ ਦੀਆਂ ਕੇਂਦਰੀ ਸੰਸਥਾਵਾਂ ਦੀ ਕਾਰਜਸ਼ੀਲਤਾ ਅਤੇ ਗੁਰਮਤਿ ਤੋਂ ਉਲਟ ਚੱਲ ਪਏ ਰੁਝਾਨ ਵੱਲ ਸਾਰੇ ਪੰਥ ਦਾ ਧਿਆਨ ਖਿੱਚਿਆ ਹੈ।



ਸਿੱਖ ਪੰਥ ਅੰਦਰ ਇਤਿਹਾਸਕ ਮੌਕਿਆਂ ਉੱਪਰ ਆਤਿਸ਼ਬਾਜ਼ੀ ਕੀਤੇ ਜਾਣ ਦਾ ਗੁਰਮਤਿ ਵਿਰੋਧੀ ਵਰਤਾਰਾ ਕਦੋਂ ਆਰੰਭ ਹੋਇਆ ਇਹ ਤਾਂ ਖੋਜ ਦਾ ਵਿਸ਼ਾ ਹੈ। ਪਰ ਦੁੱਖ ਦੀ ਗੱਲ ਹੈ ਕਿ ਜਿਨਾਂ ਦੇ ਸਿਰ ਤੇ ਅਜਿਹੇ ਗੁਰਮਤਿ ਵਿਰੋਧੀ ਵਰਤਾਰੇ ਨੂੰ ਰੋਕਣ ਦੀ ਜ਼ਿੰਮੇਵਾਰੀ ਹੈ ਉਹ ਖ਼ੁਦ ਇਸ ਦੇ ਵਿੱਚ ਸ਼ਾਮਿਲ ਹੋ ਗਏ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੋ ਸਿੱਖ ਪੰਥ ਦਾ ਕੇਂਦਰੀ ਅਸਥਾਨ ਹੈ ਜਿੱਥੋਂ ਪਵਨ ਤੇ ਪਾਣੀ ਦੀ ਪਵਿੱਤਰਤਾ ਅਤੇ ਮਹੱਤਤਾ ਨੂੰ ਦਰਸਾਉਣ ਵਾਲੀਆਂ ਗੁਰੂ ਸਾਹਿਬਾਂ ਦੀ ਬਾਣੀ ਦੀਆਂ ਮਿੱਠੀਆਂ ਧੁਨਾਂ ਨਿਰੰਤਰ ਸੁਣਦੀਆਂ ਹਨ ਅਤੇ ਤਪਦੀ ਲੋਕਾਈ ਨੂੰ ਠਾਰਦੀਆਂ ਹਨ। ਅਸੀਂ ਉਸ ਪਵਿੱਤਰ ਅਸਥਾਨ ਅੰਦਰ ਦੀਵਾਲੀ ਅਤੇ ਕਈ ਹੋਰ ਮੌਕਿਆਂ ਉੱਪਰ ਆਤਿਸ਼ਬਾਜ਼ੀ ਦੇ ਸ਼ੋਰ ਸ਼ਰਾਬੇ ਨਾਲ ਜਿੱਥੇ ਗੁਰਬਾਣੀ ਦੇ ਮਨੋਹਰ ਕੀਰਤਨ ਵਿੱਚ ਖਲਲ ਪਾਉਣਾ ਅਰੰਭ ਕੀਤਾ ਹੈ, ਉੱਥੇ ਹੀ ਇਸ ਦੇ ਜ਼ਹਿਰੀਲੇ ਧੂੰਏ ਨਾਲ ਵਾਤਾਵਰਨ ਨੂੰ ਗੰਦਲਾ ਕਰਨਾ ਆਰੰਭ ਕਰ ਦਿੱਤਾ। ਜਿੱਥੋਂ ਮਨੁੱਖਤਾ ਨੂੰ ਵਾਤਾਵਰਨ ਦੀ ਸ਼ੁੱਧਤਾ ਦੇ ਦੀ ਸੇਧ ਪ੍ਰਦਾਨ ਕੀਤੀ ਜਾਂਦੀ ਸੀ ਪ੍ਰਬੰਧਕੀ ਅਵੇਸਲੇਪਨ ਕਾਰਨ ਉੱਥੇ ਹੀ ਵਾਤਾਵਰਨ ਨੂੰ ਗੰਧਲਾ ਕਰਨ ਵਾਲੀ ਆਤਿਸ਼ਬਾਜ਼ੀ ਕਰਨੀ ਆਰੰਭ ਕਰ ਦਿੱਤੀ। ਸ੍ਰੀ ਹਰਿਮੰਦਰ ਸਾਹਿਬ ਚ ਨਿਭਾਈ ਜਾਣ ਵਾਲੀ ਹਰੇਕ ਮਰਿਆਦਾ ਤੋਂ ਆਮ ਸਿੱਖ ਸੇਧ ਲੈਂਦਾ ਹੈ, ਜਿਸ ਕਾਰਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੰਘ ਸਭਾਵਾਂ ਨੇ ਨਗਰ ਕੀਰਤਨ ਵਿੱਚ ਵੀ ਆਤਿਸ਼ਬਾਜ਼ੀ ਦੀ ਇਹ ਗੁਰਮਤਿ ਵਿਰੋਧੀ ਪ੍ਰਥਾ ਨੂੰ ਅਪਣਾਉਣਾ ਆਰੰਭ ਕਰ ਦਿੱਤਾ ਹੈ। ਪੂਹਵਿੰਡ ਦੀ ਘਟਨਾ ਤੋਂ ਸਮੂਹ ਪੰਥਕ ਸੰਸਥਾਵਾਂ ਨੂੰ ਜਾਗ ਜਾਣਾ ਚਾਹੀਦਾ ਹੈ ਅਤੇ ਇਹ ਗੁਰਮਤਿ ਵਿਰੋਧੀ ਪ੍ਰਥਾ ਬੰਦ ਕੀਤੀ ਜਾਣੀ ਚਾਹੀਦੀ ਹੈ।

ਇਹ ਗੱਲ ਧਿਆਨ ਵਿੱਚ ਰੱਖੀ ਜਾਵੇ ਕਿ ਸਿੱਖ ਧਰਮ ਅੰਦਰ ਮਜ਼ਲੂਮ ਦੀ ਰਾਖੀ ਅਤੇ ਜ਼ਾਲਮ ਜਰਵਾਣੇ ਦੀ ਸੁਣਵਾਈ ਲਈ ਧਰਮ ਯੁੱਧ ਲੜਨ ਦੀ ਮਨਾਹੀ ਨਹੀ, ਧਰਮਯੁੱਧ ਜਦੋਂ ਲੜਨਾ ਪਵੇ ਤਾਂ ਉਦੋਂ ਗੋਲੀਆਂ ਵੀ ਚੱਲਦੀਆਂ ਹਨ ਤੇ ਗੋਲੇ ਵੀ, ਉਦੋਂ ਇਹ ਜ਼ਰੂਰੀ ਵੀ ਹੁੰਦੇ ਹਨ। ਪਰ ਆਮ ਹਾਲਾਤਾਂ ਵਿੱਚ ਗੁਰਦੁਆਰਿਆਂ ਅੰਦਰ ਸ਼ਸਤਰ ਅਭਿਆਸ ਕੀਤੇ ਜਾਣ ਦੀ ਮਰਿਆਦਾ ਤਾਂ ਹੈ ਨਗਰ ਕੀਰਤਨ ਸਮੇਂ ਗੱਤਕੇ ਦੇ ਜ਼ੌਹਰ ਵਿਖਾਏ ਜਾਣੇ ਵੀ ਪੰਥਕ ਪਰੰਪਰਾ ਦਾ ਹਿੱਸਾ ਹੈ। ਪਰ ਆਤਿਸ਼ਬਾਜੀ ਨਾ ਤਾਂ ਯੁੱਧ ਅਭਿਆਸ ਵਿੱਚ ਆਉਂਦੀ ਹੈ ਅਤੇ ਨਾ ਹੀ ਇਹ ਪੰਥਕ ਪਰੰਪਰਾ ਦਾ ਹਿੱਸਾ ਹੈ। ਇਸ ਲਈ ਸਭ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਤਿਸ਼ਬਾਜ਼ੀ ਬੰਦ ਕੀਤੇ ਜਾਣ ਦਾ ਐਲਾਨ ਕੀਤਾ ਜਾਵੇ ਅਤੇ ਉਸ ਤੋਂ ਬਾਅਦ ਹਰ ਪਿੰਡ, ਹਰ ਸ਼ਹਿਰ, ਹਰ ਇੱਕ ਮੁਹੱਲੇ ਵਿੱਚੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਗੁਰਪੁਰਬ ਅਤੇ ਹੋਰ ਇਤਿਹਾਸਕ ਮੌਕਿਆਂ ਸਮੇਂ ਆਤਿਸ਼ਬਾਜ਼ੀ ਨਾ ਕੀਤੇ ਜਾਣ ਦੇ ਮਤੇ ਪਾਸ ਕੀਤੇ ਜਾਣ ਅਤੇ ਉਨਾਂ ਦੀਆਂ ਨਕਲਾਂ ਸ਼੍ਰੋਮਣੀ ਕਮੇਟੀ ਨੂੰ ਭੇਜੀਆਂ ਜਾਣ ਅਤੇ ਇੱਕ ਇੱਕ ਕਾਪੀ ਸਾਡੇ ਤੱਕ ਵੀ ਭੇਜੀ ਜਾਵੇ। ਜੇ ਅਸੀਂ ਇੰਨੀ ਵੱਡੀ ਕੁਤਾਹੀ ਤੋਂ ਵੀ ਸਬਕ ਨਾ ਸਿੱਖਿਆ ਅਤੇ ਆਪਣੇ ਸਮਾਗਮਾਂ ਵਿੱਚ ਆਤਿਸ਼ਬਾਜ਼ੀ ਬੰਦ ਕਰਨ ਲਈ ਪ੍ਰਭਾਵਸ਼ਾਲੀ ਕਦਮ ਨਾ ਚੁੱਕੇ ਤੇ ਦੁਨੀਆਂ ਵਿੱਚ ਸਾਡਾ ਅਕਸ ਖ਼ਰਾਬ ਹੋਵੇਗਾ ਅਤੇ ਇਤਿਹਾਸ ਵੀ ਸਾਨੂੰ ਮੁਆਫ ਨਹੀਂ ਕਰੇਗਾ।

# ਕੀ ਅੰਬਾਨੀ ਹੋ ਜਾਵੇਗਾ !

**ਨਵੀਂ ਦਿੱਲੀ/ ਏ.ਟੀ.ਨਿਊਜ਼:** ਇੱਕ ਸਮਾਂ ਸੀ ਜਦ ਅਨਿਲ ਅੰਬਾਨੀ ਦਾ ਨਾਂ ਦੁਨੀਆਂ ਦੇ ਸਭ ਤੋਂ ਵੱਧ ਅਮੀਰ ਲੋਕਾਂ ਵਿਚ ਸ਼ੁਮਾਰ ਕੀਤਾ ਜਾਂਦਾ ਸੀ। ਉਨਾਂ ਕਦੇ ਵੀ ਇਹ ਨਹੀਂ ਸੋਚਿਆ ਹੋਵੇਗਾ ਕਿ ਇੱਕ ਦਿਨ ਉਨਾਂ ਨੂੰ ਖੁਦ ਨੂੰ ਕੰਗਾਲ ਸਾਬਿਤ ਕਰਨਾ ਪਵੇਗਾ। ਹੁਣ ਉਨਾਂ ਦੇ ਵਕੀਲ ਨੇ ਕੋਰਟ ਵਿਚ ਕਿਹਾ ਹੈ ਕਿ ਇੱਕ ਸਮੇਂ ਅਨਿਲ ਅੰਬਾਨੀ ਅਮੀਰ ਸੀ, ਪਰ ਹੁਣ ਸਭ ਕੁੱਝ ਖ਼ਤਮ ਹੋ ਗਿਆ ਹੈ ਤੇ ਉਹ ਅਮੀਰ ਨਹੀਂ ਰਹੇ। ਦਰਅਸਲ ਲੰਡਨ ਦੀ ਇੱਕ ਅਦਾਲਤ ਵਿਚ ਚੀਨ ਦੇ ਬੈਂਕਾਂ ਦੇ 4760 ਕਰੋੜ ਰੁਪਏ ਦੇ ਕਰਜ਼ੇ ਨਾਲ ਜੁੜੇ ਮਾਮਲੇ ਦੀ ਸੁਣਵਾਈ ਦੌਰਾਨ ਅਨਿਲ ਅੰਬਾਨੀ ਦੇ ਵਕੀਲ ਨੇ ਅਜਿਹਾ ਕਿਹਾ। ਉਨਾਂ ਕਿਹਾ ਕਿ ਭਾਰਤ ਦੀ ਟੈਲੀਕਾਮ ਇੰਡਸਟਰੀ ਵਿਚ ਜਾਰੀ ਉਥਲ-ਪੁਥਲ ਦੇ ਕਾਰਨ ਅੰਬਾਨੀ ਦੀ ਜਾਇਦਾਦ ਖ਼ਤਮ ਹੋ ਗਈ ਤੇ ਹੁਣ



ਅੰਬਾਨੀ ਕੋਲ ਪੈਸੇ ਨਹੀਂ ਹੈ। ਦਰਅਸਲ ਚੀਨ ਦੇ ਤਿੰਨ ਬੈਂਕਾਂ ਨੇ ਅਨਿਲ ਅੰਬਾਨੀ ਖ਼ਿਲਾਫ਼ 680 ਮਿਲਅਨ ਡਾਲਰ ਦਾ ਕਰਜ਼ਾ ਨਾ ਚੁਕਾਉਣ ਦਾ ਮਾਮਲਾ ਲੰਡਨ ਕੋਰਟ ਵਿਚ ਦਰਜ ਕਰਵਾਇਆ ਹੈ। ਇਨਾਂ ਬੈਂਕਾਂ ਨੇ ਅਨਿਲ ਅੰਬਾਨੀ ਦੀ ਕੰਪਨੀ ਰਿਲਾਇੰਸ ਕਮਿਊਨੀਕੇਸ਼ਨਸ ਨੂੰ 925.20 ਮਿਲਅਨ ਡਾਲਰ ਦਾ ਲੋਨ ਦਿੱਤਾ ਸੀ। ਉਸ ਸਮੇਂ ਅਨਿਲ ਨੇ ਕਿਹਾ ਸੀ ਕਿ ਉਹ ਇਸ ਲੋਨ ਦੀ ਪਰਸਨਲ ਗਰੰਟੀ ਦਿੰਦੇ ਹਨ, ਪਰ ਉਨਾਂ ਦੀ ਕੰਪਨੀ ਲੋਨ ਚੁਕਾਉਣ ਵਿਚ ਡਿਫਾਲਟ ਹੋ ਗਈ।

# ਰਵਿੰਦਰ ਸਿੰਘ ਰੂਬੀ ਦੀ ਯਾਦ 'ਚ ਪਾਠ ਦਾ ਭੋਗ 23 ਫਰਵਰੀ ਨੂੰ

**ਸੈਨਹੋਜੇ/ਏ.ਟੀ.ਨਿਊਜ਼:** ਸੈਨਹੋਜ਼ੇ ਖ਼ਾਲਸਾ ਹਾਕੀ ਕਲੱਬ ਵਲੋਂ ਰਵਿੰਦਰ ਸਿੰਘ ਪੁਰੇਵਾਲ (ਰੂਬੀ) ਦੀ ਨਿੱਘੀ ਯਾਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ 23 ਫਰਵਰੀ ਨੂੰ ਗੁਰਦੁਆਰਾ ਸਾਹਿਬ ਸੈਨਹੋਜੇ ਵਿਚ ਪਾਇਆ ਜਾ ਰਿਹਾ ਹੈ। ਕਲੱਬ ਵਲੋਂ ਪ੍ਰਾਪਤ ਜਾਣਕਾਰੀ ਅਨੁਸਾਰ 21 ਫਰਵਰੀ ਨੂੰ ਗੁਰਦੁਆਰਾ ਸਾਹਿਬ, 3636 ਗੁਰਦੁਆਰਾ ਐਵੀਨਿਊ ਸੈਨਹੋਜੇ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰਕਾਸ਼ ਹੋਵੇਗਾ ਅਤੇ 23 ਫਰਵਰੀ ਨੂੰ ਸਵੇਰੇ 11.30 ਵਜੇ ਭੋਗ ਪਾਏ ਜਾਣਗੇ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਕੈਨੇਡਾ ਸਰਕਾਰ ਸਟੱਡੀ ਪਰਮਿਟ ਦੀ ਵਧਾ ਰਹੀ ਏ ਸਖ਼ਤੀ

## ✪ ਕੈਨੇਡੀਅਨ ਸਰਕਾਰ ਹੁਣ ਦੇਸ਼ ਵਿਚ ਆਉਣ-ਜਾਣ ਵਾਲਿਆਂ 'ਤੇ ਰੱਖੇਗੀ ਨਜ਼ਰ ✪ ਯਾਤਰੀਆਂ 'ਤੇ ਵੀ ਨਜ਼ਰ ਰੱਖੇਗੀ ਸਰਕਾਰ

**ਬਰੰਪਟਨ/ਗੁਰਲਾਲ ਸਿੰਘ:** ਭਾਰਤ ਤੋਂ ਹਰੇਕ ਸਾਲ ਕੈਨੇਡਾ ਵਿਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧ ਰਹੀ ਹੈ ਅਤੇ ਬੀਤੇ ਸਾਲ ਦੇ ਅਖੀਰ ਤੋਂ ਪਾਕਿਸਤਾਨੀ ਅਤੇ ਬੰਗਲਾਦੇਸ਼ ਦੇ ਵਿਦਿਆਰਥੀਆਂ ਦੀ ਗਿਣਤੀ ਵੀ ਵਧਣ ਲੱਗੀ ਹੈ।

ਸਟੱਡੀ ਵੀਜ਼ਾ ਲੱਗ ਜਾਣ ਤੋਂ ਬਾਅਦ ਅਕਸਰ ਵਿਦਿਆਰਥੀ ਅਤੇ ਉਨਾਂ ਦੇ ਮਾਪੇ ਇਕਦਮ ਬਹੁਤ ਉਤਸ਼ਾਹ ਵਿਚ ਆ ਜਾਂਦੇ ਹਨ ਕਿ ਹੁਣ ਕੈਨੇਡਾ ਜਾਣਾ ਤੈਅ ਹੋ ਗਿਆ ਹੈ। ਜਦ ਕਿ ਵੀਜ਼ਾ ਮਿਲਣ ਨਾਲ ਕੰਮ ਮੁੱਕਿਆ ਨਹੀਂ ਸਗੋਂ ਸ਼ੁਰੂ ਹੋਇਆ ਹੁੰਦਾ ਹੈ।

ਕੈਨੇਡਾ ਦਾ ਸਟੱਡੀ ਪਰਮਿਟ ਤਾਂ ਉਥੇ ਪੁੱਜ ਕੇ ਹਵਾਈ ਅੱਡੇ ਤੋਂ ਮਿਲਣਾ ਹੁੰਦਾ ਹੈ। ਉਸ ਕਾਰਵਾਈ ਵਾਸਤੇ ਵਿਦੇਸ਼ੀ ਸਟੂਡੈਂਟ ਨੂੰ ਆਪਣੀ ਪੜਾਈ ਦੇ ਕੋਰਸਾਂ ਬਾਰੇ, ਫੀਸਾਂ ਬਾਰੇ, ਰਿਹਾਇਸ਼ ਦੀ ਜਗਾ ਬਾਰੇ ਤੇ ਖ਼ਰਚਿਆਂ ਦੇ ਪ੍ਰਬੰਧਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਇਸ ਬਾਰੇ ਅਸਲੀ ਦਸਤਾਵੇਜ਼ ਕੋਲ ਹੋਣੇ ਚਾਹੀਦੇ ਹਨ। ਫੋਟੋ ਕਾਪੀਆਂ ਦੀ ਬਜਾਏ ਅਸਲ ਦਸਤਾਵੇਜ਼ ਨਾਲ ਲਿਜਾਣ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਅੱਧੀ-ਅਧੂਰੀ ਜਾਣਕਾਰੀ ਵਾਲੇ ਲੜਕੇ ਤੇ ਲੜਕੀਆਂ ਨੂੰ ਵੱਡੀ ਮੁਸ਼ਕਿਲ ਦੀ ਘੜੀ ਵਿਚ ਗੁਜ਼ਰਨਾ ਪੈਂਦਾ ਹੈ ਅਤੇ ਵਾਪਸ ਮੋੜੇ ਜਾਣ ਦੀ ਤਲਵਾਰ ਲਟਕਣ ਨੂੰ ਦੇਰ ਨਹੀਂ ਲੱਗਦੀ। ਜਿੱਥੇ ਸਮੈਸਟਰ ਸ਼ੁਰੂ ਹੋਣ ਤੋਂ ਕਈ ਹਫ਼ਤੇ ਪਹਿਲਾਂ ਪੁੱਜਣ ਬਾਰੇ ਕਿੰਤੂ-ਪ੍ਰੰਤੂ ਹੁੰਦਾ ਹੈ, ਉਥੇ ਪੜਾਈ ਸ਼ੁਰੂ ਹੋਣ ਤੋਂ ਬਾਅਦ ਪੁੱਜਣ ਵਾਲੇ ਵਿਦਿਆਰਥੀਆਂ ਨੂੰ ਵੀ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਸਖ਼ਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅੰਗਰੇਜ਼ੀ ਵਿਚ ਘੱਟ ਮੁਹਾਰਤ ਅਤੇ ਕੈਨੇਡਾ ਵਿਚ ਕੀਤੀ ਜਾਣ ਵਾਲੀ ਪੜਾਈ ਬਾਰੇ ਢੁਕਵੀਂ ਜਾਣਕਾਰੀ ਨਾ ਹੋਣ ਕਾਰਨ ਬਹੁਤ ਸਾਰੇ ਲੜਕੇ ਅਤੇ ਲੜਕੀਆਂ ਨੂੰ ਪੂਰੀ ਮਿਆਦ ਦਾ ਸਟੱਡੀ ਪਰਮਿਟ ਨਹੀਂ ਮਿਲ ਸਕਦਾ ਹੁੰਦਾ। ਅਧਿਕਾਰੀਆਂ ਵਲੋਂ ਉਨਾਂ ਦੇ ਸਟੱਡੀ ਪਰਮਿਟ ਨੂੰ ਛੇ ਮਹੀਨਿਆਂ (ਇਕ ਸਮੈਸਟਰ) ਵਾਸਤੇ ਸੀਮਤ ਕਰ ਦਿੱਤਾ ਜਾਂਦਾ ਹੈ ਅਤੇ ਇਸ ਦੇ ਨਾਲ ਹੀ ਉਸ ਸਮੈਸਟਰ ਦੌਰਾਨ ਉਨਾਂ ਨੂੰ ਕੰਮ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾਂਦੀ। ਉਸ ਪਹਿਲੇ ਸਮੈਸਟਰ ਦੌਰਾਨ ਪੜਾਈ ਵਿਚ ਆਪਣੀ ਸਮਰੱਥਾ ਦਾ ਮੁਜ਼ਾਹਰਾ ਕਰ ਸਕਣ ਵਾਲੇ ਵਿਦਿਆਰਥੀ ਆਪਣੇ ਸਟੱਡੀ ਪਰਮਿਟ ਦੀ ਮਿਆਦ ਵਧਾਉਣ ਵਿਚ ਸਫਲ ਹੋ ਸਕਦੇ/ਸਕਦੀਆਂ ਹਨ ਅਤੇ ਕੰਮ ਕਰਨ ਦੀ ਖੁੱਲ ਮਿਲ ਸਕਦੀ ਹੈ। ਜਿਨਾਂ ਦੀ ਪਹਿਲੇ ਸਮੈਸਟਰ ਵਿਚ ਕਾਰਗੁਜ਼ਾਰੀ ਤਸੱਲੀਬਖਸ਼ ਨਾ ਹੋਵੇ, ਉਨਾਂ ਨੂੰ ਕੈਨੇਡਾ ਵਿਚੋਂ ਵਾਪਸ ਮੁੜਨਾ ਪੈ ਸਕਦਾ ਹੈ। 2018 ਅਤੇ 2019 ਦੇ ਤਲਖ ਤਜਰਬਿਆਂ (ਕੈਨੇਡੀਅਨ ਹਵਾਈ ਅੱਡਿਆਂ ਅੰਦਰੋਂ ਵਾਪਸ ਮੋੜੇ) ਜਾਣ ਤੋਂ ਬਾਅਦ ਵੀਜ਼ਾ ਮਿਲਣ ਤੋਂ



ਇਕਦਮ ਬਾਅਦ ਵਿਦਿਆਰਥੀ ਕੈਨੇਡਾ ਵਿਚ ਜਾ ਦਸਤਕ ਦੇਣ ਤੋਂ ਤ੍ਰਭਕ ਚੁੱਕੇ ਹਨ। ਹੁਣ ਉਹ ਪੜਾਈ ਸ਼ੁਰੂ ਹੋਣ ਤੋਂ ਹਫ਼ਤਾ-ਦਸ ਦਿਨ ਪਹਿਲਾਂ ਪੁੱਜਣ ਦੀ ਕੋਸ਼ਿਸ਼ ਵਿਚ ਹੁੰਦੇ ਹਨ ਪਰ ਸਮੈਸਟਰ ਸ਼ੁਰੂ ਹੋਣ ਤੋਂ ਬਾਅਦ ਬੀਤੇ ਦਿਨੀਂ ਕੈਨੇਡਾ ਪੁੱਜੇ ਕੁਝ ਲੜਕੇ ਅਤੇ ਲੜਕੀਆਂ ਨੂੰ ਬੇਰੰਗ ਵਾਪਸ ਮੋੜੇ ਜਾਣ ਬਾਰੇ ਖ਼ਬਰਾਂ ਮਿਲ ਰਹੀਆਂ ਹਨ। ਸਮੈਸਟਰ ਅਟੈਂਡ ਕਰਨ ਨਾ ਪੁੱਜਣ ਵਾਲੇ ਲੇਟਲਤੀਫ ਵਿਦਿਆਰਥੀਆਂ ਦਾ ਕਾਲਜ ਵਿਚੋਂ ਨਾਂਅ ਕੱਟ ਦਿੱਤਾ ਜਾਂਦਾ ਹੈ। ਜਿਸ ਵਿਦਿਆਰਥੀ ਦਾ ਨਾਂਅ ਕੱਟਿਆ ਗਿਆ ਹੋਵੇ ਉਸ ਨੂੰ ਕੈਨੇਡਾ ਦਾ ਸਟੱਡੀ ਪਰਮਿਟ ਨਹੀਂ ਮਿਲ ਸਕਦਾ। ਅਜਿਹੇ ਵਿਚ ਉਸ ਕੋਲ ਮੁੜਦੇ ਜਹਾਜ਼ ਵਿਚ ਵਾਪਸ ਪਰਤਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੁੰਦਾ। ਇਹ ਵੀ ਕਿ ਸਟੱਡੀ ਵੀਜ਼ਾ ਵਾਲੇ ਵਿਦਿਆਰਥੀਆਂ ਨੇ ਕੈਨੇਡਾ ਜਾਣ ਸਮੇਂ ਜਹਾਜ਼ ਦੀ ਇਕ ਪਾਸੇ ਦੀ (ਸਿਰਫ ਜਾਣ ਦੀ) ਹਵਾਈ ਟਿਕਟ ਖਰੀਦੀ ਹੁੰਦੀ ਹੈ। ਪਰ ਜੇਕਰ ਉਨਾਂ ਨੂੰ ਕੈਨੇਡਾ ਦੀ ਐਂਟਰੀ ਨਾ ਮਿਲੇ ਤਾਂ ਵਾਪਸ ਜਾਣ ਦੀ ਟਿਕਟ ਖਰੀਦਣ ਵਾਸਤੇ ਉਨਾਂ ਕੋਲ ਕੈਸ਼ ਡਾਲਰ ਜਾਂ ਕਰੈਡਿਟ ਕਾਰਡ ਹੋਣਾ ਚਾਹੀਦਾ ਹੈ। ਆਮ ਤੌਰ 'ਤੇ ਖੜੇ ਪੈਰ ਕੈਨੇਡਾ ਤੋਂ ਦਿੱਲੀ ਮੁੜਨ ਲਈ ਜਹਾਜ਼ ਦੀ ਇਕ ਟਿਕਟ 900 ਤੋਂ 2000 ਡਾਲਰ ਤੱਕ ਦੀ ਮਿਲਦੀ ਹੈ।

ਅਜਿਹੀ ਮੁਸ਼ਕਲ ਵਿਚ ਘਿਰੇ ਲੜਕੇ ਅਤੇ ਲੜਕੀਆਂ ਨੂੰ ਅਕਸਰ ਉਨਾਂ ਦੇ ਆਪਣੇ ਏਜੰਟ ਨੇ ਢੁਕਵੇਂ ਦਸਤਾਵੇਜ਼ ਤੇ ਸਹੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਹੁੰਦੀ। ਬੱਸ ਕੁਝ ਨਹੀਂ ਹੁੰਦਾ, ਸਾਰੇ ਜਾ ਰਹੇ ਹਨ, ਤੂੰ ਵੀ ਚੱਲ ਵਰਗੀਆਂ ਗੱਲਾਂ ਨਾਲ ਤੋਰਿਆ ਹੁੰਦਾ ਹੈ। ਸਟੱਡੀ ਵੀਜ਼ਾ 'ਤੇ ਕੈਨੇਡਾ 'ਚ ਪੁੱਜ ਕੇ ਪੜਾਈ ਕਰਨ ਦੀ ਬਜਾਏ ਕੰਮ ਕਰਕੇ ਡਾਲਰ ਕਮਾਉਣ ਅਤੇ ਪੜਾਈ ਛੱਡਣ ਦੇ ਬਹਾਨੇ ਘੜਨ ਵਾਲੇ ਲੜਕੇ ਅਤੇ ਲੜਕੀਆਂ ਦੀ ਵੀ ਟਿਕਾ ਕੇ ਸ਼ਾਮਤ ਆਉਂਦੀ ਹੈ ਅਤੇ ਅਕਸਰ ਕਾਨੂੰਨੀ ਸਖ਼ਤੀ ਤੋਂ ਉਨਾਂ ਦਾ ਛੁਟਕਾਰਾ ਹੋਣ ਤੱਕ 'ਕੰਨਾਂ ਨੂੰ ਹੱਥ' ਲੱਗ ਜਾਂਦੇ ਹਨ ਜਾਂ ਛੁਟਕਾਰਾ ਹੋ ਹੀ ਨਹੀਂ ਪਾਉਂਦਾ ਅਤੇ ਉਹ ਕੈਨੇਡਾ ਵਿਚੋਂ ਕੱਢ ਦਿੱਤੇ ਜਾਂਦੇ ਹਨ।

### ਸਰਕਾਰ ਰੱਖੇਗੀ ਨਜ਼ਰ

ਕੈਨੇਡਾ ਦਾ ਫੈਡਰਲ ਇਮੀਗ੍ਰੇਸ਼ਨ ਮੰਤਰਾਲਾ ਹੁਣ ਕੈਨੇਡਾ ਵਿਚ ਆਉਣ ਵਾਲੇ ਯਾਤਰੀਆਂ ਦੇ ਦੇਸ਼ ਦੇ ਅੰਦਰ ਦਾਖ਼ਲ ਹੋਣ ਅਤੇ ਦੇਸ਼ ਛੱਡ ਕੇ ਜਾਣ ਦੇ ਰਿਕਾਰਡ 'ਤੇ ਨਜ਼ਰ ਰੱਖੇਗਾ ਅਤੇ ਇਸ ਗੱਲ ਦੀ ਪੁਸ਼ਟੀ ਕਰ ਸਕਦਾ ਹੈ ਕਿ ਪ੍ਰਵਾਸੀ ਅਤੇ ਯਾਤਰੀ ਦੇਸ਼ ਵਿਚ ਕਿੰਨੇ ਦਿਨ ਰਹਿੰਦੇ ਹਨ। ਇਸ ਦਾਖ਼ਲਾ/ਨਿਕਾਸ ਪ੍ਰੋਗਰਾਮ ਰਾਹੀਂ ਕੈਨੇਡਾ ਦਾ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਵਿਭਾਗ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਤੋਂ ਹੁਣ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਪ੍ਰੋਗਰਾਮਾਂ ਦੇ ਪ੍ਰਬੰਧਨ ਅਤੇ ਲਾਗੂ ਕਰਨ ਲਈ ਯਾਤਰੀਆਂ ਦੀ ਜਾਣਕਾਰੀ ਤੱਕ ਪਹੁੰਚ ਕਰ ਸਕਦਾ ਹੈ।

ਇਸ ਪ੍ਰੋਗਰਾਮ ਅਨੁਸਾਰ ਆਈ. ਆਰ. ਸੀ. ਸੀ. ਕੋਲ ਯਾਤਰੀਆਂ ਦੀ ਹਰ ਸੰਭਵ ਜਾਣਕਾਰੀ ਹੋਵੇਗੀ ਅਤੇ ਇਹ ਜਾਣਕਾਰੀ ਕਿਸੇ ਵਿਅਕਤੀ ਦੇ ਕੈਨੇਡੀਅਨ ਯਾਤਰਾ ਦਸਤਾਵੇਜ਼ ਦੇ ਹੱਕਦਾਰ ਹੋਣ ਦੇ ਨਾਲ-ਨਾਲ ਇਮੀਗ੍ਰੇਸ਼ਨ, ਨਾਗਰਿਕਤਾ, ਪਾਸਪੋਰਟ ਅਤੇ ਯਾਤਰਾ ਦਸਤਾਵੇਜ਼ ਦੇ ਪ੍ਰੋਗਰਾਮਾਂ ਨਾਲ ਸਬੰਧਿਤ ਧੋਖਾਧੜੀ ਦੀ ਜਾਂਚ ਵਿਚ ਵੀ ਸਹਾਇਤਾ ਕਰੇਗਾ।


ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
➤ FAMILY IMMIGRATION
➤ GREEN CARD PETITION
➤ CITIZENSHIP
➤ OCI CARD / INDIAN PASSPORT
➤ BUSINESS / VISITOR VISA
➤ STUDENT VISA
➤ RELIGIOUS VISA
➤ U.K. VISA
➤ CANADA VISA & P.R.
Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# Sir Speedy Tustin

*Printers to the Community*




**Outdoor 3'x11' Promo Flag**

**Only $29/-**

Pole & Spike $55/-

GURU NANAK SIKH TEMPLE
FAIRFIELD
Visit Our Website:
www.FairfieldGurudwara.com

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Prodcust
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

# ਬਾਬਾ ਬਿੱਧੀ ਚੰਦ ਸੰਪਰਦਾਇ ਦੇ ਮੁਖੀ ਵਲੋਂ ਅਮਰੀਕਾ ਦੀ ਸੰਗਤ ਦਾ ਸੱਦਾ ਪ੍ਰਵਾਨ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਅਤੇ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਤੇ ਧਾਰਮਿਕ ਸਮਾਗਮਾਂ ਅਤੇ ਨਗਰ ਕੀਰਤਨਾਂ ਵਿਚ ਸ਼ਾਮਲ ਹੋਣ ਲਈ ਅਮਰੀਕਾ ਦੀ ਸੰਗਤ ਦਾ ਸੱਦਾ ਪੱਤਰ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ ਮੁਖੀ ਬਾਬਾ ਬਿੱਧੀ ਚੰਦ ਸੰਪਰਦਾਇ ਨੇ ਪ੍ਰਵਾਨ ਕਰ ਲਿਆ ਹੈ। ਬਾਬਾ ਅਵਤਾਰ ਸਿੰਘ ਜੀ ਵਿਸਾਖੀ ਤੋਂ ਬਾਅਦ 17 ਅਪ੍ਰੈਲ ਤੋਂ 17 ਮਈ ਤੱਕ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਸਿੱਖੀ ਦਾ ਪ੍ਰਚਾਰ ਕਰਨਗੇ। ਬਾਬਾ ਬਿੱਧੀ ਚੰਦ ਸੰਪਰਦਾਇ ਦੇ ਮੁਖੀ ਬਾਬਾ ਅਵਤਾਰ ਸਿੰਘ ਜੀ ਗਿਆਰਵੇਂ ਜਾਨਸ਼ੀਨ ਬਾਬਾ ਦਯਿਆ ਸਿੰਘ ਜੀ ਦੇ ਵੱਡੇ ਸਪੁੱਤਰ 12ਵੇਂ ਜਾਨਸ਼ੀਨ ਜਥੇਦਾਰ ਹਨ ਜੋ ਤਨ, ਮਨ, ਧਨ ਨਾਲ ਸੇਵਾ ਕਰਕੇ ਸਿੱਖੀ ਦਾ ਪ੍ਰਚਾਰ ਦੇਸ਼ ਵਿਦੇਸ਼ ਵਿਚ ਕਰ ਰਹੇ ਹਨ। ਸਿਆਟਲ ਵਿਚ ਨਗਰ ਕੀਰਤਨ 9 ਮਈ ਨੂੰ ਸੋਵੈਅਰ ਸੈਅਰ ਕੈਂਟ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ ਜਿੱਥੇ ਬਾਬਾ ਅਵਤਾਰ ਸਿੰਘ ਜੀ ਦੇ ਪਹੁੰਚਣ ਦੀ ਆਸ ਕੀਤੀ ਜਾ ਰਹੀ ਹੈ।

# ਢੱਡਰੀਆਂ ਵਾਲੇ ਦੇ ਦੀਵਾਨਾ ਤੇ ਰੋਕ



**ਲਾਸ ਏਂਜਲਸ/ਏ.ਟੀ.ਨਿਊਜ਼:**ਦੱਖਣੀ ਕੈਲੀਫੋਰਨੀਆ ਦੀਆਂ ਸਾਰੀਆਂ ਗੁਰਦੁਆਰਾ ਕਮੇਟੀਆਂ ਦੀ ਮਟਿੰਗ ਖਾਲਸਾ ਕੇਅਰ ਫਾਊਂਡੇਸ਼ਨ ਗੁਰਦੁਆਰਾ ਪੈਕੋਈਮਾ ਸ਼ਹਿਰ ਵਿਚ ਹੋਈ, ਜਿਸ ਵਿਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਮਤੇ ਪਾਸ ਕੀਤੇ ਜਿਸ ਵਿਚ ਕਿਹਾ ਗਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਸ੍ਰੀ ਅਕਾਲ ਤਖਤ ’ਤੇ ਪੇਸ਼ ਨਾ ਹੋਣ ਦਾ ਨੋਟਿਸ ਲਿਆ। ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਫੈਸਲਾ ਲਿਆ ਕਿ ਜਦੋਂ ਤੱਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਸਿੱਖ ਰਵਾਇਤਾਂ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ’ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਨਹੀਂ ਦਿੰਦੇ ਉਦੋਂ ਤੱਕ ਉਨਾਂ ਦੇ ਦੀਵਾਨ ਨਹੀਂ ਹੋਣ ਦਿੱਤੇ ਜਾਣਗੇ।

# ਸਿੱਖ-ਅਮਰੀਕੀ ਜੋੜੇ ਦਾ ਫੂਡ ਟਰੱਕ ਬੇਘਰਿਆਂ ਨੂੰ ਖੁਆਉਂਦਾ ਹੈ ਮੁ.ਫਤ ਭੋਜਨ




**ਲਾਸ ਏਂਜਲਸ/ਏ.ਟੀ.ਨਿਊਜ਼:**ਲਾਸ ਏਂਜਲਸ ਦਾ ਇੱਕ ਸਿੱਖ-ਅਮਰੀਕੀ ਜੋੜਾ ਇੱਕ ਫੂਡ ਟਰੱਕ ਚਲਾਉਂਦਾ ਹੈ ਅਤੇ ਸ਼ਹਿਰ ਦੇ ਬੇਘਰਿਆਂ ਨੂੰ ਭੋਜਨ ਦੇਣ ਲਈ ਰੋਜ਼ਾਨਾ 200 ਬੈਰਿਟੋਸ (ਇੱਕ ਕਿਸਮ ਦਾ ਮੈਕਸੀਕਨ ਭੋਜਨ) ਮੁਫ਼ਤ ਵੰਡਦਾ ਹੈ। ਵੀਰਵਾਰ (6 ਫਰਵਰੀ) ‘ਦਿ ਅਮਰੀਕਨ ਬਾਜ਼ਾਰ’ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰਵੀ ਸਿੰਘ ਅਤੇ ਉਸ ਦੀ ਪਤਨੀ ਜੈਕੀ ਦਾ ਫੂਡ ਟਰੱਕ, ਜਿਸ ਨੂੰ ‘ਸ਼ੇਅਰ ਏ ਮੀਲ’ ਕਿਹਾ ਜਾਂਦਾ ਹੈ। ਉਹ ਲਾਸ ਏਂਜਲਸ ਦੇ ਵੱਖ-ਵੱਖ ਥਾਵਾਂ ਉੱਤੇ ਜਾਂਦਾ ਹੈ ਅਤੇ ਗ਼ਰੀਬਾਂ ਅਤੇ ਲੋੜਵੰਦਾਂ ਨੂੰ ਮੁਫ਼ਤ ਸ਼ਾਕਾਹਾਰੀ ਬੈਰਿਟੋਸ ਅਤੇ ਪਾਣੀ ਵੰਡਦਾ ਹੈ। ਸਿੰਘ ਨੇ ਦੱਸਿਆ ਕਿ ਹਰ ਸ਼ਾਮ ਵੱਖ-ਵੱਖ ਜਾਤੀਆਂ ਅਤੇ ਸੱਭਿਆਚਾਰ ਦੇ ਵਲੰਟੀਅਰਾਂ ਦਾ ਸਮੂਹ ‘ਸ਼ੇਅਰ ਏ ਮੀਲ’ ਦੀ ਕੇਂਦਰੀ ਕਮਿਊਨਿਟੀ ਰਸੋਈ ਵਿੱਚ ਚੌਲਾਂ ਅਤੇ ਬੀਨਜ਼ ਰੋਲ ਕਰਨ ਲਈ ਆਉਂਦਾ ਹੈ। ਉਨਾਂ ਕਿਹਾ ਕਿ ਫੂਡ ਟਰੱਕ ਸਾਡੀ ਮੋਬਾਈਲ ਰਸੋਈ ਹੈ, ਜੋ ਉਨਾਂ ਥਾਵਾਂ ’ਤੇ ਜਾਂਦੀ ਹੈ ਜਿਥੇ ਬੇਘਰੇ ਲੋਕ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਵੱਖੋ ਵੱਖਰੀਆਂ ਥਾਵਾਂ ’ਤੇ ਰਹਿੰਦੇ ਹਨ। ਭੋਜਨ ਦਾ ਟਰੱਕ ਇਕ ਨਿਸ਼ਚਤ ਸਮੇਂ ਉੱਤੇ ਪਹੁੰਚ ਜਾਂਦਾ ਹੈ। ਵਲੰਟੀਅਰ ਇਨਾਂ ਸਥਾਨਾਂ ’ਤੇ ਮਿਲਦੇ ਹਨ ਅਤੇ ਸੇਵਾ ਦੇ ਪਹਿਲੇ ਘੰਟੇ ਵਿੱਚ ਬੈਰਿਟੋਜ ਨੂੰ ਰੋਲ ਕਰਨ ਵਿੱਚ ਸਹਾਇਤਾ ਕਰਦੇ ਹਨ। ਦੂਜੇ ਘੰਟੇ ਵਿੱਚ ਉਹ ਨਾ ਸਿਰਫ ਗਰਮ ਭੋਜਨ ਪਰੋਸਦੇ ਹਨ, ਬਲਕਿ ਪਾਣੀ ਵੀ ਦਿੰਦੇ ਹਨ। ਇਸ ਤੋਂ ਇਲਾਵਾ ਜੁਰਾਬਾਂ, ਕੰਬਲ ਅਤੇ ਹੋਰ ਸਹਾਇਤਾ ਵੀ ਦਿੱਤੀ ਜਾਂਦੀ ਹੈ। ‘ਸ਼ੇਅਰ ਏ ਮੀਲ’ ਟਰੱਕ ਹਫ਼ਤੇ ਦੇ ਹਰ ਦਿਨ ਬੇਘਰੇ ਲੋਕਾਂ ਨੂੰ ਭੋਜਨ ਦੇਣ ਲਈ ਵੱਖ-ਵੱਖ ਥਾਵਾਂ ’ਤੇ ਜਾਂਦਾ ਹੈ। ਰਵੀ ਸਿੰਘ ਨੇ ਕਿਹਾ ਕਿ ਟਰੱਕ ਬੇਘਰਾਂ ਦੀ ਸਹਾਇਤਾ ਲਈ ਹਰ ਹਫਤੇ ਵੱਖਰੀ ਜਗਾ ’ਤੇ ਮਿਲਦਾ ਹੈ। ਉਨਾਂ ਕਿਹਾ ਕਿ ਅਸੀਂ ਗੁਰੂ ਸਾਹਿਬਾਨਾਂ ਤੋਂ ਪ੍ਰੇਰਨਾ ਲੈ ਕੇ ਲੋੜਵੰਦਾਂ ਦਾ ਭਲਾ ਕਰ ਰਹੇ ਹਾਂ। ਖਾਣੇ ਵਿਚ ਅਸੀਂ ਮੈਕਸੀਕਨ ਖਾਣੇ ਤੋਂ ਇਲਾਵਾ ਭਾਰਤੀ ਸਨੈਕਸ, ਬੇਕਡ ਸਮੋਸੇ, ਚਾਟ ਪਲੇਟਰ ਤੇ ਅੰਬਾਂ ਦੀ ਖੱਟੀ ਮਿੱਠੀ ਚੱਟਨੀ ਵੀ ਦੇ ਰਹੇ ਹਾਂ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸ੍ਰੀ ਗੁਰੂ ਰਵਿਦਾਸ ਜੀ ਦਾ 643 ਵਾਂ ਗੁਰਪੁਰਬ ਫਰਿਜਨੋ ਵਿਖੇ ਬੜੀ ਸਰਧਾ ਨਾਲ ਮਨਾਇਆ ਗਿਆ





**ਫਰਿਜਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ:** ਸਮੁੱਚੇ ਭਾਰਤ ਦੀ ਸੰਸਕ੍ਰਿਤੀ ਅੰਦਰ ਮਿਹਨਤੀਆਂ ਦੇ ਮਸੀਹਾਂ ਅਤੇ ਗੁਲਾਮ ਸਾਮਰਾਜ ਵਿਰੁੱਧ ਆਵਾਜ ਉਠਾਉਣ ਵਾਲੇ ਕ੍ਰਾਂਤੀਕਾਰੀ ਸ੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ 643 ਵਾਂ ਗੁਰਪੁਰਬ ਫਰਿਜਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਸਰਧਾ ਭਾਵਨਾ ਨਾਲ ਮਨਾਇਆ ਗਿਆ। ਜਿੱਥੇ ਐਤਵਾਰ ਦੇ ਦੀਵਾਨ ਵਿੱਚ ਗੁਰੂ ਰਵਿਦਾਸ ਜੀ ਦੇ ਜੀਵਨ ਨੂੰ ਯਾਦ ਕਰਦਿਆਂ ਰੂਹਾਨੀ ਗੁਰਮਤਿ ਵਿਚਾਰਾਂ ਹੋਈਆਂ ਅਤੇ ਕੀਰਤਨ ਦੀਵਾਨ ਸਜੇ। ਇਹਨਾਂ ਦੀਵਾਨਾ ਵਿੱਚ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਹਾਜਰੀ ਭਰੀ। ਇਸ ਸਮਾਗਮ ਵਿੱਚ ਕਥਾਵਾਚਕ ਭਾਈ ਮਲਕੀਤ ਸਿੰਘ ਨੇ ਗੁਰੂ ਸਬਦ ਦੀ ਕਥਾ ਦੁਆਰਾ ਸੰਗਤਾਂ ਨੂੰ ਗੁਰੂ ਜੀ ਦੀ ਮਹਿਮਾ ਅਤੇ ਇਤਿਹਾਸ ਸਰਵਨ ਕਰਵਾਇਆ। ਇਸ ਸਮਾਗਮ ਦੌਰਾਨ ਵਿਸੇਸ ਤੌਰ ਤੇ ਉੱਘੇ ਸਮਾਜ ਸੇਵੀ ਸੁਖਬੀਰ ਸਿੰਘ ਭੰਡਾਲ ਨੇ ਸਟੇਜ ਤੋਂ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹੋਏ ਵਿਚਾਰਾ ਦੀ ਸਾਂਝ ਪਾਈ। ਸਟੇਜ ਸੰਚਾਲਕ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਮਾਨ ਨੇ ਨਿਭਾਈ। ਗੁਰੂ ਦੀ ਮਹਿਮਾ ਦੇ ਨਾਲ-ਨਾਲ ਐਤਵਾਰ ਦੇ ਇਸ ਵਿਸੇਸ ਦੀਵਾਨ ਵਿੱਚ ਪ੍ਰਮੋਧ ਲੋਈ ਅਤੇ ਪਰਿਵਾਰ ਵੱਲੋਂ ਗੁਰੂ ਦਾ ਲੰਗਰ ਅਤੁੱਟ ਵਰਤਿਆ। ਇਸ ਸਮਾਗਮ ਦੀ ਵਿਸੇਸ ਮਹਾਨਤਾ ਇਹ ਰਹੀ ਕਿ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉੱਠ ਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਬਹੁ ਗਿਣਤੀ ਵਿੱਚ ਹਾਜਰੀਆਂ ਭਰਦੇ ਹੋਏ ਗੁਰੂ ਰਵਿਦਾਸ ਮਹਾਰਾਜ ਦਾ ਪੁਰਬ ਬਹੁਤ ਹੀ ਸਰਧਾ ਅਤੇ ਸਦਭਾਵਨਾ ਨਾਲ ਮਨਾਇਆ।

# ਕੈਨੇਡਾ ਦੇ ਨਾਮਵਰ ਗਾਇਕ ਹਰਪ੍ਰੀਤ ਰੰਧਾਵਾ ਨਵਾਂ ਧਾਰਮਿਕ ਗੀਤ

**ਟੋਰਾਂਟੋਂ/ਰਾਜ ਗੋਗਨਾ:**ਕੈਨੇਡਾ ਨਿਵਾਸੀ ਗਾਇਕ ਹਰਪ੍ਰੀਤ ਰੰਧਾਵਾ ਬਿਲਕੁਲ ਨਵਾਂ ਗੀਤ ਲੈ ਕੇ ਹਾਜ਼ਿਰ ਹੋ ਰਿਹਾ ਜਿਸ ਨੂੰ ਲਿਖਿਆ ਹੈ ਸਾਹਿਬ ਸਿੰਘ ਢਿੱਲੋਂ ਨੇ ਮਿਊਜ਼ਿਕ ਦਿੱਤਾ ਬਬਲੂ ਸਨਿਆਲ ਹੁਣਾਂ ਨੇ ਤੇ ਪੇਸ਼ਕਾਰੀ ਹੈ ਅਵਤਾਰ ਝੰਡੇਰ ਯੂ ਕੇ ਵਾਲ਼ਿਆਂ ਦੀ। ਇਸ ਗੀਤ ਵਿਚ ਅੱਜਕਲ ਚਲ ਰਹੇ ਵਿਵਾਦ ਨੂੰ ਸੁਲਝਾਉਣ ਦੀ ਗੱਲ ਕੀਤੀ ਗਈ ਹੈ।ਗਾਇਕ ਨੇ ਸਾਡੇ ਪੱਤਰਕਾਰ ਨੂੰ ਫੋਨ ਵਾਰਤਾ ਦੌਰਾਨ ਦੱਸਿਆ ਕਿ ਸਾਨੂੰ ਹਮੇਸ਼ਾ ਸੱਚ ਦਾ ਸਾਥ ਦੇਣਾ ਚਾਹੀਦਾ ਇਸ ਗੀਤ ਵਿਚ ਕਲਗੀਧਰ ਦਸ਼ਮੇਸ਼ ਪਿਤਾ ਨੂੰ ਬੇਨਤੀ ਕਰਦਾ ਕਲਾਕਾਰ ਆਖਦਾ ਕੇ ਬਾਜ਼ਾ ਵਾਲਿਆਂ ਤੇਰੀ ਸਿੱਖ ਕੌਮ ਕਿਹੜੇ ਰਸਤੇ ਤੇ ਜਾ ਰਹੀ ਜਥੇਦਾਰ ਸਰਕਾਰਾਂ ਦੀਆਂ ਜੇਬਾਂ ਵਿਚੋਂ ਨਿਕਲ ਰਹੇ ਨੇ। ਗੀਤ ਦੇ ਬੋਲ ਨੇ ਬਾਜ਼ਾ ਵਾਲਿਆਂ ਬਾਜ਼ ਤੇਰਾ ਤਾਹੀਉਂ ਘੁੰਮਦਾ ਗੁਰਦਵਾਰਿਆ ਤੇ ਇਸ ਗੀਤ ਨੂੰ ਤੁਹਾਡੇ ਤੱਕ ਪਹੁੰਚਾਉਣ ਲਈ




ਆਪਣੀ ਸਾਰੀ ਟੀਮ ਦਾ ਬਹੁਤ ਧੰਨਵਾਦ ਕਰਦਾ ਜਿਨਾਂ ਵਿੱਚ ਸਾਡੇ ਵਿਸ਼ੇਸ਼ ਸਹਿਯੋਗੀ ਜਤਿੰਦਰ ਸਿੰਘ ਕੈਨੇਡਾ , ਸੋਢੀ ਨਾਗਰਾ, ਦੇਵ ਮੁੰਡੀ ਕੈਨੇਡਾ, ਜਗਰੂਪ ਮਾਨ, ਬਲਜੀਤ ਸੰਘਾ ਸਾਹਿਬ,ਰਾਜ ਗੋਗਨਾ ਯੂ .ਐਸ .ਏ ਸੀਨੀਅਰ ਪੱਤਰਕਾਰ, ਜੱਸ ਸੰਘਾ,ਅਤੇ ਬੱਗਾ ਸਲਕਾਣੀਆ ਦੇ ਨਾਂ ਵਰਨਣਯੋਗ ਹਨ ।

# ਅੰਤਰ-ਜਾਤੀ ਵਿਆਹ ਕਰਨ ’ਤੇ ਪੰਚਾਇਤ ਨੇ ਜੋੜੇ ਨੂੰ ਸੁਣਾਇਆ ਤੁਗਲਕੀ ਫ਼ੁਰਮਾਨ

**ਝਾਂਸੀ/ਏ.ਟੀ.ਨਿਊਜ਼:** ਭੁਪੇਸ਼ ਯਾਦਵ ਨੇ ਕਰੀਬ 5 ਸਾਲ ਪਹਿਲਾਂ ਆਸਥਾ ਜੈਨ ਨਾਲ ਅੰਤਰ-ਜਾਤੀ ਵਿਆਹ ਕਰਵਾਇਆ ਸੀ। ਉੱਤਰ ਪ੍ਰਦੇਸ਼ ਦੇ ਝਾਂਸੀ ਜ਼ਿਲੇ ਵਿੱਚ ਪੰਚਾਇਤ ਨੇ ਸਾਮਾਜਿਕ ਬਾਈਕਾਟ ਨੂੰ ਖ਼ਤਮ ਕਰਨ ਬਦਲੇ ਇੱਕ ਜੋੜੇ ਨੂੰ ਗੋਹਾ ਖਾਣ ਅਤੇ ਗਊ ਮੂਤਰ ਪੀਣ ਦਾ ਫ਼ੁਰਮਾਨ ਸੁਣਾਇਆ ਹੈ। ਅਜਿਹਾ ਨਾ ਕਰਨ ’ਤੇ 5 ਲੱਖ ਰੁਪਏ ਦਾ ਜੁਰਮਾਨਾ ਦੇਣ ਦਾ ਆਦੇਸ਼ ਦਿੱਤਾ ਗਿਆ ਹੈ। ਭਾਵੇਂ ਕਿ ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਪੰਚਾਂ ਨੂੰ ਹਦਾਇਤ ਦਿੱਤੀ ਹੈ ਅਤੇ 6 ਲੋਕਾਂ ਦੇ ਖ਼ਿਲਾਫ਼ ਕਾਰਵਾਈ ਵੀ ਕੀਤੀ ਹੈ। ਲੋਕਾਂ ਦੀ ਨਜ਼ਰ ਵਿੱਚ ਜੋੜੇ ਦਾ ਅਪਰਾਧ ਇਹ ਹੈ ਕਿ ਉਨਾਂ ਨੇ ਅੰਤਰ-ਜਾਤੀ ਵਿਆਹ ਕੀਤਾ ਹੈ। ਮਾਮਲਾ ਝਾਂਸੀ ਜ਼ਿਲਾ ਦੇ ਪ੍ਰੇਮਨਗਰ ਇਲਾਕੇ ਦੇ ਗਵਾਲਟੋਲੀ ਦਾ ਹੈ। ਇੱਥੋਂ ਦੇ ਰਹਿਣ ਵਾਲੇ ਭੁਪੇਸ਼ ਯਾਦਵ ਨੇ ਕਰੀਬ ਪੰਜ ਸਾਲ ਪਹਿਲਾਂ ਆਸਥਾ ਜੈਨ ਨਾਲ ਅੰਤਰ-ਜਾਤੀ ਵਿਆਹ ਕੀਤਾ ਸੀ।



ਭੁਪੇਸ਼ ਯਾਦਵ ਨੇ ਦੱਸਿਆ ਹੈ ਕਿ ਇਹ ਵਿਆਹ ਦੋਵਾਂ ਹੀ ਪਰਿਵਾਰਾਂ ਦੀ ਰਜ਼ਾਮੰਦੀ ਨਾਲ ਹੋਇਆ ਸੀ ਪਰ ਸਮਾਜ ਦੇ ਲੋਕਾਂ ਨੂੰ ਇਹ ਪਸੰਦ ਸੀ, ਇਸ ਲਈ ਉਨਾਂ ਨੂੰ ਸਮਾਜ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਭੁਪੇਸ਼ ਮੁਤਾਬਕ, “ਸਮਾਜ ਤੋਂ ਬਾਈਕਾਟ ਕਰਨ ਤੋਂ ਇਲਾਵਾ ਸਾਡੇ ਪਿਤਾ ਜੀ ਨੂੰ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਸਨ। ਪਿਛਲੇ ਸਾਲ ਭੈਣ ਦਾ ਵਿਆਹ ਹੋਇਆ ਤਾਂ ਉਸ ਵਿੱਚ ਸਮਾਜ ਦਾ ਕੋਈ ਵਿਅਕਤੀ ਨਹੀਂ ਆਇਆ। ਹੁਣ ਪੰਚਾਇਤ ਨੇ ਇਹ ਫ਼ੈਸਲਾ ਸੁਣਾਇਆ ਹੈ ਕਿ ਸਮਾਜ ਤੋਂ ਬਾਈਕਾਟ ਦਾ ਫ਼ੈਸਲਾ ਇਸ ਸ਼ਰਤ ’ਤੇ ਵਾਪਸ ਹੋ ਸਕਦਾ ਹੈ ਕਿ ਮੇਰੀ ਪਤਨੀ ਨੂੰ ਗੋਹਾ ਖਾਣਾ ਪਵੇਗਾ ਤੇ ਗਊ ਮੂਤਰ ਵੀ ਪੀਣਾ ਪਵੇਗਾ। ਅਜਿਹਾ ਨਾ ਕਰਨ ’ਤੇ 5 ਲੱਖ ਰੁਪਏ ਤਾਂ ਜੁਰਮਾਨਾ ਦੇਣਾ ਪਵੇਗਾ। ਅਸੀਂ ਪੰਚਾਇਤ ਦੀ ਇਸ ਸ਼ਰਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।”

ਭੁਪੇਸ਼ ਯਾਦਵ ਨੇ ਪੰਚਾਇਤ ਦੇ ਇਸ ਫ਼ੈਸਲੇ ਬਾਰੇ ਜ਼ਿਲੇ ਦੇ ਵੱਡੇ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਕਰ ਦਿੱਤੀ ਸੀ। ਡੀਐੱਮ ਸ਼ਿਵ ਸਹਾਇ ਅਵਸਥੀ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕਰਵਾਈ ਜਾ ਰਹੀ ਹੈ। ਸਮਾਜ ਦਾ ਫ਼ੁਰਮਾਨ ਸੁਣਾਉਣ ਵਾਲੇ ਪੰਚਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ, 6 ਲੋਕਾਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਗਈ ਹੈ ਅਤੇ ਜੋੜੇ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ।

ਭੁਪੇਸ਼ ਦੀ ਪਤਨੀ ਆਸਥਾ ਜੈਨ ਇੱਕ ਕਾਲਜ ਵਿੱਚ ਨੌਕਰੀ ਕਰਦੀ ਹੈ। ਆਸਥਾ ਕਹਿੰਦੀ ਹੈ ਕਿ ਉਨਾਂ ਦੋਵਾਂ ਨੇ ਪ੍ਰੇਮ ਵਿਆਹ ਜ਼ਰੂਰ ਕੀਤਾ ਸੀ ਪਰ ਦੋਵਾਂ ਦੇ ਪਰਿਵਾਰਾਂ ਨੇ ਕੋਈ ਇਤਰਾਜ਼ ਨਹੀਂ ਜਤਾਇਆ ਸੀ ਅਤੇ ਸਾਰੇ ਲੋਕ ਵਿਆਹ ਵਿੱਚ ਸ਼ਾਮਲ ਵੀ ਹੋਏ ਸਨ।

ਬਾਕੀ ਸਫ਼ਾ 32 ’ਤੇ

# ਕਰਤਾਰਪੁਰ ਸਾਹਿਬ ਜਾਣਗੇ ਸੰਯੁਕਤ ਰਾਸ਼ਟਰ ਮੁਖੀ ਗੁਟੇਰੇਜ਼



**ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼:** ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਅਗਲੇ ਹਫ਼ਤੇ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣਗੇ। ਗੁਟੇਰੇਜ਼ ਐਤਵਾਰ ਨੂੰ ਇਸਲਾਮਾਬਾਦ ਪੁੱਜਣਗੇ ਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨਾਲ ਮੁਲਾਕਾਤ ਕਰਨਗੇ। ਉਹ ਸਥਾਈ ਵਿਕਾਸ ਤੇ ਜਲਵਾਯੂ ਤਬਦੀਲੀ ਬਾਰੇ ਇਕ ਸਮਾਗਮ ‘ਚ ਵੀ ਸ਼ਿਰਕਤ ਕਰਨਗੇ। ਸਰਕਾਰੀ ਬੁਲਾਰੇ ਫ਼ਰਹਾਨ ਹੱਕ ਨੇ ਮੀਡੀਆ ਨੂੰ ਦੱਸਿਆ ਕਿ ਅਗਲੇ ਮੰਗਲਵਾਰ ਗੁਟੇਰੇਜ਼ ਗੁਰਦੁਆਰਾ ਸਾਹਿਬ ਜਾ ਸਕਦੇ ਹਨ। ਗੁਟੇਰੇਜ਼ 17 ਫਰਵਰੀ ਨੂੰ ਪਾਕਿ ‘ਚ ਅਫ਼ਗਾਨ ਸ਼ਰਨਾਰਥੀਆਂ ਬਾਰੇ ਇਕ ਕੌਮਾਂਤਰੀ ਕਾਨਫ਼ਰੰਸ ਨੂੰ ਵੀ ਸੰਬੋਧਨ ਕਰਨਗੇ। ਉਹ ਹੋਰ ਵੀ ਕਈ ਉੱਚ ਪੱਧਰੀ ਪੈਨਲ ਸੰਵਾਦਾਂ ਤੇ ਸਮਾਗਮਾਂ ਵਿਚ ਸ਼ਿਰਕਤ ਕਰਨਗੇ। ਗੁਟੇਰੇਜ਼ 19 ਫਰਵਰੀ ਨੂੰ ਨਿਊਯਾਰਕ ਪਰਤਣਗੇ। ਇਸ ਤੋਂ ਪਹਿਲਾਂ ਉਹ ਪਾਕਿਸਤਾਨ ਦੇ ਰਾਸ਼ਟਰਪਤੀ ਆਰਿਫ਼ ਅਲਵੀ ਨਾਲ ਵੀ ਮੁਲਾਕਾਤ ਕਰਨਗੇ।

# ਬਹਿਬਲ ਕਾਂਡ ਦੇ ਗਵਾਹ ਸੁਰਜੀਤ ਦੀ ਮੌਤ ਲਈ ਅਸੀਂ ਸਾਰੇ ਜ਼ਿੰਮੇਵਾਰ: ਜਸਟਿਸ ਰਣਜੀਤ ਸਿੰਘ

**ਚੰਡੀਗੜ/ਏ.ਟੀ.ਨਿਊਜ਼:** ਬਰਗਾੜੀ ਬੇਅਦਬੀ ਕਾਂਡ ਦੀ ਜਾਂਚ ਕਰਨ ਵਾਲੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਵਲੋਂ ਬਹਿਬਲ ਕਲਾਂ ਕਾਂਡ ਦੇ ਗਵਾਹ ਸੁਰਜੀਤ ਸਿੰਘ ਦੀ ਮੌਤ ਦੇ ਮੁੱਦੇ ‘ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੇ ਪੱਤਰ ਨਾਲ ਸਿਆਸੀ ਹਲਕਿਆਂ ਵਿਚ ਹਲਚਲ ਮਚ ਗਈ ਹੈ। ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਨੇ ਪੱਤਰ ਵਿਚ ਬੇਅਦਬੀ ਕਾਂਡ ਦੇ ਕਈ ਵਰਕੇ ਫਰੋਲਦਿਆਂ ਦਾਅਵਾ ਕੀਤਾ ਹੈ ਕਿ ਸੁਰਜੀਤ ਸਿੰਘ ਦੀ ਸੁਰੱਖਿਆ ਦਾ ਮੁੱਦਾ ਸੂਬੇ ਦੇ ਡੀਜੀਪੀ ਅਤੇ ਹੋਰਨਾਂ ਅਧਿਕਾਰੀਆਂ ਕੋਲ ਉਠਾਇਆ ਗਿਆ ਸੀ ਪਰ ਅਫਸੋਸ ਕਿਸੇ ਵੀ ਅਧਿਕਾਰੀ ਨੇ ਇਸ ਸੰਵੇਦਨਸ਼ੀਲ ਮਾਮਲੇ ‘ਤੇ ਧਿਆਨ ਨਹੀਂ ਦਿੱਤਾ। ਕਮਿਸ਼ਨ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਐੱਸਐੱਸਪੀ ਫ਼ਰੀਦਕੋਟ ਨੂੰ ਤਾਂ ਨਿੱਜੀ ਤੌਰ ‘ਤੇ ਗਵਾਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਤਾਕੀਦ ਕੀਤੀ ਗਈ ਸੀ। ਉਨਾਂ ਕਿਹਾ ਕਿ ਮ੍ਰਿਤਕ ਬੇਅਦਬੀ ਨਾਲ ਜੁੜੇ ਗੋਲੀ ਕਾਂਡ ਦਾ ਅਹਿਮ ਗਵਾਹ ਸੀ ਅਤੇ ਗਵਾਹਾਂ ਨੂੰ ਸੁਰੱਖਿਆ ਦੇਣੀ ਰਾਜ ਪ੍ਰਬੰਧ ਦੀ ਜ਼ਿੰਮੇਵਾਰੀ ਬਣਦੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇਸ ਸੇਵਾ ਮੁਕਤ ਜੱਜ ਨੇ ਮੁੱਖ ਮੰਤਰੀ ਨੂੰ ਲਿਖੇ ਚਾਰ ਸਫ਼ਿਆਂ ਦੇ ਪੱਤਰ ਰਾਹੀਂ ਇੱਥੋਂ ਤੱਕ ਆਖ ਦਿੱਤਾ ਕਿ ਉਹ ਮ੍ਰਿਤਕ ਨੂੰ ਇਨਸਾਫ਼ ਦੇਣ ‘ਚ ਫੇਲ ਹੋਏ ਹਨ। ਉਨਾਂ ਕਿਹਾ, “ਇਸ ਲਈ ਕਿਹਾ ਜਾ ਸਕਦਾ ਹੈ ਕਿ ਸੁਰਜੀਤ ਸਿੰਘ ਨੂੰ ਇਨਸਾਫ਼ ਨਾ ਮਿਲਣ ਅਤੇ ਉਸ ਦੀ ਮੌਤ ਲਈ ਅਸੀਂ ਸਾਰੇ ਹੀ ਜ਼ਿੰਮੇਵਾਰ ਹਾਂ।“ ਉਨਾਂ ਇਸ ਪੱਤਰ ਰਾਹੀਂ ਇਹ ਵੀ ਕਿਹਾ ਹੈ ਕਿ ਸੁਰਜੀਤ ਸਿੰਘ ਨੇ ਉਨਾਂ ਨਾਲ ਮੁਲਾਕਾਤ ਕਰ ਕੇ ਹਾਲਾਤ ਤੋਂ ਜਾਣੂ ਕਰਾਇਆ ਸੀ, ਜਿਸ ‘ਤੇ ਉਨਾਂ ਨੇ ਫ਼ਰੀਦਕੋਟ ਦੇ ਐੱਸਐੱਸਪੀ ਨੂੰ ਅਹਿਮ ਗਵਾਹ ਦੇ ਗਿਲੇ-ਸ਼ਿਕਵੇ ਸੁਣਨ ਅਤੇ ਉਨਾਂ ਦਾ ਹੱਲ ਕਰਨ ਲਈ ਕਿਹਾ ਸੀ। ਉਨਾਂ ਮੁੱਖ ਮੰਤਰੀ ਨੂੰ ਦੱਸਿਆ ਕਿ ਪੁਲੀਸ ਪ੍ਰਸ਼ਾਸਨ ਵੱਲੋਂ ਕੋਈ ਦਲੀਲ-ਅਪੀਲ ਨਾ ਸੁਣੇ ਜਾਣ ਕਾਰਨ ਉਹ (ਸੁਰਜੀਤ ਸਿੰਘ) ਇੱਕ ਤੋਂ ਵੱਧ ਵਾਰ ਉਨਾਂ ਨੂੰ ਮਿਲਣ ਆਇਆ। ਇੱਥੋਂ ਤੱਕ ਕਿ ਸਰਕਾਰੀ ਅਧਿਕਾਰੀਆਂ ਵੱਲੋਂ ਸ਼ਿਕਾਇਤ ਨਾ ਸੁਣੇ ਜਾਣ ਕਰਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਦਾ ਮਸ਼ਵਰਾ ਵੀ ਦਿੱਤਾ ਗਿਆ ਸੀ। ਕਾਨੂੰਨੀ ਸਹਾਇਤਾ ਵੀ ਪ੍ਰਦਾਨ ਕਰਵਾਈ ਗਈ ਸੀ। ਉਨਾਂ ਕਿਹਾ ਕਿ ਮ੍ਰਿਤਕ ਦੀ ਪਤਨੀ ਨੇ ਮੁਲਾਕਾਤ ਕਰਕੇ ਖ਼ੁਲਾਸਾ ਕੀਤਾ ਹੈ ਕਿ ਸੁਰਜੀਤ ਸਿੰਘ ਦੀ ਮੌਤ ਕੁਦਰਤੀ ਨਹੀਂ ਬਲਕਿ ਪ੍ਰਭਾਵਸ਼ਾਲੀ ਵਿਅਕਤੀਆਂ ਅਤੇ ਖਾਸ ਕਰ ਕੇ ਪੁਲੀਸ ਵੱਲੋਂ ਲਗਾਤਾਰ ਪਾਏ ਜਾਂਦੇ ਦਬਾਅ ਕਾਰਨ ਹੋਈ ਹੈ।

ਦੱਸਣਯੋਗ ਹੈ ਕਿ ਕੈਪਟਨ ਸਰਕਾਰ ਵੱਲੋਂ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਨੂੰ ਬਰਗਾੜੀ ਬੇਅਦਬੀ ਕਾਂਡ ਅਤੇ ਇਸ ਕਾਂਡ ਨਾਲ ਜੁੜੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਲਈ ਬਣਾਏ ਕਮਿਸ਼ਨ ਦਾ ਮੁਖੀ ਥਾਪਿਆ ਗਿਆ ਸੀ। ਇਸ ਕਮਿਸ਼ਨ ਵੱਲੋਂ ਸਾਰੇ ਮਾਮਲਿਆਂ ਦੀ ਜਾਂਚ ਰਿਪੋਰਟ ਵਿਧਾਨ ਸਭਾ ਵਿੱਚ ਵਿਚਾਰਨ ਤੋਂ ਬਾਅਦ ਪੁਲੀਸ ਅਧਿਕਾਰੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕਈ ਆਗੂਆਂ ਖ਼ਿਲਾਫ਼ ਕਾਰਵਾਈ ਵੀ ਕੀਤੀ ਗਈ। ਸੁਰਜੀਤ ਸਿੰਘ ਦੀ ਮੌਤ ਨੂੰ ਅਕਾਲੀ ਦਲ ਖਾਸ ਕਰਕੇ ਸੁਖਬੀਰ ਸਿੰਘ ਬਾਦਲ ਵੱਲੋਂ ਵੱਡਾ ਮੁੱਦਾ ਬਣਾਇਆ ਗਿਆ ਹੈ। ਅਕਾਲੀ ਦਲ ਵੱਲੋਂ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਅਤੇ ਮੁੱਖ ਮੰਤਰੀ ਦੇ ਸਲਾਹਕਾਰ ਕੁਸ਼ਲਦੀਪ ਸਿੰਘ ਢਿੱਲੋਂ ਵੱਲ ਨਿਸ਼ਾਨਾ ਸੇਧਿਆ ਹੋਇਆ



ਹੈ। ਅਕਾਲੀ ਦਲ ਨੇ ਦੋਹਾਂ ਕਾਂਗਰਸੀ ਆਗੂਆਂ ‘ਤੇ ਸੁਰਜੀਤ ਸਿੰਘ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੇ ਦੋਸ਼ ਲਾਉਂਦਿਆਂ ਇਸ ਮਾਮਲੇ ਦੀ ਸੀਬੀਆਈ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਹੁਣ ਇਸ ਸਬੰਧ ਵਿੱਚ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਵੱਲੋਂ ਲਿਖੇ ਪੱਤਰ ਨਾਲ ਇਹ ਮਾਮਲਾ ਫਿਰ ਚਰਚਾ ਵਿੱਚ ਆ ਗਿਆ ਹੈ।

# ਪੰਜਾਬ ’ਚ ਸੰਘ ਪਰਿਵਾਰ ਦੇ ਸਕੂਲਾਂ ਨੇ ਸੀ ਏ ਏ ਦੇ ਸਮਰਥਨ ’ਚ ਬੱਚਿਆਂ ਦੇ ਕਰਵਾਏ ਦਸਤਖਤ

**- ਸੁਰਿੰਦਰ ਪਾਲ ਸਿੰਘ ਗੋਲਡੀ**

ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ਼ ਦੇਸ਼ ਭਰ ਵਿਚ ਚਲ ਰਹੇ ਤਿੱਖੇ ਵਿਰੋਧ ਪ੍ਰਦਰਸ਼ਨਾਂ ਵਿਚਾਲੇ ਪੰਜਾਬ ਦੇ ਬਰਨਾਲਾ ਦੇ ਧਨੌਲਾ ਵਿਚ ਸੰਘ ਦੀ ਸੰਸਥਾ ਵਿਦਿਆ ਭਾਰਤੀ ਦੇ ਸਰਵ ਹਿਤਕਾਰੀ ਸਕੂਲ ਵਿਚ ਨਾਬਾਲਗ ਸਕੂਲੀ ਬੱਚਿਆਂ ਤੋਂ ਕਾਨੂੰਨ ਦੇ ਸਮਰਥਨ ਵਿਚ ਦਸਤਖ਼ਤ ਕਰਵਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਦ ਬੱਚਿਆਂ ’ਤੇ ਮਾਂ-ਬਾਪ ਨੂੰ ਇਸ ਦਾ ਪਤਾ ਲੱਗਾ ਤਾਂ ਹੰਗਾਮਾ ਖੜਾ ਹੋ ਗਿਆ। ਮਾਂ-ਬਾਪ ਨੇ ਸਕੂਲ ਦੇ ਪ੍ਰਿੰਸੀਪਲ ’ਤੇ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਨਾਬਾਲਗ ਬੱਚਿਆਂ ਦੇ ਇਸਤੇਮਾਲ ਕਰਨ ’ਤੇ ਸਖ਼ਤ ਇਤਰਾਜ਼ ਕੀਤਾ ਹੈ। ਬੱਚਿਆਂ ਦੇ ਮਾਂ-ਬਾਪ ਨੇ ਇਸ ਸੰਬੰਧ ਵਿਚ ਬਰਨਾਲਾ ਦੇ ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਨੂੰ ਮੰਗ ਪੱਤਰ ਦੇ ਕੇ ਸਕੂਲ ਅਤੇ ਸਕੂਲ ਦੇ ਪ੍ਰਿੰਸੀਪਲ ਉੱਪਰ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨਾਂ ਨੇ ਇਹ ਵੀ ਕਿਹਾ ਕਿ ਜੇ ਇਹ ਕਾਰਵਾਈ ਨਾ ਹੋਈ ਤਾਂ ਇਸ ਨੂੰ ਪੂਰੇ ਪੰਜਾਬ ਵਿਚ ਸੰਘਰਸ਼ ਦਾ ਮੁੱਦਾ ਬਣਾਇਆ ਜਾਵੇਗਾ। ਬੱਚਿਆਂ ਦੇ ਮਾਂ-ਬਾਪ ਨੇ ਦੱਸਿਆ ਕਿ ਸਕੂਲ ਵਿਚ ਉਨਾਂ ਤੋਂ ਇਕ ਚਿੱਟੇ ਬੈਨਰ ’ਤੇ ਦਸਤਖ਼ਤ ਕਰਵਾਏ ਗਏ, ਜਿਸ ’ਤੇ ‘ਵੀ ਸਪੋਰਟ ਸੀਈਏ’ ਲਿਖਿਆ ਹੋਇਆ ਸੀ। ਮਾਂ-ਬਾਪ ਨੇ ਜਦ ਸਕੂਲ ਦੇ ਪ੍ਰਿੰਸੀਪਲ ਤੋਂ ਇਸ ਬਾਰੇ ਪੁੱਛਿਆ ਤਾਂ ਉਨਾਂ ਨੇ ਇਸ ਬਾਰੇ ਪਹਿਲਾਂ ਟਾਲ ਮਟੋਲ ਕਰਨ ਦੀ ਕੋਸ਼ਿਸ਼ ਕੀਤੀ, ਬਾਅਦ ਵਿਚ ਦਸਤਖ਼ਤ ਵਾਲਾ ਬੈਨਰ ਤੇ ਕਾਗਜ਼ਾਤ ਉਨਾਂ ਨੂੰ ਦਿਖਾਏ। ਮਾਂ-ਬਾਪ ਨੇ ਉਨਾਂ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਧਨੌਲਾ ਦੇ ਐਸ ਐਚ ਓ ਨੂੰ ਦੇ ਦਿੱਤੇ ਹਨ। ਮਾਂ-ਬਾਪ ਨੇ ਸਕੂਲ ਦੇ ਪ੍ਰਿੰਸੀਪਲ ਉੱਪਰ ਰਾਜਨੀਤਕ ਸੁਆਰਥ ਦੇ ਲਈ ਨਾਬਾਲਗ ਬੱਚਿਆਂ ਦਾ ਇਸਤੇਮਾਲ ਕਰਨ ਦਾ ਦੋਸ਼ ਲਗਾਉਂਦਿਆਂ ਹੋਇਆ ਪੰਜਾਬ ਦੇ ਮੁੱਖ ਮੰਤਰੀ ਤੋਂ ਸਰਵਹਿੱਤਕਾਰੀ ਸਕੂਲਾਂ ਬਾਰੇ ਜਾਂਚ ਕਰਾਉਣ ਦੀ ਅਪੀਲ ਕੀਤੀ ਹੈ। ਜਦ ਸਕੂਲ ਦੇ ਪ੍ਰਿੰਸੀਪਲ ਤੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਉਨਾਂ ਨੂੰ ਪ੍ਰਾਂਤ ਦੀ ਕਮੇਟੀ ਵੱਲੋਂ ਲਿਖਤੀ ਹੁਕਮ ਮਿਲਿਆ ਸੀ ਕਿ ਇਸ ਬਾਰੇ ਮੁਹਿੰਮ ਚਲਾਈ ਜਾਵੇ। ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਵਿਚ ਸੰਘ ਪਰਿਵਾਰ ਦੇ 100 ਤੋਂ ਜ਼ਿਆਦਾ ਸਕੂਲ ਹਨ। ਇਨਾਂ ਸਕੂਲਾਂ ਰਾਹੀਂ ਸੰਘ ਪਰਿਵਾਰ ਆਪਣੀ ਫਿਰਕੂ ਖੇਡ ਖੇਡ ਰਿਹਾ ਹੈ।

### ਮੁਸਲਿਮ ਭਾਈਚਾਰੇ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ

ਨਾਗਰਿਕਤਾ ਸੋਧ ਕਾਨੂੰਨ (ਸੀਏਏ) ਦਾ ਵਿਰੋਧ ਕਰ ਰਹੇ ਮੁਸਲਿਮ ਭਾਈਚਾਰੇ ਦੀ ਜਥੇਬੰਦੀ ਜੁਆਇੰਟ ਐਕਸ਼ਨ ਕਮੇਟੀ ਅਹਿਮਦਗੜ ਨੇ ਇਸ ਮਾਮਲੇ ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਮੁਲਾਕਾਤ ਕਰਕੇ ਉਨਾਂ ਨੂੰ ਇਸ ਸਬੰਧੀ ਦਖ਼ਲਅੰਦਾਜ਼ੀ ਦੇਣ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਕਾਰਕੁਨਾਂ ਨੇ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਵਿਚ ਜੁਮੇ ਦੀ ਨਮਾਜ਼ ਅਦਾ ਕਰਕੇ ਦੁਆ ਵੀ ਮੰਗੀ। ਜਥੇਬੰਦੀ ਨੇ ਸਕੱਤਰੇਤ ਵਿਚ ਇਕ ਪੱਤਰ ਵੀ ਸੌਂਪਿਆ ਹੈ ਜਿਸ ਵਿਚ ਮੰਗ ਕੀਤੀ ਗਈ ਹੈ ਕਿ ਸਿੱਖ ਵਿਵਾਦਤ ਕਾਨੂੰਨ ਖ਼ਿਲਾਫ਼ ਉਨਾਂ ਦੀ ਹਮਾਇਤ ਕਰਨ।

ਜਥੇਬੰਦੀ ਦੇ ਆਗੂ ਜ਼ੀਸ਼ਾਨ ਹੈਦਰ ਨੇ ਆਖਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਨਾਗਰਿਕਤਾ ਸੋਧ ਕਾਨੂੰਨ ਰਾਹੀਂ ਭਾਈਚਾਰਕ ਸਾਂਝ ਖ਼ਤਮ ਕਰਕੇ ਮੁਲਕ ਦਾ ਭਗਵਾਂਕਰਨ ਕਰਨਾ ਚਾਹੁੰਦੀ ਹੈ।

ਉਨਾਂ ਆਖਿਆ,“ਦੇਸ਼ ਦੀ ਵੰਡ ਵੇਲੇ ਉਨਾਂ ਦੇ ਬਜ਼ੁਰਗ ਵੀ ਪਾਕਿਸਤਾਨ ਜਾ ਸਕਦੇ ਸਨ ਪਰ ਉਨਾਂ ਆਪਣੀ ਮਰਜ਼ੀ ਨਾਲ ਭਾਰਤ ਵਿਚ ਰਹਿਣਾ ਚੁਣਿਆ ਸੀ। ਅਸੀਂ ਭਾਰਤ ਨੂੰ ਹੀ ਆਪਣਾ ਦੇਸ਼ ਮੰਨਦੇ ਹਾਂ ਅਤੇ ਦੇਸ਼ ਦੀ ਨਿਰੰਤਰ ਤਰੱਕੀ ਲਈ ਯਤਨ ਕਰ ਰਹੇ ਹਾਂ। ਪਰ ਹੁਣ ਨਾਗਰਿਕਤਾ ਸੋਧ ਕਾਨੂੰਨ ਕਾਰਨ ਮੁਸਲਿਮ ਭਾਈਚਾਰੇ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਗਿਆ ਹੈ।” ਉਨਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਦੁਨੀਆਂ ਵਿਚ ਹਰ ਸਿੱਖ ਮੰਨਦਾ ਹੈ ਅਤੇ ਇੱਜ਼ਤ ਦਿੰਦਾ ਹੈ ਜਿਸ ਕਰਕੇ ਅੱਜ ਉਹ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਸ ਮਾਮਲੇ ਵਿਚ ਦਖ਼ਲ ਦੇਣ ਦੀ ਮੰਗ ਕਰਨ ਆਏ ਹਨ।

ਐਕਸ਼ਨ ਕਮੇਟੀ ਨੇ ਜਥੇਦਾਰ ਨੂੰ ਅਪੀਲ ਕੀਤੀ ਕਿ ਇਸ ਸਬੰਧੀ ਫ਼ੈਸਲਾ ਲੈ ਕੇ ਦੇਸ਼ ਅਤੇ ਵਿਦੇਸ਼ ਵਿਚ ਰਹਿ ਰਹੇ ਸਿੱਖਾਂ ਨੂੰ ਵੀ ਸੇਧ ਦਿੱਤੀ ਜਾਵੇ ਤਾਂ ਜੋ ਮੁਸਲਿਮ ਜਥੇਬੰਦੀਆਂ ਸਮੇਤ ਸਮੁੱਚੇ ਸਮਾਜ ਨੂੰ ਅਗਲੀ ਰਣਨੀਤੀ ਬਣਾਉਣ ਵਿਚ ਆਸਾਨੀ ਹੋਵੇ। ਜਦੋਂ ਇਹ ਮੁਸਲਿਮ ਵਫ਼ਦ ਦਰਬਾਰ ਸਾਹਿਬ ਵਿਖੇ ਪੁੱਜਾ, ਤਾਂ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਮੌਜੂਦ ਨਹੀਂ ਸਨ। ਉਨਾਂ ਦੀ ਗ਼ੈਰ-ਮੌਜੂਦਗੀ ਵਿਚ ਜੱਥੇਦਾਰ ਦੇ ਪੀਏ ਰਣਜੀਤ ਸਿੰਘ ਨੇ ਮੁਸਲਿਮ ਭਾਈਚਾਰੇ ਦਾ ਯਾਦ-ਪੱਤਰ ਲਿਆ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਉਹ ਇਸ ਸਬੰਧੀ ਆਪਣਾ ਨਜ਼ਰੀਆ ਅਤੇ ਵਿਚਾਰ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ। ਉਨਾਂ ਕਿਹਾ ਕਿ ਇਸ ਕਾਨੂੰਨ ਨਾਲ ਅਫ਼ਗਾਨਿਸਤਾਨ ਤੋਂ ਉੱਜੜ ਕੇ ਆਏ ਸਿੱਖਾਂ ਨੂੰ ਲਾਭ ਹੋਵੇਗਾ ਪਰ ਨਾਲ ਹੀ ਕਿਸੇ ਹੋਰ ਫਿਰਕੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ ਹੈ।



### ਚੰਡੀਗੜ ’ਚ ਰੈਲੀ

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਸੈਕਟਰ-20 ਸਥਿਤ ਜਾਮਾ ਮਸਜਿਦ ਦੇ ਸਾਹਮਣੇ ਬੀਤੇ ਦਿਨੀਂ ਵਿਸ਼ਾਲ ਰੋਸ ਰੈਲੀ ਕੀਤੀ ਗਈ ਜਿਸ ਵਿਚ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈ ਭਾਈਚਾਰੇ ਨਾਲ ਸਬੰਧਤ ਲੋਕਾਂ ਨੇ ਸ਼ਿਰਕਤ ਕੀਤੀ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਡਵੋਕੇਟ ਭਾਨੂੰ ਪ੍ਰਤਾਪ ਸਿੰਘ ਨੇ ਕਿਹਾ ਕਿ ਮੋਹਨ ਭਾਗਵਤ ਵੱਲੋਂ ਸਾਲ 2024 ਤੱਕ ਹਿੰਦੂ ਰਾਸ਼ਟਰ ਦੇ ਐਲਾਨ ਸਬੰਧੀ ਦਿੱਤਾ ਬਿਆਨ ਦੇਸ਼ ਦੀ ਏਕਤਾ ਵਾਸਤੇ ਸੰਭਾਵੀ ਖ਼ਤਰਾ ਮੰਨਿਆ ਜਾ ਰਿਹਾ ਹੈ। ਉਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਨੋਟਬੰਦੀ ਸਮੇਂ ਕਾਲਾ ਧਨ ਖ਼ਤਮ ਕਰਨ, ਅਰਥਚਾਰੇ ਨੂੰ ਹੁਲਾਰਾ ਦੇਣ, ਨੋਟਬੰਦੀ ਨਾਲ ਅਤਿਵਾਦ, ਨਕਲੀ ਨੋਟ ਤੇ ਕਾਲਾ ਬਾਜ਼ਾਰੀ ਖ਼ਤਮ ਹੋਣ ਵਰਗੀਆਂ ਗੱਲਾਂ ਕਰਕੇ ਦੇਸ਼ ਨੂੰ ਬਹੁਤ ਪਿੱਛੇ ਧੱਕ ਦਿੱਤਾ ਹੈ। ਹੁਣ ਸੀਏਏ, ਐੱਨਆਰਸੀ ਵਰਗੇ ਕਾਲੇ ਕਾਨੂੰਨ ਬਣਾ ਦਿੱਤੇ। ਮੁਸਲਿਮ ਆਗੂ ਜ਼ਾਹਿਦ ਪ੍ਰਵੇਜ਼ ਖਾਨ ਨੇ ਕਿਹਾ ਕਿ ਉਨਾਂ ਦੀ ਰਵਾਇਤ ਅਤੇ ਸੰਵਿਧਾਨ ਸਭ ਨੂੰ ਆਪਸ ਵਿੱਚ ਜੋੜਦੇ ਹਨ ਜਦਕਿ ਸੀਏਏ ਵਰਗੇ ਕਾਲੇ ਕਾਨੂੰਨ ਲੋਕਾਂ ਨੂੰ ਤੋੜ ਰਹੇ ਹਨ। ਪਰਦਾਨਸ਼ੀਨ ਔਰਤਾਂ, ਬੱਚੇ-ਬੁੱਢੇ ਸਭ ਮਿਲ ਕੇ ਭਾਰਤ ਦੀ ਏਕਤਾ ਲਈ ਸ਼ਾਹੀਨ ਬਾਗ ਵਿੱਚ ਤਕਰੀਬਨ 60 ਦਿਨਾਂ ਤੋਂ ਧਰਨੇ ਉਤੇ ਹਨ ਅਤੇ ਹਜ਼ਾਰਾਂ ਲੋਕ ਰੋਜ਼ਾਨਾ ਉਥੇ ਆ ਰਹੇ ਹਨ। ਇਹ ਸਿਰਫ਼ ਸਰਬ ਸਾਂਝੀਵਾਲਤਾ ਨੂੰ ਬਚਾਉਣ ਲਈ ਕੰਮ ਕਰ ਰਹੇ ਹਨ ਨਾ ਕਿ ਮੁਸਲਿਮ ਜਾਂ ਕਿਸੇ ਇੱਕ ਧਰਮ ਨੂੰ ਬਚਾਉਣ ਲਈ ਹੋ ਰਿਹਾ ਹੈ।

ਕੰਵਲਜੀਤ ਸਿੰਘ ਨੇ ਕਿਹਾ ਕਿ ਸਾਨੂੰ ਇੱਕਜੁੱਟ ਹੋ ਕੇ ਦੇਸ਼ ਦੀ ਏਕਤਾ ਅਤੇ ਸੰਵਿਧਾਨ ਦੀ ਰਾਖੀ ਲਈ ਲੜਨਾ ਚਾਹੀਦਾ ਹੈ। ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਹਿੰਮਤ ਤੇ ਜੋਸ਼ ਨਾਲ ਸਾਰੇ ਧਰਮਾਂ, ਫਿਰਕਿਆਂ ਨੂੰ ਇਕੱਠਾ ਹੋਣਾ ਚਾਹੀਦਾ ਹੈ ਤੇ ਸੰਵਿਧਾਨ ਦੀ ਰਾਖੀ ਕਰਨੀ ਚਾਹੀਦੀ ਹੈ।

ਡਾ. ਖੁਸ਼ਹਾਲ ਸਿੰਘ ਨੇ ਕਿਹਾ ਕਿ ਸਿੱਖ ਧਰਮ ਦੇਸ਼ ਦੇ ਹਰ ਔਖੇ ਸਮੇਂ ਵਿੱਚ ਘੱਟ ਗਿਣਤੀਆਂ ਨਾਲ ਖੜਾ ਹੈ। ਇਸ ਸਾਂਝ ਦੀ ਤਾਜ਼ਾ ਮਿਸਾਲ ਇਹ ਹੈ ਕਿ ਮੁਸਲਮਾਨ ਆਗੂ ਅਕਾਲ ਤਖ਼ਤ ’ਤੇ ਮਦਦ ਲਈ ਗਏ ਅਤੇ ਉਨਾਂ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਨਮਾਜ਼ ਅਦਾ ਕੀਤੀ ਖਾਲਸਾ ਪੰਥ ਦੀ ਮਹਾਨਤਾ ਨੂੰ ਦਰਸਾਉਂਦਾ ਹੈ।

ਡਾ. ਪਿਆਰੇ ਲਾਲ ਗਰਗ ਨੇ ਕਿਹਾ ਕਿ ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਵਿਚ 45 ਫੀਸਦ ਲੋਕਾਂ ਕੋਲ ਆਪਣੀ ਜ਼ਮੀਨ ਨਹੀਂ ਹੈ ਤਾਂ ਉਹ ਮੂਲ ਵਾਸੀ ਹੋਣ ਦਾ ਆਪਣਾ ਸਬੂਤ ਕਿੱਥੋਂ ਦੇ ਸਕਣਗੇ। ਇੰਦਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਲਗਾਤਾਰ ਝੂਠੇ ਤੱਥ ਦੇ ਕੇ ਜਨਤਾ ਨੂੰ ਗੁਮਰਾਹ ਕਰ ਰਹੇ ਹਨ।

### ਸ਼ਾਹੀਨ ਬਾਗ ਦੇ ਵਿਰੋਧ ’ਚ ਸੁਪਰੀਮ ਕੋਰਟ

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਹਰ ਇਕ ਨੂੰ ਵਿਰੋਧ ਕਰਨ ਦਾ ਅਧਿਕਾਰ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਸਾਰਾ ਸਾਂਝਾ ਖੇਤਰ ਬੰਦ ਹੋ ਜਾਣਾ ਚਾਹੀਦਾ ਹੈ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਅਜਿਹੀ ਜਨਤਕ ਥਾਂ ’ਤੇ ਅਣਮਿੱਥੇ ਸਮੇਂ ਲਈ ਵਿਰੋਧ ਪ੍ਰਦਰਸ਼ਨ ਨਹੀਂ ਕੀਤਾ ਜਾ ਸਕਦਾ।

ਸੁਪਰੀਮ ਕੋਰਟ ਨੇ ਦਿੱਲੀ ਦੇ ਸ਼ਾਹੀਨ ਬਾਗ ਵਿੱਚ ਸਿਟੀਜ਼ਨਸ਼ਿਪ ਸੋਧ ਕਾਨੂੰਨ ਦੇ ਵਿਰੋਧ ਵਿੱਚ ਸਖਤ ਟਿੱਪਣੀਆਂ ਕੀਤੀਆਂ ਹਨ। ਅਦਾਲਤ ਨੇ ਕਿਹਾ ਹੈ ਕਿ ਕੋਈ ਵੀ ਇਸ ਤਰਾਂ ਸੜਕ ਨੂੰ ਰੋਕ ਨਹੀਂ ਸਕਦਾ। ਪ੍ਰਦਰਸ਼ਨ ਕਾਰਨ ਦਿੱਲੀ ਅਤੇ ਨੋਇਡਾ ਨੂੰ ਜੋੜਨ ਵਾਲੀ ਸੜਕ ਪੂਰੀ ਤਰਾਂ ਬੰਦ ਹੋ ਗਈ ਹੈ। ਫਿਲਹਾਲ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਦਿੱਲੀ ਪੁਲਿਸ, ਰਾਜ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਜਵਾਬ ਮੰਗੇ ਹਨ। ਮਾਮਲੇ ਦੀ ਅਗਲੀ ਸੁਣਵਾਈ ਹੁਣ 17 ਫਰਵਰੀ ਨੂੰ ਹੋਵੇਗੀ। ਦੱਸ ਦੇਈਏ ਕਿ ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ। ਅਦਾਲਤ ਨੇ ਵਿਰੋਧ ਪ੍ਰਦਰਸ਼ਨ ਨੂੰ ਤੁਰੰਤ ਹਟਾਉਣ ਲਈ ਕੋਈ ਆਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਦੋਵਾਂ ਧਿਰਾਂ ਦੀ ਗੱਲ ਸੁਣਨ ਤੋਂ ਬਾਅਦ ਕੋਈ ਆਦੇਸ਼ ਦਿੱਤਾ ਜਾਵੇਗਾ। ਦੱਸ ਦੇਈਏ ਕਿ ਪਿਛਲੇ ਦੋ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਦਿੱਲੀ ਦੇ ਸ਼ਾਹੀਨ ਬਾਗ ਵਿੱਚ ਨਿਰੰਤਰ ਪ੍ਰਦਰਸ਼ਨ ਚੱਲ ਰਿਹਾ ਹੈ। ਇਹ ਸਾਰੇ ਇੱਥੇ ਸੀਏਏ ਦਾ ਵਿਰੋਧ ਕਰ ਰਹੇ ਹਨ। ਪਿਛਲੇ ਸਾਲ 12 ਦਸੰਬਰ ਨੂੰ ਮੋਦੀ ਸਰਕਾਰ ਨੇ ਸੀ.ਏ.ਏ. ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਉਹ ਉਦੋਂ ਤੱਕ ਆਪਣਾ ਵਿਰੋਧ ਪ੍ਰਦਰਸ਼ਨ ਜਾਰੀ ਰੱਖਣਗੇ ਜਦੋਂ ਤੱਕ ਸਰਕਾਰ ਸੀਏਏ ਤੇ ਐਨਆਰਸੀ ਖ਼ਤਮ ਕਰਨ ਦਾ ਫੈਸਲਾ ਨਹੀਂ ਲੈਂਦੀ।

### ਸ਼ਾਹੀਨ ਬਾਗ ’ਚ ਖਾਲਸਾ ਜੀ

ਸ਼ਹੀਨ ਬਾਗ ਤੋਂ ਭਗਵਾਂ ਵਾਦ ਨੂੰ ਕੋਈ ਖਤਰਾ ਨਹੀਂ। ਖਤਰਾ ਖਾਲਸਾ ਜੀ ਤੋਂ ਹੈ। ਗੋਲੀਆਂ, ਬੰਬਾਂ , ਦੰਗਿਆਂ, ਹਿੰਸਾ ਨਾਲ ਲੈਸ ਭਗਵੇਂਵਾਦੀ ਖਾਲਸਾ ਜੀ ਦੀ ਸਹੀਨ ਬਾਗ ਵਿਚ ਆਮਦ ਤੋਂ ਕਿਉ ਘਬਰਾ ਜਾਂਦੇ ਹਨ। ਇਸ ਬਾਰੇ ਸਿੱਖ ਜਗਤ ਵੀ ਆਪਣੀ ਸਮਰੱਥਾ ਤੋਂ ਵਾਕਫ ਨਹੀਂ ਹੈ। ਹਉਮੈ ਦੇ ਪੁੱਤਰ ਸਰਬ ਸ਼ਕਤੀਮਾਨ ਰੱਬ ਸਮਝੀ ਬੈਠੇ ਆਰੀਅਨ ਪੁੱਤਰ ਜੋ ਸੱਤਾ ’ਤੇ ਬਿਰਾਜਮਾਨ ਹਨ, ਵੀ ਗੁਰੂ ਕਲਗੀਧਰ ਦੇ ਬਾਜ਼ਾਂ ਤੋਂ ਵਾਕਫ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੁੱਤਰ ਖਾਲਸਾ ਜੀ ਨੂੰ ਵਰ ਦਿਤਾ ਹੈ, ਸਵਾ ਲਾਖ ਸੇ ਏਕ ਲੜਾਊਂ। ਖਾਲਸਾ ਜੀ ਦੇ ਪਲੇ ਮਨੁੱਖਤਾ ਦਾ ਪਿਆਰ, ਲੰਗਰ, ਸੇਵਾ ਤੇ ਮਨੁੱਖੀ ਅਧਿਕਾਰ ਵਾਲਾ ਮਹਾਨ ਕਿਰਦਾਰ ਹੈ ਜੋ ਪੂਰੇ ਵਿਸ਼ਵ ਨੂੰ ਪਿਆਰ ਨਾਲ ਜਿੱਤ ਲੈਂਦਾ ਹੈ। ਇਹ ਆਧਾਰ ਹੀ ਖਾਲਸਾ ਜੀ ਨੂੰ ਸ਼ਕਤੀਸ਼ਾਲੀ ਸਿਰਜ ਦਿੰਦਾ ਹੈ। ਇਹੀ ਸਿਧਾਂਤ ਗੁਰੂ ਦੇ ਅੰਗ ਸੰਗ ਹੋਣ ਦਾ ਹੈ। ਹਰ ਔਖੀ ਘੜੀ ਵਿਚ ਗੁਰੂ ਅਗ਼ਵਾਈ ਦੇਂਦਾ ਹੈ। ਖਾਲਸਾ ਗਿਣਤੀਆਂ ਮਿਣਤੀਆਂ ਕਰਨ ਦੀ ਥਾਂ ਗੁਰੂ ਤੇ ਸੱਚ ਆਚਾਰ ਤੋਂ ਆਪਣੀ ਤਾਕਤ ਲੈਂਦਾ ਹੈ। ਖਾਲਸਾ ਮਨੁਖਤਾ ਦਾ ਪਹਿਰੇਦਾਰ ਹੈ ਤੇ ਅਮਨ ਦਾ ਸੋਮਾ ਹੈ। ਫਿਰਕੂਵਾਦ ਤੇ ਨਸਲਵਾਦ ਦਾ ਵਿਰੋਧੀ ਹੈ। ਇਹੀ ਉਸਦੀ ਤਾਕਤ ਹੈ। ਸ਼ਾਹੀਨ ਬਾਗ ਵਿਚ ਵੀ ਇਹੀ ਸੱਚੇ ਪਾਤਸ਼ਾਹ ਦੀ ਖਾਲਸਾ ਰੂਪੀ ਤਾਕਤ ਭਗਵੇਂਵਾਦ ਦੇ ਫਾਸ਼ੀਵਾਦ ਨੂੰ ਚੁਣੌਤੀ ਦੇ ਰਹੀ ਹੈ ਕਿ ਇਹ ਧਰਤੀ ਅਕਾਲ ਪੁਰਖ ਦੀ ਹੈ ਤੇ ਕਿਸੇ ਨੂੰ ਵਿਤਕਰਾ ਕਰਨ ਦਾ ਅਧਿਕਾਰ ਨਹੀਂ। ਅਸਲ ਸ਼ਾਸ਼ਕ ਅਕਾਲ ਪੁਰਖ ਹੀ ਹੈ। ਸ਼ਾਹੀਨ ਬਾਗ ਵਿਚ ‘ਰਾਜ ਕਰੇਗਾ ਖਾਲਸਾ’, ਬੋਲੇ ਸੋ ਨਿਹਾਲ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਦੇ ਜੈਕਾਰੇ ਗੂੰਜ ਰਹੇ ਹਨ। ਭਗਵੇਂਵਾਦ ਦੇ ਵਿਰੋਧ ਵਿਚ ਭਾਰਤ ਦੇ ਲੋਕ ਜੋ ਸ਼ਾਹੀਨ ਬਾਗ ਵਿਚ ਇਕੱਠੇ ਹੋਏ ਹਨ, ਉਹ ਖਾਲਸਈ ਜੈਕਾਰਿਆਂ ਦਾ ਉੱਚੀ ਸੁਰਾਂ ਵਿਚ ਜੁਆਬ ਦੇ ਰਹੇ ਹਨ। ਸ਼ਾਹੀਨ ਬਾਗ ਵਿਚ ਖਾਲਸਾ ਜੀ ਦੇ ਖੁੱਲੇ ਲੰਗਰ ਪੂਰੇ ਵਿਸ਼ਵ ਵਿਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ।

ਸਿੱਖ ਬੁੱਧੀਜੀਵੀਆਂ ਨੇ ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਆਬਾਦੀ ਰਜਿਸਟਰ ਜਿਹੇ ਮਾਮਲਿਆਂ ’ਤੇ ਨਵੀਂ ਦਿੱਲੀ ਵਿਚ ਚੱਲ ਰਹੇ ਸੰਘਰਸ਼ ਨੂੰ ਸਮਰਥਨ ਦੇਣ ਲਈ ਮੋਰਚਾ ਸੰਭਾਲਿਆ ਹੈ। ਸਿੱਖ ਲੇਖਕਾਂ ਅਤੇ ਚਿੰਤਕਾਂ ਦੇ ਇਸ ਸਮੂਹ ਵਿਚ ਪ੍ਰੋ. ਮਨਜੀਤ ਸਿੰਘ, ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ, ਡਾ. ਖੁਸ਼ਹਾਲ ਸਿੰਘ, ਡਾ. ਸਤਨਾਮ ਸਿੰਘ, ਸ੍ਰੀ ਗੁਰੂ ਸਿੰਘ ਸਭਾ ਚੰਡੀਗੜ ਦੇ ਪ੍ਰਧਾਨ ਜਸਵਿੰਦਰ ਸਿੰਘ ਆਦਿ ਸ਼ਾਮਲ ਸਨ। ਇਹਨਾਂ ਬੁੱਧੀਜੀਵੀਆਂ ਨੇ ਕਿਹਾ ਕਿ ਭਾਜਪਾ ਸਰਕਾਰ ਵੋਟਾਂ ਦੀ ਸਿਆਸਤ ਖੇਡ ਰਹੀ ਹੈ ਅਤੇ ਸੱਤਾ ਵਿਚ ਬਣੇ ਰਹਿਣ ਲਈ ਭਾਰਤੀ ਸਮਾਜ ਨੂੰ ਫਿਰਕਿਆਂ ਦੇ ਨਾਂ ’ਤੇ ਵੰਡਣ ਦੀ ਕੋਝੀ ਫਾਸੀਵਾਦੀ ਖੇਡ ਖੇਡ ਰਹੀ ਹੈ। ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਕਾਲ਼ੇ ਕਨੂੰਨਾਂ ਰਾਹੀਂ ਦੇਸ਼ ਦੇ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨਾਂ ਦੋਸ਼ ਲਾਇਆ ਕਿ ਕਸ਼ਮੀਰ ਨੂੰ ਪੂਰੇ ਭਾਰਤ ਨਾਲੋਂ ਵੱਖ ਕਰਕੇ ਜੇਲ ਵਿਚ ਬਦਲ ਦਿੱਤਾ ਗਿਆ ਹੈ। ਸੀਨੀਅਰ ਪੱਤਰਕਾਰ ਜਸਪਾਲ ਸਿੰਘ ਨੇ ਕਿਹਾ ਕਿ ਜਿਥੇ ਕਿਤੇ ਵੀ ਅਮਨ ਅਤੇ ਆਜ਼ਾਦੀ ਦਾ ਘਾਣ ਹੋਵੇਗਾ, ਪੰਜਾਬੀ ਤੇ ਖਾਲਸਾ ਜੀ ਵਿਰੋਧ ਕਰਨੋਂ ਪਿੱਛੇ ਨਹੀਂ ਹਟਣਗੇ ਤੇ ਸਮਾਜਿਕ ਨਿਆਂ, ਅਜ਼ਾਦੀ ਅਤੇ ਮਨੁੱਖੀ ਬਰਾਬਰੀ ਲਈ ਸੰਘਰਸ਼ ਕਰਦੇ ਰਹਿਣਗੇ। ਸ਼ਾਹੀਨ ਬਾਗ ਵਿਚ ਪ੍ਰਗਤੀਵਾਦੀ ਲੇਖਕ ਸੰਘ, ਦਿੱਲੀ ਦੇ ਪ੍ਰਧਾਨ ਵਿਭੂਤੀ ਨਾਰਾਇਣ ਰਾਏ ਅਤੇ ਜਨਰਲ ਸਕੱਤਰ ਫ਼ਰਹਤ ਰਿਜ਼ਵੀ ਸਣੇ ਡਾ. ਖੁਸ਼ਹਾਲ ਸਿੰਘ ਅਤੇ ਜਸਪਾਲ ਸਿੰਘ ਸਿੱਧੂ ਨੇ ਵੀ ਸੰਬੋਧਨ ਕੀਤਾ।

ਬੀਤੇ ਦਿਨੀਂ ਸਿੱਖ ਜਥੇਬੰਦੀ ਦਲ ਖਾਲਸਾ ਨੇ ਵੀ ਸ਼ਾਹੀਨ ਬਾਗ ਵਿਚ ਸ਼ਮੂਲੀਅਤ ਕੀਤੀ। ਦਿੱਲੀ ਵਿਚ ਸੀਏਏ, ਐੱਨਆਰਸੀ ਅਤੇ ਐੱਨਪੀਆਰ ਵਿਰੁੱਧ ਚੱਲ ਰਹੇ ਪ੍ਰਦਰਸ਼ਨਾਂ ਵਿਚ ਮੁਸਲਿਮ ਭਾਈਚਾਰੇ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਦਲ ਖਾਲਸਾ ਦੀ ਅਗਵਾਈ ਹੇਠ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਵਫ਼ਦ ਦਿੱਲੀ ਪੁੱਜਾ ਹੈ, ਜਿਸ ਨੇ ਸ਼ਾਹੀਨ ਬਾਗ਼ ਮੋਰਚੇ ਵਿਚ ਸ਼ਮੂਲੀਅਤ ਕਰਦਿਆਂ ਇਸ ਕਾਨੂੰਨ ਖ਼ਿਲਾਫ਼ ਮੁਸਲਿਮ ਭਾਈਚਾਰੇ ਨਾਲ ਇਕਜੁੱਟਤਾ ਪ੍ਰਗਟਾਈ ਹੈ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਲਗਪਗ 20 ਮੈਂਬਰੀ ਸਿੱਖ ਵਫ਼ਦ ਨੇ ਬੀਤੇ ਦਿਨੀਂ ਸ਼ਾਹੀਨ ਬਾਗ਼ ਅਤੇ ਜਾਮੀਆ ਯੂਨੀਵਰਸਿਟੀ ਦੇ ਬਾਹਰ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਵਿਚ ਸ਼ਮੂਲੀਅਤ ਕੀਤੀ ਹੈ। ਸ਼ਾਹੀਨ ਬਾਗ਼ ਵਿਚ ਸੰਬੋਧਨ ਦੌਰਾਨ ਉਨਾਂ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹਿੰਦੂ ਵੋਟਾਂ ਲੈਣ ਵਾਸਤੇ ਦੇਸ਼ ਨੂੰ ਫ਼ਿਰਕੂ ਰੰਗ ਵਿਚ ਰੰਗਣ ਦਾ ਯਤਨ ਕਰ ਰਹੀ ਹੈ। ਉਨਾਂ ਦੋਸ਼ ਲਾਇਆ ਕਿ ਨਾਗਰਿਕਤਾ ਸੋਧ ਕਾਨੂੰਨ ਫੁੱਟ ਪਾਉਣ ਵਾਲਾ ਤੇ ਫ਼ਿਰਕੂ ਹੈ। ਉਨਾਂ ਕਿਹਾ ਕਿ ਸਿੱਖ ਭਾਈਚਾਰਾ ਨਫ਼ਰਤ ਦੀ ਰਾਜਨੀਤੀ ਦੇ ਹੱਕ ਵਿਚ ਨਹੀਂ ਹੈ।

ਬਾਕੀ ਸਫ਼ਾ 32 ’ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

12 ਫਰਵਰੀ 2020 ਤੋਂ 18 ਫਰਵਰੀ 2020

## ਬੀਜੇਪੀ ਦੀ ਇਖ਼ਲਾਕੀ ਹਾਰ

70 ਮੈਂਬਰੀ ਦਿੱਲੀ ਵਿਧਾਨ ਸਭਾ ਦੇ ਨਤੀਜਿਆਂ ਨੇ ਇਕ ਵਾਰ ਫਿਰ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਲੈ ਰਹੀ ਭਾਰਤੀ ਜਨਤਾ ਪਾਰਟੀ ਨੂੰ ਸ਼ੀਸ਼ਾ ਵਿਖਾ ਦਿੱਤਾ ਹੈ ਕਿ ਭਾਰਤ ਦੇ ਆਮ ਨਾਗਰਿਕਾਂ ਦੀ ਜ਼ਮੀਰ ਅਜੇ ਜਿਉਂਦੀ ਹੈ। ਪਿਛਲੇ ਲਗਭਗ ਇਕ ਦਹਾਕੇ ਤੋਂ ਭਾਰਤ ਦੀ ਕੌਮੀ ਰਾਜਨੀਤੀ ਵਿਚ ਕੇਂਦਰੀ ਮੰਚ ਤੇ ਆਈ ਬੀਜੇਪੀ ਨੇ ਭਾਵੇਂ ਸ਼ੁਰੂ ਤੋਂ ਹੀ ਆਪਣਾ ਪੈਂਤੜਾ ਉਹ ਰੱਖਿਆ ਹੈ ਜੋ ਆਦੇਸ਼ ਇਸ ਨੂੰ ਰਾਸ਼ਟਰੀ ਸਵੈਮ ਸੇਵਕ ਸੰਘ ਤੋਂ ਮਿਲਦਾ ਹੈ ਪਰ ਸ਼ੁਰੂ ਸ਼ੁਰੂ ਵਿਚ ਇਸ ਦੀ ਕਾਰਜਸ਼ੈਲੀ ਰੱਖਿਆਤਮਕ ਸੀ ਅਤੇ ਸੱਤਾ ਵਿਚ ਆਉਣ ਮਗਰੋਂ ਇਹ ਇਕੋ ਦਮ ਆਕ੍ਰਮਣਕ ਹੋ ਗਈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਦਿੱਲੀ ਤੋਂ ਮਿਲੇ ਵੱਡੇ ਹੁੰਗਾਰੇ ਤੋਂ ਉਤਸ਼ਾਹਤ ਭਾਰਤੀ ਜਨਤਾ ਪਾਰਟੀ ਨੇ ਇਨਾਂ ਵਿਧਾਨ ਸਭਾ ਚੋਣਾਂ ਵਿਚ 48 ਸੀਟਾਂ ਲਿਜਾਣ ਦਾ ਦਾਅਵਾ ਕੀਤਾ ਸੀ ਪਰ ਇਹ ਫਿਰ ਸੁੰਗੜ ਕੇ 8 ਸੀਟਾਂ ਤੇ ਰਹਿ ਗਈ। ਸਿਆਸੀ ਮਾਹਿਰਾਂ ਅਤੇ ਰਾਜਨੀਤਕ ਪਾਰਟੀਆਂ ਭਾਵੇਂ ਹੁਣ ਇਨਾਂ ਚੋਣਾਂ ਨੂੰ ਆਮ ਆਦਮੀ ਪਾਰਟੀ ਦੇ ਵਿਕਾਸ ਕਾਰਜਾਂ, ਵਿਦਿਆ, ਸਿਹਤ ਅਤੇ ਹੋਰ ਜਨਤਕ ਸਹੂਲਤਾਂ ਦੇ ਪੱਖੋਂ ਅਰਵਿੰਦ ਕੇਜਰੀਵਾਲ ਸਰਕਾਰ ਦੀ ਚੰਗੀ ਕਾਰਗੁਜ਼ਾਰੀ ਦੇ ਨਜ਼ਰੀਏ ਤੋਂ ਵੇਖ ਰਹੇ ਹਨ ਪਰ ਚੋਣਾਂ ਸਮੇਂ ਸਥਿਤੀ ਕੁਝ ਹੋਰ ਸੀ। ਭਾਰਤ ਦਾ ਪੂਰਾ ਰਾਸ਼ਟਰੀ ਮੀਡੀਆ (ਇੱਕਾ ਦੁੱਕਾ ਚੈਨਲਾਂ ਨੂੰ ਛੱਡ ਕੇ) ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਜੋੜੀ ਦੀ ਕਾਰਗੁਜ਼ਾਰੀ ਦੇ ਸੋਹਲੇ ਗਾ ਰਿਹਾ ਸੀ ਅਤੇ ਅਰਵਿੰਦ ਕੇਜਰੀਵਾਲ ਨੂੰ ਨੁਕਤਾਚੀਨੀ ਵਾਲੇ ਨਜ਼ਰੀਏ ਤੋਂ ਵੇਖ ਰਿਹਾ ਸੀ। ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਕਿ ਦਿੱਲੀ ਵਿਚ ਕੇਜਰੀਵਾਲ ਸਰਕਾਰ ਨੇ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕੀਤਾ ਹੈ ਪਰ ਚੋਣਾਂ ਤੋਂ ਪਹਿਲਾਂ ਦਿੱਲੀ ਵਿਚ ਜਿਹੜਾ ਮਾਹੌਲ ਬੀਜੇਪੀ ਅਤੇ ਹੋਰ ਕੱਟੜ ਰਾਸ਼ਟਰਵਾਦੀ ਤਾਕਤਾਂ ਨੇ ਸਿਰਜਿਆ ਸੀ, ਦਿੱਲੀ ਦੇ ਵੋਟਰਾਂ ਨੇ ਉਸ ਨੂੰ ਖਾਰਜ ਹੀ ਨਹੀਂ ਕੀਤਾ ਸਗੋਂ ਇਹ ਵੀ ਸਾਬਤ ਕਰ ਦਿੱਤਾ ਕਿ ਕੇਂਦਰੀ ਸੱਤਾ ਦੀ ਕੰਧ ਨਾਲ ਬੈਠੇ ਲੋਕ ਸੱਤਾਧਾਰੀਆਂ ਦੀ ਔਕਾਤ ਭਲੀਭਾਂਤ ਜਾਣਦੇ ਹਨ।

ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ, ਇਥੋਂ ਤੱਕ ਕਿ ਸ਼ਿਵ ਸੈਨਾ ਵਰਗੀਆਂ ਹਿੰਦੂ ਰਾਸ਼ਟਰ ਦੇ ਸਿਧਾਂਤ ਵਾਲੀਆਂ ਪਾਰਟੀਆਂ ਨੇ ਇਨਾਂ ਚੋਣਾਂ ਨੂੰ ਬੀਜੇਪੀ ਦੀ ਇਖਲਾਕੀ ਹਾਰ ਦੱਸਿਆ ਹੈ। ਬੀਜੇਪੀ ਨੇ ਖੁਦ ਆਪਣੇ ਚੋਣ ਜਲਸਿਆਂ ਵਿਚ ਇਨਾਂ ਚੋਣਾਂ ਨੂੰ ਦੇਸ਼ ਦੀ ਭਵਿੱਖਕਾਲੀ ਰਾਜਨੀਤੀ ਲਈ ਫੈਸਲਾਕੁੰਨ ਚੋਣਾਂ ਦੱਸਿਆ ਸੀ ਅਤੇ ਆਪਣੇ ਚੋਣ ਪ੍ਰਚਾਰ ਦਾ ਆਧਾਰ ਵੀ ਜੰਮੂ ਕਸ਼ਮੀਰ ਵਿਚ ਦਫ਼ਾ 370 ਹਟਾਉਣ ਅਤੇ ਕੌਮੀ ਨਾਗਰਿਕਤਾ ਕਾਨੂੰਨ ਵਰਗੇ ਮੁੱਦਿਆਂ ਨੂੰ ਬਣਾਇਆ ਸੀ। ਸ਼ਾਇਦ ਮੁਲਕ ਦੀ ਇਹ ਪਹਿਲੀ ਵਿਧਾਨ ਸਭਾ ਚੋਣ ਹੋਵੇ ਜਿਸ ਦੇ ਚੋਣ ਪ੍ਰਚਾਰ ਵਿਚ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰੱਖਿਆ ਮੰਤਰੀ ਅਤੇ ਕੇਂਦਰੀ ਲੀਡਰਸ਼ਿਪ ਦੇ ਹੋਰ ਸੀਨੀਅਰ ਨੇਤਾਵਾਂ ਨੇ ਦਿਨ ਰਾਤ ਇਕ ਕਰਕੇ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਵੇ। ਦਿੱਲੀ ਦੇ ਸ਼ਾਹੀਂ ਬਾਗ਼ ਵਿਚ ਕੌਮੀ ਨਾਗਰਿਕਤਾ ਸੋਧ ਕਾਨੂੰਨ ਖਿਲਾਫ਼ ਚੱਲ ਰਹੇ ਧਰਨੇ ਨੂੰ ਵੀ ਬੀਜੇਪੀ ਨੇ ਇਕ ਚੋਣ ਹਰਬਾ ਬਣਾਉਣ ਦੀ ਕੋਸ਼ਿਸ਼ ਕੀਤੀ, ਜਿਸ ਬਾਰੇ ਅਮਿਤ ਸ਼ਾਹ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਇਹ ਮਿੰਨੀ ਪਾਕਿਸਤਾਨ ਹੈ। ਭਾਰਤੀ ਜਨਤਾ ਪਾਰਟੀ ਨੇ ਆਪਣੇ ਸਾਰੇ ਚੋਣ ਜਲਸਿਆਂ ਵਿਚ ਪ੍ਰਚਾਰ ਦੀ ਸੂਈ ਹਿੰਦੂ ਰਾਸ਼ਟਰ ਦੇ ਮੁੱਦਿਆਂ ਉਪਰ ਹੀ ਟਿਕਾਈ ਰੱਖੀ ਅਤੇ ਆਪਣੇ ਆਪ ਨੂੰ ਦੇਸ਼ ਦੀ ਰੱਖਿਅਕ ਪਾਰਟੀ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਦਿੱਲੀ ਵਿਧਾਨ ਸਭਾ ਵਿਚ ਬੀਜੇਪੀ ਦੀ ਹਾਰ ਮਗਰੋਂ ਪਾਰਟੀ ਦੇ ਕਿਸੇ ਵੱਡੇ ਨੇਤਾ ਨੇ ਭਾਵੇਂ ਕੋਈ ਬੱਝਵਾਂ ਪ੍ਰਤੀਕਰਮ ਜ਼ਾਹਿਰ ਨਹੀਂ ਕੀਤਾ ਪਰ ਦਿੱਲੀ ਦੇ ਪ੍ਰਧਾਨ ਮਨੋਜ ਤਿਵਾੜੀ ਦਾ ਇਹ ਕਹਿਣਾ ਕਿ ਉਨਾਂ ਦੀ ਕਾਰਗੁਜ਼ਾਰੀ ਵਿਚ ਕਾਫ਼ੀ ਸੁਧਾਰ ਹੋਇਆ ਪਰ ਫਿਰ ਵੀ ਉਹ ਪਾਰਟੀ ਪੱਧਰ ’ਤੇ ਇਸ ਦੀ ਪੜਚੋਲ ਕਰਨਗੇ, ਇਹ ਦਰਸਾਉਂਦਾ ਹੈ ਕਿ ਪਾਰਟੀ ਨੂੰ ਵੀ ਅਜੇ ਤੱਕ ਆਪਣੀ ਹਾਰ ਦੇ ਕਾਰਨ ਸਮਝ ਨਹੀਂ ਆ ਰਹੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਉਪਰ ਲਗਾਤਾਰ ਦਬਾਅ ਦੇ ਬਾਵਜੂਦ ਇਸ ਨੇ ਰਾਜਧਾਨੀ ਦੇ ਖੇਤਰ ਵਿਚ ਬੇਮਿਸਾਲ ਕੰਮ ਕੀਤੇ ਹਨ ਅਤੇ ਅਰਵਿੰਦ ਕੇਜਰੀਵਾਲ ਆਪਣੀ ਜਿੱਤ ਦਾ ਸਿਹਰਾ ਵੀ ਇਨਾਂ ਵਿਕਾਸ ਕਾਰਜਾਂ ਸਿਰ ਬੰਨ ਰਹੇ ਹਨ ਪਰ ਭਾਰਤੀ ਜਨਤਾ ਪਾਰਟੀ ਦੀ ਫੁੱਟ ਪਾਊ ਨੀਤੀ ਨੇ ਵੀ ‘ਆ ਬੈਲ ਮੁਝੇ ਮਾਰ’ ਦਾ ਕੰਮ ਕੀਤਾ ਹੈ। ਲਗਭਗ ਇਕ ਸਾਲ ਤੋਂ ਦਿੱਲੀ ਦੇ ਵਿਦਿਅਕ ਅਦਾਰਿਆਂ ਖਾਸ ਕਰਕੇ ਜਾਮੀਆ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਨਿਸ਼ਾਨਾ ਬਣਾਇਆ ਜਾਣਾ ਇਸ ਨੂੰ ਬਹੁਤ ਮਹਿੰਗਾ ਪਿਆ ਹੈ। ਪਾਰਟੀ ਦੇ ਨੇਤਾਵਾਂ ਦੀ ਗੈਰ ਜਿੰਮੇਵਾਰਾਨਾ ਬਿਆਨਬਾਜ਼ੀ ਅਤੇ ਇਸ ਦੇ ਕਾਰਕੁੰਨਾਂ ਤੇ ਜ਼ਰ ਖਰੀਦ ਬੰਦਿਆਂ ਦੀ ਬੁਰਛਾਗਰਦੀ ਨੇ ਵੀ ਬੀ ਜੇ ਪੀ ਨੂੰ ਨੁਕਰੇ ਲਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਜੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਦਿੱਲੀ ਦੇ ਚੋਣ ਜਲਸਿਆਂ ਵਿਚ ਆਪਣੇ ਭਾਸ਼ਣਾਂ ਵਿਚ ਕੀਤੀ ਭਵਿੱਖਬਾਣੀ ਨੂੰ ਸੱਚ ਮੰਨ ਲਈਏ ਕਿ ਦਿੱਲੀ ਵਿਧਾਨ ਸਭਾ ਦੇ ਚੋਣ ਨਤੀਜੇ ਦੇਸ਼ ਦੀ ਰਾਜਨੀਤੀ ਦਾ ਭਵਿੱਖ ਅਤੇ ਦਿਸ਼ਾ ਤੈਅ ਕਰਨਗੇ, ਤਾਂ ਕੀ ਇਹ ਸਮਝ ਲਿਆ ਜਾਵੇ ਕਿ ਹੁਣ ਬੀ ਜੇ ਪੀ ਵਲੋਂ ਪਾਰਲੀਮੈਂਟ ਵਿਚ ਆਪਣੇ ਬਹੁਮਤ ਦੇ ਬਲਬੂਤੇ ਲਏ ਗਏ ਫੈਸਲੇ ਦੇਸ ਵਾਸੀਆਂ ਨੂੰ ਮਨਜ਼ੂਰ ਨਹੀਂ ਹੋਣਗੇ। ਇਸ ਸਮੁੱਚੇ ਵਰਤਾਰੇ ਨੂੰ ਬੀ ਜੇ ਪੀ ਦੇ ਸਿਆਸੀ ਨਜ਼ਰੀਏ ਤੋਂ ਦੇਖਣ ਦੀ ਵੀ ਜ਼ਰੂਰਤ ਹੈ। ਕੋਈ ਸਮਾਂ ਸੀ ਜਦ ਭਾਰਤੀ ਜਨਤਾ ਪਾਰਟੀ ਸੱਤਾ ਵਿਚ ਆਉਣ ਲਈ ਖੇਤਰੀ ਪਾਰਟੀਆਂ ਵੱਲ ਭਾਈਵਾਲੀ ਦਾ ਹੱਥ ਵਧਾਉਂਦੀ ਸੀ ਜਾਂ ਕੁਲੀਸ਼ਨ ਦੀ ਕੋਸ਼ਿਸ਼ ਕਰਦੀ ਸੀ। ਕੇਂਦਰੀ ਸੱਤਾ ਤੋਂ ਇਲਾਵਾ ਉੱਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਜੰਮੂ ਕਸ਼ਮੀਰ ਅਤੇ ਪੰਜਾਬ ਵਿਚ ਇਸ ਦੀਆ ਉਦਾਹਰਣਾਂ ਵੇਖੀਆਂ ਜਾ ਸਕਦੀਆਂ ਹਨ। ਨਰੇਂਦਰ ਮੋਦੀ ਅਤੇ ਅਮਿਤ ਸ਼ਾਹ ਵਰਗੇ ਨੇਤਾਵਾਂ ਦੇ ਕੇਂਦਰੀ ਲੀਡਰਸ਼ਿਪ ਵਿਚ ਪ੍ਰਵੇਸ਼ ਕਰਨ ਮਗਰੋਂ ਪਾਰਟੀ ਨੇ ਹਿੰਦੂ ਕਾਰਡ ਨੂੰ ਹੀ ਆਪਣੀ ਰਾਜਨੀਤੀ ਦਾ ਆਧਾਰ ਬਣਾਉਣਾ, ਇਲਾਕਾਈ ਪਾਰਟੀਆਂ ਨਾਲੋਂ ਇਸ ਦੀ ਦੂਰੀ ਦੇ ਕਾਰਨ ਵਜੋਂ ਵੇਖਿਆ ਜਾ ਸਕਦਾ ਹੈ। ਮਹਾਰਾਸ਼ਟਰ ਵਿਚ ਇਸ ਦੀ ਖ਼ਾਸ ਭਾਈਵਾਲ ਸ਼ਿਵ ਸੈਨਾ ਅਤੇ ਪੰਜਾਬ ਵਿਚ ਅਕਾਲੀ ਦਲ ਵਲੋਂ ਤੋੜ ਵਿਛੋੜਾ ਤਾਜ਼ੀਆਂ ਉਦਾਹਰਣਾਂ ਹਨ। ਸ਼ਾਇਦ ਪਾਰਟੀ ਦੇ ਸਲਾਹਕਾਰਾਂ ਜਾਂ ਸਿਧਾਂਤਕਾਰਾਂ ਨੂੰ ਇਹ ਜਾਪਣ ਲੱਗ ਪਿਆ ਹੋਵੇ ਕਿ ਹੁਣ ਇਸ ਨੂੰ ਇਲਾਕਾਈ ਪਾਰਟੀਆਂ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਬੀ ਜੇ ਪੀ ਸਿਧਾਂਤਕ ਤੌਰ ’ਤੇ ਭਾਰਤ ਦੇ ਫੈਡਰਲ ਢਾਂਚੇ ਦੇ ਹੱਕ ਵਿਚ ਨਹੀਂ ਹੈ, ਇਹ ਸੱਤਾ ਦਾ ਕੇਂਦਰੀਕਰਨ ਕਰਨਾ ਚਾਹੁੰਦੀ ਹੈ। ਇਥੋਂ ਤੱਕ ਕਿ ਇਸ ਨੂੰ ਭਾਰਤੀ ਸੰਵਿਧਾਨ ਦਾ ਮੌਜੂਦਾ ਸਰੂਪ ਵੀ ਪਸੰਦ ਨਹੀਂ ਹੈ, ਇਹ ਪ੍ਰਧਾਨ ਮੰਤਰੀ ਦੀ ਥਾਂ ਰਾਸ਼ਟਰਪਤੀ ਦੀ ਸਿੱਧੀ ਚੋਣ ਵਾਲਾ ਇਕਹਿਰੀ ਸੱਤਾ ਵਾਲਾ ਸਿਲਸਿਲਾ ਚਾਹੁੰਦੀ ਹੈ।

ਭਾਵੇਂ ਚੋਣਾਂ ਤੋਂ ਪਹਿਲਾਂ ਦਿੱਲੀ ਦੇ ਲੋਕਾਂ ਦੇ ਮੂਡ ਸਬੰਧੀ ਕਨਸੋਆਂ ਮਿਲ ਰਹੀਆਂ ਸਨ ਅਤੇ ਖ਼ੁਫ਼ੀਆ ਤੰਤਰ ਦੀਆਂ ਰਿਪੋਰਟਾਂ ਵੀ ਇਹ ਕਹਿ ਰਹੀਆਂ ਸਨ ਕਿ ਹਵਾ ਕੇਜਰੀਵਾਲ ਦੇ ਹੱਕ ਵਿਚ ਹੈ ਪਰ ਭਾਰਤੀ ਜਨਤਾ ਪਾਰਟੀ ਨੂੰ ਇੱਥੇ ਵੀ ਕਿਸੇ ਕ੍ਰਿਸ਼ਮੇ ਦੀ ਆਸ ਸੀ ਅਤੇ ਉਹ ਕ੍ਰਿਸ਼ਮਾ ਬੀ ਜੇ ਪੀ ਦੀ ਉਮੀਦ ਮੁਤਾਬਕ ਨਹੀਂ ਹੋਇਆ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਦਿੱਲੀ ਦੀ ਹਵਾ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਵੀ ਜਾਏਗੀ ਜਾਂ ਇਥੋਂ ਤੱਕ ਹੀ ਸੀਮਤ ਰਹੇਗੀ।

# ਕੀ ਭਾਰਤੀ ਜਨਤਾ ਪਾਰਟੀ ਨੂੰ ਹਿੰਦੂ ਵੋਟਰਾਂ ਦੀ ਲੋੜ ਹੈ ?

## ਮੁਸਲਮਾਨਾਂ ਦੇ ਖਿਲਾਫ਼ ਘ੍ਰਿਣਾ ਤੇ ਨਸਲਵਾਦ ਦੀ ਮੁਹਿੰਮ ਚਲਾ ਰਹੀ ਏ ਭਾਜਪਾ




**- ਪ੍ਰੋ. ਅਪੂਰਵਾਨੰਦ**

ਭਾਜਪਾ ਅਣਥਕ ਯਤਨ ਕਰ ਰਹੀ ਹੈ ਕਿ ਚੋਣਾਂ ਹੋਣ ਜਾਂ ਨਾ ਹੋਣ ਉਹ ਜ਼ਿਆਦਾ ਤੋਂ ਜ਼ਿਆਦਾ ਹਿੰਦੂਆਂ ਨੂੰ ਆਪਣਾ ਦਾਸ ਬਣਾ ਲਵੇ, ਇਸ ਦੇ ਲਈ ਉਹ ਮੁਸਲਮਾਨਾਂ ਨੂੰ ਅਪਮਾਨਿਤ ਕਰਦੀ ਰਹਿੰਦੀ ਹੈ ਤੇ ਮੁਸਲਮਾਨਾਂ ਦੇ ਖਿਲਾਫ਼ ਜ਼ਹਿਰੀਲੇ ਬਿਆਨ ਛੱਡਦੀ ਰਹਿੰਦੀ ਹੈ। ਮੁਸਲਮਾਨਾਂ ਨੂੰ ਦਹਿਸ਼ਤਵਾਦੀ ਸਿੱਧ ਕਰਕੇ ਹਿੰਦੂਆਂ ਦੇ ਮਨ ਵਿਚ ਡਰ ਪੈਦਾ ਕਰਨ ਦਾ ਯਤਨ ਕਰਦੀ ਰਹਿੰਦੀ ਹੈ। ਇਸ ਦੇ ਲਈ ਉਹ ਮੁਸਲਮਾਨਾਂ ਦੇ ਖਿਲਾਫ਼ ਘ੍ਰਿਣਾ ਦੀ ਮੁਹਿੰਮ ਚਲਾ ਰਹੀ ਹੈ। ਭਾਜਪਾ ਇਹ ਚੋਣਾਂ ਤੋਂ ਪਹਿਲਾਂ ਤੇ ਬਾਅਦ ਵਿਚ ਇਸੇ ਨੀਤੀ ਤਹਿਤ ਸਿਆਸਤ ਖੇਡਦੀ ਰਹਿੰਦੀ ਹੈ। ਜਦ ਚੋਣਾਂ ਵਿਚ ਉਸ ਨੂੰ ਵੱਡਾ ਮੌਕਾ ਮਿਲਦਾ ਹੈ ਤਾਂ ਉਹ ਖੁੱਲ ਕੇ ਨਫ਼ਰਤ ਦੀ ਮੁਹਿੰਮ ਚਲਾਉਂਦੀ ਹੈ। ਦਿੱਲੀ ਚੋਣਾਂ ਦੇ ਦੌਰਾਨ ਵੀ ਉਸ ਨੇ ਇਹੀ ਨੀਤੀ ਅਪਨਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਜਪਾ ਦੇ ਦਿੱਲੀ ਚੋਣ ਪ੍ਰਚਾਰ ਤੋਂ ਇਕ ਵਾਰ ਇਹ ਸਿਧ ਹੋਇਆ ਹੈ ਕਿ ਉਹ ਖੁਦ ਨੂੰ ਸਿਰਫ ਤਾਂ ਸਿਰਫ ਹਿੰਦੂਆਂ ਦੀ ਪਾਰਟੀ ਮੰਨਦੀ ਹੈ ਤੇ ਉਨਾਂ ਨੂੰ ਹੀ ਸੰਬੋਧਨ ਕਰਦੀ ਹੈ। ਭਾਜਪਾ ਦਾ ਹਿੰਦੂਪਨ ਇਸ ਗੱਲ ਤੋਂ ਪ੍ਰਭਾਸ਼ਿਤ ਨਹੀਂ ਹੁੰਦਾ ਕਿ ਉਹ ਕਿਸ ਤਰਾਂ ਦੀ ਪੂਜਾ ਤੇ ਕਰਮਕਾਂਡ ਕਰਦੇ ਹਨ ਤੇ ਉਨਾਂ ਦਾ ਭਗਵਾਨ ਕੌਣ ਹੈ ਤੇ ਉਨਾਂ ਦੇ ਧਾਰਮਿਕ ਗ੍ਰੰਥ ਕਿਹੜੇ ਕਿਹੜੇ ਹਨ। ਧਾਰਮਿਕ ਅਚਾਰ-ਵਿਚਾਰ ਨੂੰ ਲੈ ਕੇ ਉਨਾਂ ਦਾ ਵਿਸ਼ਵਾਸ ਕਿੰਨਾ ਕੁ ਦ੍ਰਿੜ ਹੈ? ਭਾਜਪਾ ਲਈ ਇਹ ਵੀ ਮਹੱਤਵਪੂਰਨ ਨਹੀਂ ਹੈ ਕਿ ਹਿੰਦੂ ਵੇਦਾਂ, ਉਪਨਿਸ਼ਦਾਂ, ਗੀਤਾ ਆਦਿ ਦੇ ਗਿਆਨ ਦਾ ਸੋਮਾ ਹੋਵੇ ਜਾਂ ਨਹੀਂ। ਭਾਜਪਾ ਹਿੰਦੂ ਧਰਮ ਨੂੰ ਮੁਸਲਮਾਨ ਤੇ ਇਸਾਈ ਦੇ ਪ੍ਰਤੀ ਨਫਰਤ ਵਜੋਂ ਨਾਪਦੀ ਹੈ। ਇਸ ਲਈ ਉਹ ਇਸੇ ਸਿਆਸਤ ’ਤੇ ਹੀ ਕੰਮ ਕਰਦੀ ਹੈ। ਭਾਜਪਾ ਜਾਣਦੀ ਹੈ ਕਿ ਮੁਸਲਮਾਨ ਉਸ ਨੂੰ ਵੋਟ ਨਹੀਂ ਦੇਣਗੇ। ਇਸ ਲਈ ਉਹ ਹਿੰਦੂਆਂ ਨੂੰ ਆਪਣੇ ਵਲ ਖਿੱਚਣ ਦਾ ਯਤਨ ਕਰਦੀ ਰਹਿੰਦੀ ਹੈ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਚੋਣ ਪ੍ਰਚਾਰ ਕੁਝ ਵੀ ਹੋਵੇ, ਦੇਖਣ ਵਾਲੀ ਗੱਲ ਇਹ ਹੈ ਕਿ ਸਰਕਾਰ ਬਨਾਉਣ ਤੋਂ ਬਾਅਦ ਕੀ ਉਹ ਪਾਰਟੀ ਕਿਸੇ ਭਾਈਚਾਰੇ ਨਾਲ ਕੋਈ ਭੇਦਭਾਵ ਕਰ ਰਹੀ ਹੈ? ਇਸ ਤਰਕ ਦੇ ਸਹਾਰੇ ਮੁਸਲਮਾਨ ਤੇ ਇਸਾਈ ਵਿਰੋਧੀ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ ਨੂੰ ਪਹਿਲੇ ਰਾਜਨੇਤਾ ਦੇ ਰੂਪ ਵਿਚ ਸਵੀਕਾਰਿਆ ਗਿਆ। ਫਿਰ ਦੋਨਾਂ ਦੀ ਤਰੱਕੀ ਕਰਕੇ ਇਨਾਂ ਨੂੰ ਰਾਸ਼ਟਰੀ ਨਾਇਕ ਦਾ ਦਰਜਾ ਦਿੱਤਾ ਗਿਆ।

ਸਭਿਅਕ ਸਮਾਜਾਂ ਵਿਚ ਅਜਿਹੇ ਫਾਸ਼ੀਵਾਦੀ ਬਿਰਤੀ ਵਾਲੀਆਂ ਸਖਸ਼ੀਅਤਾਂ ਨੂੰ ਸਾਮਾਜਿਕ ਗਤੀਵਿਧੀਆਂ ਤੋਂ ਦੂਰ ਰੱਖਿਆ ਜਾਂਦਾ ਹੈ। ਪਰ ਸਾਡਾ ਦੁਖਾਂਤ ਇਹ ਹੈ ਕਿ ਸਾਡਾ ਸਮਾਜ ਅਜਿਹਾ ਨਹੀਂ ਬਣ ਸਕਿਆ। ਇਸ ਲਈ ਮੁਸਲਮਾਨ ਵਿਰੋਧੀ ਮੁਹਿੰਮ ਚਲਾਉਣ ਵਾਲਿਆਂ ਨੂੰ ਨਾ ਸਿਰਫ ਮੁਲਕ ਸੌਂਪ ਦਿੱਤਾ ਜਾਂਦਾ ਹੈ, ਬਲਕਿ ਸਾਡੇ ਸਮਾਜ ਦੇ ਮਹੱਤਵਪੂਰਨ ਲੋਕ ਉਨਾਂ ਦੇ ਨਾਲ ਚਾਹ ਪੀਣ ਵਿਚ ਮਾਣ ਮਹਿਸੂਸ ਕਰਦੇ ਹਨ ਤੇ ਇਸ ਨੂੰ ਉਹ ਆਪਣੀ ਸਭਿਅਤਾ ਦਾ ਸਬੂਤ ਮੰਨਦੇ ਹਨ। ਇਹ ਨਫ਼ਰਤ ਭਰਪੂਰ ਪ੍ਰਚਾਰ ਦੇ ਲਈ ਮੰਚ ਨੂੰ ਸਿਰਜਦੇ ਹਨ ਤੇ ਉਨਾਂ ਦੇ ਵਿਚਾਰਾਂ ਪ੍ਰਤੀ ਸਹਿਮਤੀ ਪ੍ਰਗਟਾਉਂਦੇ ਹਨ। ਚੋਣਾਂ ਦੌਰਾਨ ਜਨਤਾ ਨੂੰ ਫਾਸ਼ੀਵਾਦ ਤੇ ਨਸਲਵਾਦ ਦੀ ਜੇਲ ਵਿਚ ਬੰਦ ਕਰਨ ਦਾ ਯਤਨ ਕੀਤਾ ਜਾਂਦਾ ਹੈ। ਲਗਦਾ ਤਾਂ ਇਹ ਹੈ ਕਿ ਜਨਤਾ ਨੇਤਾ ਚੁਣ ਰਹੀ ਹੈ, ਪਰ ਨੇਤਾ ਜਾਂ ਰਾਜਨੀਤਕ ਦਲ ਵੀ ਆਪਣੀ ਜਨਤਾ ਚੁਣਦੇ ਹਨ। ਆਮ ਤੌਰ ’ਤੇ ਸਾਧਾਰਨ ਲੋਕਤੰਤਰ ਅਵਸਥਾ ਵਿਚ ਇਕ ਆਮ ਰਾਜਨੀਤਕ ਦਲ ਇਹ ਚਾਹੇਗਾ ਕਿ ਉਸ ਦੀ ਜਨਤਾ ਵਿਚ ਸਮਾਜ ਵਿਚ ਮੌਜੂਦ ਹਰ ਤਰਾਂ ਦੇ ਲੋਕਾਂ ਵਿਚ ਉਸ ਦਾ ਅਕਸ ਵਧੀਆ ਬਣ ਕੇ ਪੇਸ਼ ਹੋਵੇ। ਇਥੋਂ ਤੱਕ ਅਮੀਰ ਗਰੀਬ ਦੀ ਵਰਗ ਵੰਡ ਵਿਰੁਧ ਲੜਨ ਵਾਲੀ ਕਮਿਊਨਿਸਟ ਪਾਰਟੀ ਸਿਰਫ ਮਜ਼ਦੂਰਾਂ ਤੇ ਕਿਸਾਨਾਂ ਤੱਕ ਖੁਦ ਨੂੰ ਸੀਮਤ ਨਹੀਂ ਰੱਖਣਾ ਚਾਹੁੰਦੀ, ਉਹ ਸਭ ਲੋਕਾਂ ਵਿਚ ਆਪਣੀ ਮਾਨਤਾ ਪ੍ਰਾਪਤ ਕਰਨਾ ਚਾਹੁੰਦੀ ਹੈ। ਰਾਸ਼ਟਰੀ ਜਨਤਾ ਦਲ ਤੇ ਬਹੁਜਨ ਸਮਾਜ ਪਾਰਟੀ ਵਰਗੇ ਦਲਾਂ ਨੇ ਵੀ ਖੁਦ ਨੂੰ ਬਦਲਿਆ ਹੈ।

ਪਰ ਭਾਜਪਾ ਇਸ ਦੇ ਉਲਟ ਹਿੰਦੂਤਵ ਨੂੰ ਆਧਾਰ ਬਣਾ ਕੇ ਮੁਸਲਮਾਨਾਂ ਦੇ ਖਿਲਾਫ਼ ਨਫ਼ਰਤ ਫੈਲਾਉਂਦੀ ਹੈ ਤਾਂ ਜੋ ਭਾਰਤ ਦਾ ਸਾਰਾ ਹਿੰਦੂ ਵੋਟ ਬੈਂਕ ਉਸ ਦੀ ਸ਼ਰਨ ਵਿਚ ਆ ਜਾਵੇ। ਇਸ ਸੰਬੰਧ ਵਿਚ ਜੋ ਮੁਸਲਮਾਨਾਂ ਦੇ ਖਿਲਾਫ਼ ਸਾਜ਼ਿਸੀ ਡੰਗ ਨਾਲ ਹਿੰਸਾ ਹੋ ਰਹੀ ਹੈ, ਉਸ ਬਾਰੇ ਵੀ ਉਹ ਕੰਨ ਲਪੇਟ ਲੈਂਦੀ ਹੈ।

ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦੇ ਜ਼ਹਿਰੀਲੇ ਪ੍ਰਚਾਰ ਨਾਲ ਉਸ ਦੇ ਕਈ ਬੌਧਿਕ ਸਮਰਥਕ ਵੀ ਹਿੱਲ ਗਏ ਹਨ, ਉਹ ਆਪਣੀ ਪਾਰਟੀ ਦੇ ਨਾਲ ਇਸ ਪੱਧਰ ’ਤੇ ਡਿੱਗਣ ਦੇ ਲਈ ਤਿਆਰ ਨਹੀਂ ਸਨ। ਪਰ ਉਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਘ੍ਰਿਣਾ ਦੀ ਮਾਤਰਾ ਵਧਦੀ ਰਹਿੰਦੀ ਹੈ। ਉਸ ਦਾ ਆਧਾਰ ਸੀਮਤ ਨਹੀਂ ਹੁੰਦਾ। ਇਨਾਂ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਜੋ ਕੁਝ ਉਨਾਂ ਨੇ ਆਧਾਰ ਬੁਣਿਆ ਹੈ, ਉਸ ਦੀ ਫਸਲ ਵੱਡੇ ਪੱਧਰ ’ਤੇ ਤਿਆਰ ਹੋ ਰਹੀ ਹੈ। ਇਸ ਬਾਰੇ ਹੁਣ ਉਨਾਂ ਨੂੰ ਵਿਚਾਰ ਕਰਨ ਦੀ ਲੋੜ ਹੈ। ਹੁਣ ਬਹੁਤ ਸਾਰੇ ਲੋਕ ਇਹ ਕਹਿਣ ਲੱਗ ਪਏ ਹਨ ਕਿ ਭਾਜਪਾ ਦੇ ਰਾਜ ਦੌਰਾਨ ਜਨਤਾ ਤੇ ਵੋਟਰ ਦੇ ਚਰਿੱਤਰ ਵਿਚ ਤਬਦੀਲੀ ਆ ਰਹੀ ਹੈ। ਇਹ ਕਿਸੇ ਦੇਸ, ਰਾਸ਼ਟਰ ਜਾਂ ਸਮਾਜ ਦੇ ਲਈ ਸ਼ੁੱਭ ਨਹੀਂ ਹੈ ਕਿ ਉਨਾਂ ਨੂੰ ਵੱਖ-ਵੱਖ ਵਰਗਾਂ ਵਿਚ ਵੰਡ ਕੇ ਸਾਂਝੇਦਾਰੀ ਤੋੜ ਕੇ ਨਫਰਤ ਫੈਲਾ ਦਿੱਤੀ ਜਾਵੇ। ਭਾਜਪਾ ਦਾ ਆਧਾਰ ਅਜਿਹੇ ਵੋਟਰਾਂ ਦਾ ਹੈ, ਜੋ ਖੁਦ ਨੂੰ ਹਿੰਦੂ ਮੰਨਦੇ ਹਨ, ਪਰ ਉਨਾਂ ਦਾ ਹਿੰਦੂਪਨ ਨਫ਼ਰਤ ਤੇ ਹਿੰਸਾ ਨਾਲ ਭਰਿਆ ਹੋਇਆ ਹੈ। ਉਹ ਹਾਲੇ ਵੀ ਇਹ ਜਾਣਦੇ ਹਨ ਕਿ ਉਨਾਂ ਦਾ ਨੇਤਾ ਝੂਠ ਬੋਲ ਰਿਹਾ ਹੈ, ਪਰ ਉਹ ਉਸ ਦੀ ਬੇਸ਼ਰਮੀ ਅਤੇ ਨਸਲਵਾਦੀ ਸੋਚ ਕਾਰਨ ਉਸ ਦੇ ਸਮਰਥਕ ਹਨ। ਅਜਿਹੀ ਸੋਚ ਦੇ ਵੋਟਰ ਜੋ ਚਾਹੁੰਦੇ ਹਨ, ਉਹੀ ਇਨਾਂ ਦੇ ਨੇਤਾ ਇਨਾਂ ਦੀ ਝੋਲੀ ਵਿਚ ਪਾ ਰਹੇ ਹਨ।

ਦਿੱਲੀ ਯੂਨੀਵਰਸਿਟੀ (ਦਿੱਲੀ)

# ਮੀਡੀਆ ਸਾਹਮਣੇ ਵੱਡੀਆਂ ਚੁਣੌਤੀਆਂ

## - ਬਲਵਿੰਦਰ ਜੰਮੂ

ਪਿਛਲੇ ਦਹਾਕੇ ਵਿਚ ਮੀਡੀਆ ਸਮੇਤ ਲਗਪਗ ਸਾਰੇ ਖੇਤਰਾਂ ਵਿਚ ਤੇਜੀ ਨਾਲ ਤਬਦੀਲੀਆਂ ਆਈਆਂ। ਦੇਸ਼ ਦਾ ਵੱਡਾ ਮੀਡੀਆ ਖਾਸ ਕਰਕੇ ਕਾਰਪੋਰੇਟ ਮੀਡੀਆ ਹਾਕਮ ਧਿਰ ਦਾ ਬੁਲਾਰਾ ਬਣ ਕੇ ਰਹਿ ਗਿਆ ਹੈ ਤੇ ਇਸ ਨਾਲ ਮੀਡੀਆ ਦੀ ਭਰੋਸੇਯੋਗਤਾ ਨੂੰ ਵੱਡੀ ਢਾਹ ਲੱਗੀ ਹੈ। ਪਹਿਲਾਂ ਮੁੱਲ ਦੀਆਂ ਖਬਰਾਂ ਨੇ ਕਾਫੀ ਨੁਕਸਾਨ ਪਹੁੰਚਾਇਆ ਸੀ ਤੇ ਰਹਿੰਦੀ ਖੂੰਹਦੀ ਕਸਰ ਵੱਡੇ ਮੀਡੀਏ ਨੇ ਕੱਢ ਦਿੱਤੀ ਹੈ। ਇਸ ਕਰਕੇ ਕੁਝ ਤਾਂ ਇਸ ਨੂੰ 'ਗੋਦੀ' ਮੀਡੀਆ ਕਹਿਣ ਲੱਗ ਪਏ ਹਨ। ਪਰ ਗੱਲ ਇੱਥੋਂ ਤਕ ਹੀ ਸੀਮਤ ਨਹੀਂ ਰਹਿ ਗਈ। ਮੀਡੀਆ ਵਿਚ ਆ ਰਹੀਆਂ ਤਬਦੀਲੀਆਂ ਨੇ ਛੋਟੇ ਅਖਬਾਰਾਂ, ਟੀਵੀ ਚੈਨਲਾਂ ਤੋਂ ਲੈ ਕੇ ਵੱਡੇ ਮੀਡੀਆ ਹਾਊਸਾਂ ਨੂੰ ਵੀ ਹਿਲਾ ਕੇ ਰੱਖ ਦਿੱਤਾ ਹੈ। ਮੁਨਾਫੇ ਕਮਾ ਰਹੇ ਅਦਾਰਿਆਂ ਦੇ ਮੁਨਾਫੇ ਤੇਜੀ ਨਾਲ ਸੁੰਗੜਨੇ ਸ਼ੁਰੂ ਹੋ ਗਏ ਹਨ ਤੇ ਇਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਰਹਿਣ ਦੀ ਸਮੱਸਿਆ ਪੈਦਾ ਹੋ ਗਈ ਹੈ। ਇਹ ਵਰਤਾਰਾ ਪੱਛਮੀ ਮੁਲਕਾਂ ਤੋਂ ਸ਼ੁਰੂ ਹੋਇਆ ਸੀ ਜਿਸ ਨੇ ਹੁਣ ਸਾਰੇ ਮਹਾਂਦੀਪਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਔਨਲਾਈਨ ਮੀਡੀਆ ਦੀ ਬਦੌਲਤ ਪੱਛਮੀ ਮੁਲਕਾਂ ਦੇ ਕਈ ਵੱਡੇ ਵੱਡੇ ਅਖਬਾਰ ਬੰਦ ਹੋ ਗਏ ਹਨ। ਭਾਰਤ ਵਿਚ ਇਹ ਵਰਤਾਰਾ ਤੇਜੀ ਨਾਲ ਅਸਰਅੰਦਾਜ ਹੋ ਰਿਹਾ ਹੈ। ਅਖਬਾਰਾਂ ਅਤੇ ਟੀਵੀ ਚੈਨਲਾਂ ਤੋਂ ਖਬਰਾਂ ਪੜ੍ਹਣ ਤੇ ਦੇਖਣ ਵਾਲਿਆਂ ਦੀ ਗਿਣਤੀ ਤੇਜੀ ਨਾਲ ਘਟਦੀ ਜਾ ਰਹੀ ਹੈ। ਇਸ ਨਾਲ ਅਖਬਾਰਾਂ ਦੀ ਇਸ਼ਾਇਤ ਵੀ ਘਟਣੀ ਸ਼ੁਰੂ ਹੋ ਗਈ ਹੈ ਤੇ ਇਸੇ ਤਰ੍ਹਾਂ ਚੈਨਲਾਂ ਦੀ ਵਿਊਰਸ਼ਿਪ ਘਟ ਰਹੀ ਹੈ। ਇਸ ਵਰਤਾਰੇ ਨੇ ਅਖਬਾਰਾਂ ਅਤੇ ਟੀਵੀ ਚੈਨਲਾਂ ਸਾਹਮਣੇ ਹੋਂਦ ਦਾ ਸੁਆਲ ਖੜ੍ਹਾ ਕਰ ਦਿੱਤਾ ਹੈ। ਇਸ ਵਰਤਾਰੇ ਨੂੰ ਤੇਜ ਕਰਨ 'ਚ ਕੇਂਦਰ ਸਰਕਾਰ ਦੀਆਂ ਨੀਤੀਆਂ ਵੀ ਅਸਰ ਪਾ ਰਹੀਆਂ ਹਨ। ਅਖਬਾਰਾਂ ਦੇ ਇਸ਼ਤਿਹਾਰ ਘਟਾਏ ਜਾ ਰਹੇ ਹਨ ਜਿਸ ਨਾਲ ਛੋਟੇ ਅਖਬਾਰਾਂ ਬੰਦ ਹੋਣ ਦੀ ਕਗਾਰ 'ਤੇ ਪੁੱਜ ਗਏ ਹਨ। ਜੇਕਰ ਪਿਛਲੇ ਸਾਲ, ਡੇਢ ਸਾਲ ਵਿਚ ਕਾਗਜ਼ ਸਸਤਾ ਨਾ ਹੋਇਆ ਹੁੰਦਾ ਤਾਂ ਅਨੇਕਾਂ ਅਖਬਾਰਾਂ ਨੂੰ ਪੈ ਰਹੇ ਘਾਟੇ ਨੂੰ ਰੋਕਣ ਲਈ ਕਈ ਸਖਤ ਕਦਮ ਚੁੱਕਣੇ ਪੈਣੇ ਸਨ। ਇਸ ਵਿਚ ਵਰਕਰਾਂ ਦੀ ਛਾਂਟੀ ਤਕ ਸ਼ਾਮਲ ਹੈ।

ਸਾਲ 2019 ਦੇ ਮੁਕੰਮਲ ਹੋਣ ਅਤੇ ਨਵਾਂ ਵਰ੍ਹਾਂ 2020 ਚੜ੍ਹਣ ਨਾਲ ਪਿਛਲੇ ਦਹਾਕੇ ਵਿਚ ਆਈਆਂ ਤਬਦੀਲੀਆਂ ਦੇ ਮੁਲਾਂਕਣ ਸ਼ੁਰੂ ਚੁੱਕੇ ਹਨ। ਰਵਾਇਤੀ ਮੀਡੀਆ ਵਿਚ ਤੇਜੀ ਨਾਲ ਵਾਪਰ ਰਹੀਆਂ ਤਬਦੀਲੀਆਂ 'ਤੇ ਨਿਗਾਹ ਰੱਖੀ ਜਾ ਰਹੀ ਹੈ। ਪ੍ਰਿੰਟ ਅਤੇ ਟੀਵੀ ਚੈਨਲਾਂ ਵਿਚ ਆ ਰਹੀਆਂ ਤਬਦੀਲੀਆਂ ਬਾਰੇ ਚਰਚਾਵਾਂ ਦੇ ਦੌਰ ਚੱਲ ਰਹੇ ਹਨ। ਐਨ.ਡੀ.ਟੀ.ਵੀ. ਦੇ ਮੁੱਖ ਪ੍ਰਬੰਧਕ ਡਾ. ਪ੍ਰਣਵ ਰਾਏ ਮੁਤਾਬਿਕ ਪਿਛਲੇ ਵੀਹ ਸਾਲਾਂ ਵਿਚ ਟੀਵੀ ਚੈਨਲਾਂ ਤੋਂ ਖਬਰਾਂ ਦੇਖਣ ਵਾਲੇ ਦਰਸ਼ਕਾਂ ਦੀ ਗਿਣਤੀ 80 ਫੀਸਦੀ ਤੋਂ ਘੱਟ ਕੇ 50 ਫੀਸਦੀ ਰਹਿ ਗਈ ਹੈ ਤੇ ਅਖਬਾਰਾਂ ਤੋਂ ਖਬਰਾਂ ਪੜ੍ਹਣ ਵਾਲਿਆਂ ਦੀ ਗਿਣਤੀ 50 ਤੋਂ ਫੀਸਦੀ ਤੋਂ ਘਟ ਕੇ 15 ਫੀਸਦੀ ਰਹਿਣ ਦਾ ਅੁਨਮਾਨ ਹੈ। ਇਸ ਕਰਕੇ ਟੀਵੀ ਚੈਨਲਾਂ ਅਤੇ ਮੀਡੀਆ ਹਾਊਸਾਂ ਨੇ ਮੁਕਾਬਲੇ ਵਿਚ ਬਣੇ




ਰਹਿਣ ਵਾਸਤੇ ਆਪਣੇ ਕਾਰੋਬਾਰੀ ਮਾਡਲਾਂ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਹੈ। ਤੇ ਜਿਹੜੇ ਨਹੀਂ ਬਦਲਣਗੇ, ਉਹ ਬੀਤੇ ਦੀ ਗੱਲ ਬਣ ਕੇ ਰਹਿ ਜਾਣਗੇ। ਜੇਕਰ ਟੀਵੀ ਚੈਨਲਾਂ ਤੋਂ ਖਬਰਾਂ ਦੇਖਣ ਵਾਲੇ ਦਰਸ਼ਕਾਂ ਅਤੇ ਅਖਬਾਰਾਂ ਦੇ ਪਾਠਕਾਂ ਦੀ ਗਿਣਤੀ ਘਟ ਰਹੀ ਹੈ ਤਾਂ ਸੁਆਲ ਖੜ੍ਹਾ ਹੁੰਦਾ ਹੈ ਕਿ ਇਸ ਦੀ ਥਾਂ ਕੌਣ ਲੈ ਰਿਹਾ ਹੈ? ਅਮਰੀਕਾ ਵਿਚ ਦੋ ਦਹਾਕਿਆਂ ਤੋਂ ਅਖਬਾਰਾਂ ਦੀ ਇਸ਼ਾਇਤ ਘਟਣੀ ਸ਼ੁਰੂ ਹੋਈ ਸੀ ਤੇ ਕੁਝ ਅਖਬਾਰ ਬੰਦ ਹੋ ਗਏ। ਇਸ ਦੀ ਥਾਂ ਔਨਲਾਈਨ ਮੀਡੀਆ ਲੈ ਰਿਹਾ ਹੈ। ਅਮਰੀਕਾ ਵਿਚ 52 ਫੀਸਦੀ ਲੋਕ ਔਨਲਾਈਨ ਮੀਡੀਆ ਤੋਂ ਖਬਰਾਂ ਪੜ੍ਹਣ ਲੱਗ ਪਏ ਹਨ। ਇਹ ਵਰਤਾਰਾ ਕੇਵਲ ਪੱਛਮ ਤੇ ਖਾਸਕਰ ਅਮਰੀਕਾ ਤਕ ਸੀਮਤ ਨਹੀਂ ਰਹਿ ਗਿਆ ਸਗੋਂ ਇਸ ਨੇ ਪੂਰੀ ਦੁਨੀਆ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਭਾਰਤ ਵਿਚ ਰੇਡੀਓ, ਟੀਵੀ ਅਤੇ ਅਖਬਾਰਾਂ ਦੀ ਥਾਂ 56 ਫੀਸਦੀ ਨੌਜਵਾਨ ਔਨਲਾਈਨ ਮੀਡੀਆ ਤੋਂ ਖਬਰਾਂ ਪੜ੍ਹਣ ਲੱਗੇ ਹਨ। ਪ੍ਰਿੰਟ ਅਤੇ ਟੀਵੀ ਤੋਂ ਖਬਰਾਂ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਸਿਰਫ 26 ਫੀਸਦੀ ਤਕ ਸਿਮਟ ਗਈ ਹੈ। ਇਹ ਬਹੁਤ ਵੱਡੀ ਤਬਦੀਲੀ ਹੈ।

ਇਸ ਅਰਸੇ ਵਿਚ ਟਵਿੱਟਰ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਵਿਚ ਹੈਰਾਨੀਜਨਕ ਵਾਧਾ ਦਰਜ ਕੀਤਾ ਗਿਆ ਹੈ। ਸਾਲ 2013 ਵਿਚ ਟਵਿੱਟਰ ਤੋਂ ਖਬਰਾਂ ਪੜ੍ਹਣ ਵਾਲਿਆਂ ਦੀ ਗਿਣਤੀ 52 ਫੀਸਦੀ ਸੀ ਤੇ ਅਗਲੇ ਛੇ ਸਾਲਾਂ ਭਾਵ ਸਾਲ 2016 ਤਕ ਵਧ ਕੇ 59 ਫੀਸਦੀ ਹੋ ਗਈ। ਇਹ ਗਿਣਤੀ 2017 ਵਿਚ 71 ਫੀਸਦੀ ਅਤੇ ਇਸ ਤੋਂ ਅਗਲੇ ਸਾਲ 2018 ਵਿਚ 74 ਫੀਸਦੀ ਹੋ ਗਈ। ਇਹ ਵਾਧਾ ਲਗਾਤਾਰ ਜਾਰੀ ਹੈ।

ਪ੍ਰਿੰਟ ਅਤੇ ਟੀਵੀ ਚੈਨਲਾਂ ਨੂੰ ਜਮਹੂਰੀਅਤ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਰਿਹਾ ਹੈ, ਪਰ ਹੁਣ ਇਸ ਦੀ ਥਾਂ ਔਨਲਾਈਨ ਮੀਡੀਆ ਲੈ ਰਿਹਾ ਹੈ ਜਿਸ ਨੂੰ' ਫਿਫਥ ਸਟੇਟ' ਕਿਹਾ ਜਾਣ ਲੱਗਿਆ ਹੈ। ਪਰ ਇਸ ਗੱਲ ਨੂੰ ਲੈ ਕੇ ਵਾਦ ਵਿਵਾਦ ਹੈ ਕਿ ਚੌਥੇ ਥੰਮ੍ਹ ਦੀ ਥਾਂ ਲੈਣ ਵਾਲੇ ਮੀਡੀਏ ਨੂੰ ਪੰਜਵਾਂ ਥੰਮ੍ਹ ਕਿਹਾ ਜਾ ਸਕਦਾ ਹੈ ਜਾਂ ਇਸ ਨੂੰ ਚੌਥੇ ਥੰਮ੍ਹ ਦਾ ਹੀ ਹਿੱਸਾ ਮੰਨਿਆ ਜਾ ਸਕਦਾ ਹੈ। ਇਸ ਸਥਿਤੀ ਵਿਚ ਪ੍ਰਿੰਟ ਅਤੇ ਟੀਵੀ ਚੈਨਲਾਂ ਦਾ ਭਵਿੱਖ ਕੀ ਹੋਵੇਗਾ? ਟੀਵੀ ਅਤੇ ਅਖਬਾਰਾਂ ਨੂੰ ਆ ਰਹੀਆਂ ਤਬਦੀਲੀਆਂ ਦੇ ਦੌਰ ਵਿਚ ਸਮੇਂ ਦਾ ਹਾਣੀ ਬਣੇ ਰਹਿਣ ਲਈ ਡਿਜੀਟਲ ਐਡੀਸ਼ਨ ਕੱਢਣ ਦਾ ਰਸਤਾ ਹੀ ਅਪਣਾਉਣਾ ਪਵੇਗਾ ਅਤੇ ਇਸ ਤੋਂ ਇਲਾਵਾ ਹੋਰ ਰਸਤਾ ਹੀ ਨਹੀਂ ਰਹਿ ਜਾਵੇਗਾ। ਪਿਛਲੇ ਦਿਨੀਂ ਅਮਰੀਕਾ ਦੇ ਨਾਮੀ ਬਾਸਕਟਬਾਲ ਖਿਡਾਰੀ ਕੌਬੇ ਬਰਾਂਇਟ ਦੀ ਹੈਲੀਕਾਪਟਰ ਹਾਦਸੇ ਵਿਚ ਮੌਤ ਹੋ ਗਈ। ਉਸ ਦੀ ਮੌਤ ਦੀ ਖਬਰ ਔਨਲਾਈਨ ਮੀਡੀਆ 'ਤੇ ਹਾਦਸੇ ਤੋਂ ਕੁਝ ਸਮਾਂ ਬਾਅਦ ਤੜਕੇ ਪੰਜ ਵਜੇ ਆ ਗਈ, ਪਰ ਅਖਬਾਰਾਂ ਰਾਹੀਂ ਖਬਰ ਆਉਣ ਵਿਚ ਵੀਹ ਘੰਟੇ ਦਾ ਸਮਾਂ ਲੱਗ ਗਿਆ। ਇਸ ਕਰਕੇ ਜਿਹੜੇ ਲੋਕਾਂ ਨੇ ਔਨਲਾਈਨ ਖਬਰ ਪੜ੍ਹ ਲਈ ਉਨ੍ਹਾਂ ਲਈ ਅਗਲੇ ਦਿਨ ਅਖਬਾਰਾਂ ਵਿਚ ਖਬਰ ਪੜ੍ਹਣ ਦੀ ਉਹ ਰੁਚੀ ਨਹੀਂ ਰਹਿ ਗਈ। ਬਹੁਤਿਆਂ ਲਈ ਖਬਰ ਬੇਹੀ ਹੋ ਗਈ ਸੀ। ਔਨਲਾਈਨ ਮੀਡੀਆ ਵਿਚ ਥਾਂ ਦੀ ਕੋਈ ਕਮੀ ਨਹੀਂ ਹੈ। ਔਨਲਾਈਨ ਮੀਡੀਆ ਵਿਚ ਉਸ ਦੇ ਜੀਵਨ ਦੇ ਕਈ ਪਹਿਲੂਆਂ ਦੀ ਜਾਣਕਾਰੀ ਆਈ, ਪਰ ਪ੍ਰਿੰਟ ਵਿਚ ਥਾਂ ਘੱਟ ਹੁੰਦੀ ਹੈ ਤੇ ਇਸ ਕਰਕੇ ਸੀਮਤ ਜਾਣਕਾਰੀ ਹੀ ਆ ਸਕੀ।

ਇਸ ਲਈ ਜੋ ਵਰਤਾਰਾ ਸਾਹਮਣੇ ਆ ਰਿਹਾ ਹੈ, ਉਸ ਅੁਨਸਾਰ ਅਗਲੇ ਕੁਝ ਸਾਲਾਂ ਵਿਚ ਪ੍ਰਿੰਟ, ਟੀਵੀ ਚੈਨਲਾਂ ਦੀ ਥਾਂ ਔਨਲਾਈਨ ਮੀਡੀਆ ਲੈਣ ਜਾ ਰਿਹਾ ਹੈ ਤੇ ਪ੍ਰਿੰਟ ਤੇ ਟੀਵੀ ਚੈਨਲਾਂ ਨੂੰ ਸਮਾਜ ਵਿਚ ਆਪਣੇ ਆਪ ਨੂੰ ਬਣਾਈ ਰੱਖਣ ਲਈ ਕਾਫੀ ਜੱਦੋਜਹਿਦ ਕਰਨ ਦੇ ਨਾਲ ਆਪਣੇ ਕਾਰੋਬਾਰ ਅਤੇ ਖਬਰਾਂ ਦੇ ਮਾਡਲ ਵੀ ਬਦਲਣੇ ਪੈਣਗੇ।

# ਅਰਵਿੰਦ ਕੇਜਰੀਵਾਲ ਦੀ ਸ਼ਾਨਦਾਰ ਜਿੱਤ ਦੇ 10 ਵੱਡੇ ਕਾਰਨ



## - ਆਸ਼ੂਤੋਸ਼

ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ 70 ਮੈਂਬਰੀ ਅਸੰਬਲੀ ਦੀਆਂ ਚੋਣਾਂ ਵਿਚ ਹੂੰਝਾ ਫੇਰ ਜਿੱਤ ਦਰਜ ਕਰਕੇ ਮੰਗਲਵਾਰ ਤੀਜੀ ਵਾਰ ਸੱਤਾ ਵਿਚ ਆਈ। ਹਾਲਾਂਕਿ ਉਹ ਪਿਛਲੇ ਵਾਰ ਦਾ 67 ਸੀਟਾਂ ਦਾ ਰਿਕਾਰਡ ਦੁਹਰਾ ਨਹੀਂ ਸਕੀ, ਪਰ 62 ਸੀਟਾਂ ਜਿੱਤਣ ਦਾ ਸ਼ਾਨਦਾਰ ਕਾਰਨਾਮਾ ਜ਼ਰੂਰ ਕਰਕੇ ਦਿਖਾ ਦਿੱਤਾ। ਕਾਂਗਰਸ ਨੂੰ ਪਿਛਲੀ ਚੋਣ ਵਾਂਗ ਐਤਕੀਂ ਵੀ ਕੋਈ ਸੀਟ ਨਹੀਂ ਮਿਲੀ। ਆਪਣੀਆਂ ਸਾਰੀਆਂ ਤੋਪਾਂ ਬੀੜਨ ਦੇ ਬਾਵਜੂਦ ਭਾਜਪਾ ਪਿਛਲੀ ਵਾਰ ਦੀਆਂ ਤਿੰਨ ਸੀਟਾਂ ਵਿਚ ਪੰਜ ਦਾ ਹੀ ਇਜ਼ਾਫਾ ਕਰ ਸਕੀ।ਬੀਜੇਪੀ 22 ਸਾਲਾਂ ਤੋਂ ਦਿੱਲੀ ਵਿਚ ਵਾਪਸੀ ਦਾ ਸੁਪਨਾ ਵੇਖ ਰਹੀ ਹੈ ਅਤੇ ਹੁਣ ਉਸ ਨੂੰ 5 ਸਾਲ ਹੋਰ ਇੰਤਜਾਰ ਕਰਨਾ ਪਵੇਗਾ। ਕਾਂਗਰਸ ਨੂੰ ਪਿਛਲੀ ਵਾਰ ਦੀ ਤਰਾਂ ਇਸ ਵਾਰ ਵੀ ਕਰਾਰੀ ਹਾਰ ਵੇਖਣੀ ਪਈ ਹੈ। ਦਿੱਲੀ ਵਿਚ ਅਸਥਾਈ ਹੀ ਸਹੀ, ਨਫਰਤ ਦੀ ਰਾਜਨੀਤੀ ਦੀ ਹਾਰ ਹੋਈ ਹੈ। ਇਸ ਨਾਲ ਭਾਰਤ ਭਰ ਵਿਚ ਚੰਗਾ ਸੁਨੇਹਾ ਗਿਆ ਹੈ, ਪਰ ਆਉਣ ਵਾਲੀਆਂ ਚੋਣਾਂ ਵਿਚ ਵੀ ਇਹੀ ਰਵੱਈਆ ਅਪਨਾਇਆ ਜਾਵੇਗਾ, ਇਹ ਜੁਆਬ ਭਵਿੱਖ ਦੇ ਗਰਭ ਵਿਚ ਹੈ। ਦਿੱਲੀ ਵਿਧਾਨ ਸਭਾ ਚੋਣ ਸਭ ਤੋਂ ਜ਼ਿਆਦਾ ਫਿਰਕੂ, ਸਭ ਤੋਂ ਜ਼ਿਆਦਾ ਅਨੈਤਿਕ ਸਿਆਸਤ ਦਾ ਸਿਹਰਾ ਭਾਜਪਾ ਦੇ ਸਿਰ ਬੱਝਦਾ ਹੈ। ਸਿਰਫ ਇਕ ਚੋਣ ਜਿੱਤਣ ਦੇ ਲਈ ਵਾਰ-ਵਾਰ ਨਫਰਤ ਦੀ ਰਾਜਨੀਤੀ ਖੇਡੀ ਗਈ।

ਆਪ ਦੇ ਵਿਕਾਸ ਦੇ ਨਾਅਰੇ ਅੱਗੇ ਪਏ ਫਿੱਕੇ ਬੀਜੇਪੀ ਲੀਡਰਾਂ ਦੇ 'ਵਿਵਾਦਤ ਬੋਲਾਂ' ਵਾਲੀ ਰਣਨੀਤੀ ਵੀ ਕੰਮ ਨਾ ਆਈ। ਭਾਜਪਾ ਲੀਡਰਾਂ ਵਲੋਂ ਚੋਣ ਪ੍ਰਚਾਰ ਦੌਰਾਨ ਜਿਸ ਤਰਾਂ ਦੀ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ, ਉਸ ਨੇ ਸਭ ਨੂੰ ਹੈਰਾਨ ਕੀਤਾ। ਭੜਕਾਊ ਭਾਸ਼ਣ ਦੇਣ ਕਾਰਨ ਚੋਣ ਕਮਿਸ਼ਨ ਨੇ ਭਾਜਪਾ ਦੇ ਕੇਂਦਰੀ ਮੰਤਰੀ ਅਨੁਰਗ ਠਾਕੁਰ ਅਤੇ ਪੱਛਮੀ ਦਿੱਲੀ ਤੋਂ ਸੰਸਦ ਮੈਂਬਰ ਪਰਵੇਸ਼ ਸਾਹਿਬ ਸਿੰਘ ਵਰਮਾ ਉਤੇ ਥੋੜੇ ਘੰਟਿਆਂ ਲਈ ਪ੍ਰਚਾਰ ਕਰਨ ਤੋਂ ਰੋਕ ਲਗਾ ਦਿੱਤੀ। ਪ੍ਰਵੇਸ਼ ਵਰਮਾ ਨੇ ਇਕ ਰੈਲੀ ਦੌਰਾਨ ਆਪ ਦੇ ਪ੍ਰਮੁੱਖ ਕੇਜਰੀਵਾਲ ਨੂੰ ਅੱਤਵਾਦੀ ਕਹਿ ਦਿੱਤਾ। ਯੋਗੀ ਅਦਿਤਿਆਨਾਥ ਵੀ ਇੰਜ ਹੀ ਆਪਣੇ ਭੜਕਾਊ ਭਾਸ਼ਣ ਕਰਕੇ ਵਿਵਾਦਾਂ ਵਿੱਚ ਘਿਰੇ ਰਹੇ। ਯੋਗੀ ਨੇ ਸ਼ਾਹੀਨ ਬਾਗ ਵਿਚ ਚੱਲ ਰਹੇ ਸੰਘਰਸ਼ ਵਿੱਚ ਮੰਚ ਸੰਭਾਲਣ ਵਾਲਿਆਂ ਨੂੰ ਅੱਤਵਾਦੀਆਂ ਦਾ ਸਮਰਥਕ ਐਲਾਨ ਦਿੱਤਾ। ਯੋਗੀ ਨੇ ਇੱਕ ਪਾਕਿਸਤਾਨੀ ਮੰਤਰੀ ਦਾ ਆਪ ਦੇ ਲੀਡਰਾਂ ਨਾਲ ਲਿੰਕ ਜੋੜ ਦਿੱਤੇ।

ਕੇਂਦਰੀ ਮੰਤਰੀ ਗਿਰੀਰਾਜ ਸਿੰਘ ਸੋਸ਼ਲ ਮੀਡੀਆ ਉੱਤੇ ਵਿਵਾਦਤ ਵੀਡੀਓ ਸਾਂਝੀ ਕਰਨ ਕਰਕੇ ਫਸ ਗਏ ਜਿਸ ਵਿਚ ਉਨਾਂ ਨੇ ਸ਼ਾਹੀਨ ਬਾਗ ਵਿਚ ਚੱਲ ਰਹੇ ਸੰਘਰਸ਼ ਨੂੰ ਸੁਸਾਇਡ ਬੰਬ ਬਣਾਉਣ ਵਾਲੇ ਜਥੇ ਵਿਚ ਜੋੜ ਦਿੱਤਾ।

ਚੋਣ ਪ੍ਰਚਾਰ ਸ਼ੁਰੂ ਹੋਣ ਦੇ ਨਾਲ ਹੀ ਕੂੜ ਪ੍ਰਚਾਰ ਵੀ ਸ਼ੁਰੂ ਹੋ ਗਿਆ ਸੀ। ਗੌਰਤਲਬ ਹੈ ਕਿ ਭਾਜਪਾ ਨੇਤਾ ਕਪਿਲ ਮਿਸ਼ਰਾ ਨੇ ਇਕ ਟਵੀਟ ਕੀਤਾ ਜਿਸ ਵਿਚ ਉਨਾਂ ਕਿਹਾ ਕਿ 8 ਫਰਵਰੀ ਨੂੰ ਦਿੱਲੀ ਦੀਆਂ ਸੜਕਾਂ ਉੱਤੇ ਭਾਰਤ ਬਨਾਮ ਪਾਕਿਸਤਾਨ ਦਾ ਮੁਕਾਬਲਾ ਹੋਣਾ ਹੈ। ਚੋਣ ਕਮਿਸ਼ਨ ਨੇ ਭਾਜਪਾ ਦੇ ਕੌਮੀ ਬੁਲਾਰੇ ਸੰਬਿਤ ਪਾਤਰਾ ਨੂੰ ਵੀ ਨੋਟਿਸ ਭੇਜਿਆ।

ਪਾਤਰਾ ਨੇ ਇਕ ਨਿੱਜੀ ਚੈਨਲ ਨੂੰ ਕਿਹਾ ਕਿ ਇਹ ਉਹ ਲੋਕ ਹਨ ਜੋ ਤੁਹਾਡੇ ਘਰ ਵਿਚ ਘੁਸ ਕੇ ਥੋਨੂੰ ਕੁੱਟਣਗੇ,ਤੇ ਇਹ ਉਹੀ ਲੋਕ ਹਨ ਜੋ ਕਸ਼ਮੀਰੀ ਪੰਡਿਤਾਂ ਨੂੰ ਬਾਹਰ ਕੱਢਣ ਲਈ ਜ਼ਿੰਮੇਵਾਰ ਹਨ। ਚੋਣਾਂ ਦੇ ਨਤੀਜੇ ਆਉਣ ਨਾਲ ਕੂੜ ਪ੍ਰਚਾਰ ਤਾਂ ਬੰਦ ਹੋ ਗਿਆ ਪਰ ਇਨਾਂ ਲੀਡਰਾਂ ਦੀ ਬੋਲਬਾਣੀ ਉੱਤੇ ਸਵਾਲੀਆ ਨਿਸ਼ਾਨ ਜਰੂਰ ਖੜਾ ਕਰ ਦਿੱਤਾ।

ਹੈਰਾਨੀਜਨਕ ਗੱਲ ਇਹ ਹੈ ਕਿ ਇਸ ਤੋਂ ਖਤਰਨਾਕ ਪੱਧਰ 'ਤੇ ਰਾਜਨੀਤੀ ਡਿੱਗਦੀ ਹਾਲੇ ਤੱਕ ਮੈਂ ਨਹੀਂ ਦੇਖੀ। ਪਰ ਜੋ ਨਤੀਜੇ ਸਾਹਮਣੇ ਆਏ ਹਨ, ਉਹ ਹਰੇਕ ਚੰਗੀ ਸੋਚ ਦੇ ਮਨੁੱਖ ਨੂੰ ਖੁਸ਼ੀ ਦਿੰਦੇ ਹਨ। ਅਰਵਿੰਦ ਕੇਜਰੀਵਾਲ ਹੀ ਦਿੱਲੀ ਦੀ ਰਾਜਨੀਤੀ ਦਾ ਸ਼ਹਿਨਸ਼ਾਹ ਹੈ ਤੇ ਉਸ ਦੀ ਰਾਜਨੀਤੀ ਨੂੰ ਹੀ ਜਨਤਾ ਨੇ ਪਸੰਦ ਕੀਤਾ ਹੈ। ਇਸ ਵਿਚ ਭਾਜਪਾ ਦੇ ਲਈ ਇਕ ਸਬਕ ਹੈ ਜੋ ਪਿਛਲੇ 21 ਸਾਲ ਤੋਂ ਦਿੱਲੀ ਵਿਚ ਚੁਣੀ ਹੀ ਨਹੀਂ ਗਈ ਤੇ ਹੁਣ ਵੀ ਪੰਜ ਸਾਲ ਤੱਕ ਗੱਦੀ ਤੋਂ ਦੂਰ ਰਹੇਗੀ। ਜੇਕਰ ਕਿਸੇ ਨੂੰ ਭਾਜਪਾ ਦੀ ਇਸ ਕਰਾਰੀ ਹਾਰ ਦਾ ਦੋਸ਼ ਦੇਣਾ ਹੀ ਹੈ ਤਾਂ ਮੇਰੇ ਵਿਚਾਰ ਵਿਚ ਇਸ ਦੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨਾਂ ਦੇ ਸਹਿਯੋਗੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਲਾਵਾ ਕਿਸੇ ਦਾ ਨਾਮ ਨਹੀਂ ਲਿਆ ਜਾ ਸਕਦਾ। ਭਾਜਪਾ ਦੇ ਕੋਲ 'ਆਪ' ਦੇ ਜੇਤੂ ਰਸਤੇ ਨੂੰ ਰੋਕਣ ਲਈ ਕੋਈ ਰਣਨੀਤੀ ਨਹੀਂ ਸੀ। ਇਸੇ ਲਈ ਇਹ ਫਿਰਕੂ ਖੇਡ ਖੇਡੀ ਗਈ ਤੇ ਹਿੰਦੂ ਵੋਟਾਂ ਦਾ ਧਰੁਵੀਕਰਨ ਦੀ ਕੋਸ਼ਿਸ਼ ਕੀਤੀ ਗਈ। ਜਿਨਾ ਜ਼ਿਆਦਾ ਹਮਲਾ ਕੇਜਰੀਵਾਲ 'ਤੇ ਕੀਤਾ ਗਿਆ, ਉਸ ਦਾ ਫਾਇਦਾ ਕੇਜਰੀਵਾਲ ਨੂੰ ਮਿਲਿਆ। ਮੁੱਖ ਮੰਤਰੀ ਦੇ ਅਹੁਦੇ ਲਈ ਭਾਜਪਾ ਕੋਈ ਚਿਹਰਾ ਪੇਸ਼ ਨਹੀਂ ਕਰ ਸਕੀ। ਦਿੱਲੀ ਦੇ ਵੋਟਰਾਂ ਨੂੰ 'ਆਪ' ਪਾਰਟੀ ਸਮਝਾਉਣ ਵਿਚ ਸਫਲ ਹੋਈ ਕਿ ਭਾਜਪਾ ਕੋਲ ਕੇਜਰੀਵਾਲ ਵਰਗਾ ਕੋਈ ਯੋਗ ਨਾਇਕ ਨਹੀਂ ਹੈ। 'ਆਪ' ਪਾਰਟੀ ਵਿਧਾਨ ਸਭਾ ਚੋਣ ਦੀ ਤਿਆਰੀ 2017 ਤੋਂ ਕਰ ਰਹੀ ਹੈ। ਜਦ ਉਸ ਨੂੰ ਨਗਰ ਨਿਗਮ ਚੋਣ ਵਿਚ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ, ਜਦ ਕਿ ਭਾਜਪਾ ਦੀ ਮੁਹਿੰਮ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾਣ ਦੇ ਬਾਅਦ ਸ਼ੁਰੂ ਹੋਈ। ਜੇਕਰ 'ਆਪ' ਟੈਸਟ ਮੇਚ ਖੇਡ ਰਹੀ ਸੀ ਤਾਂ ਭਾਜਪਾ ਨੇ ਟੀ-ਟਵੰਟੀ ਦਾ ਬਦਲ ਚੁਣਿਆ। 'ਆਪ' ਦੀਆਂ ਤਿਆਰੀਆਂ ਕਿਤੇ ਬਿਹਤਰ ਸਨ, ਪਰ ਉਹ ਭਾਜਪਾ ਦੇ ਮੁਕਾਬਲੇ ਕਿਤੇ ਜ਼ਿਆਦਾ ਲੋਕਾਂ ਤੱਕ ਪਹੁੰਚ ਬਣਾਉਣ ਵਿਚ ਸਫਲ ਰਹੇ। ਮੁਫਤ ਬਿਜਲੀ, ਮੁਫਤ ਪਾਣੀ, ਸਾਲ 2013 ਵਿਚ ਪਹਿਲੀ ਵਾਰ ਸੱਤਾ ਵਿਚ ਆਈ 'ਆਪ' ਸਰਕਾਰ ਦੁਆਰਾ ਕੀਤਾ ਗਿਆ ਇਹ ਕੰਮ 2015 ਵਿਚ ਮਾਸਟਰ ਸਟ੍ਰੋਕ ਸਾਬਤ ਹੋਇਆ ਤੇ ਹੁਣ 2020 ਵਿਚ ਇਸ ਨੇ ਫਿਰ ਕੰਮ ਕੀਤਾ ਤੇ ਗਰੀਬ ਜਨਤਾ 'ਆਪ' ਦੀ ਤਾਕਤ ਬਣੀ। ਆਮ ਆਦਮੀ ਪਾਰਟੀ ਨੇ ਪਿਛਲੇ ਇੱਕ ਸਾਲ ਤੋਂ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਸਰਕਾਰ ਦੇ ਹੱਕ ਵਿੱਚ ਮਾਹੌਲ ਬਣਾਉਣ ਲਈ ਸਥਾਨਕ ਮੁੱਦਿਆਂ 'ਤੇ ਹਮੇਸ਼ਾਂ ਜ਼ੋਰ ਦਿੱਤਾ ਹੈ। ਚਾਹੇ ਇਹ ਬਿਜਲੀ ਜਾਂ ਪਾਣੀ ਹੋਵੇ। ਪਾਰਟੀ ਸ਼ੁਰੂ ਤੋਂ ਹੀ ਜਾਣਦੀ ਸੀ ਕਿ ਬਿਜਲੀ ਤੇ ਪਾਣੀ ਵਰਗੇ ਮੁੱਦੇ ਦਿੱਲੀ ਦੇ ਹਰ ਵਿਅਕਤੀ ਨੂੰ ਪ੍ਰਭਾਵਿਤ ਕਰਦੇ ਹਨ। ਅਜਿਹੀ ਸਥਿਤੀ ਵਿੱਚ ਇਸ ਦਾ ਅਸਰ ਵੋਟਾਂ 'ਤੇ ਵੀ ਦੇਖਣ ਨੂੰ ਮਿਲੇਗਾ। ਇਸ ਸਭ ਦੇ ਵਿੱਚ, ਦਿੱਲੀ ਦੇ ਸਰਕਾਰੀ ਸਕੂਲਾਂ ਦੀ ਬਿਹਤਰੀ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇ ਜਨਤਾ ਟੈਕਸ ਅਦਾ ਕਰਦੀ ਹੈ ਤਾਂ ਜਨਤਾ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਪਿਛਲੇ ਛੇ ਸਾਲਾਂ ਦੇ ਦੌਰਾਨ ਕੇਜਰੀਵਾਲ ਸਰਕਾਰ ਨੇ ਮੁਫਤ ਚੀਜਾਂ ਦਾ ਐਲਾਨ ਕੀਤਾ। ਬੱਸਾਂ ਤੇ ਮੈਟਰੋ ਵਿਚ ਔਰਤਾਂ ਤੇ ਵਿਦਿਆਰਥੀਆਂ ਨੂੰ ਮੁਫਤ ਯਾਤਰਾ। ਔਰਤਾਂ ਨੇ 'ਆਪ' ਦੇ ਲਈ ਖੁੱਲ ਕੇ ਵੋਟ ਦਿੱਤਾ। ਐਕਸਿਸ ਮਾਈ ਇੰਡੀਆ ਐਕਜ਼ਿਟ ਪੋਲ ਏਜੰਸੀ ਅਨੁਸਾਰ ਜੇਕਰ 53% ਪੁਰਸ਼ਾਂ ਨੇ 'ਆਪ' ਨੂੰ ਵੋਟ ਦਿੱਤਾ ਤਾਂ 'ਆਪ' ਦੇ ਲਈ ਵੋਟ ਕਰਨ ਵਾਲੀਆਂ ਔਰਤਾਂ ਦਾ ਪ੍ਰਤੀਸ਼ਤ 59 ਹੈ।

ਦਿੱਲੀ ਦੀ ਅਬਾਦੀ ਵਿਚ 14% ਮੁਸਲਮਾਨ ਹਨ।

ਬਾਕੀ ਸਫ਼ਾ 32 'ਤੇ

# ਅਣਗੌਲਿਆ ਸ਼ਹੀਦ ਭਾਈ ਬਸੰਤ ਸਿੰਘ ਚੌਂਦਾ

**- ਰਜਿੰਦਰ ਜੈਦਕਾ**

ਭਾਰਤ ਦੀ ਆਜ਼ਾਦੀ ਲਈ ਅਨੇਕਾਂ ਸੂਰਬੀਰਾਂ ਨੇ ਕੁਰਬਾਨੀਆਂ ਦਿੱਤੀਆਂ ਪਰ ਇਨਾਂ ਵਿਚੋਂ ਕੁਝ ਸ਼ਹੀਦ ਅਜਿਹੇ ਵੀ ਹਨ, ਜਿਨਾਂ ਨੂੰ ਸਰਕਾਰਾਂ ਤਾਂ ਕੀ ਲੋਕਾਂ ਨੇ ਵੀ ਕਦੇ ਯਾਦ ਨਹੀਂ ਕੀਤਾ। ਪਿੰਡ ਚੌਂਦਾ ਦੇ ਭਾਈ ਬਸੰਤ ਸਿੰਘ ਵੀ ਇਨਾਂ ਸ਼ਹੀਦਾਂ ਵਿੱਚੋਂ ਹੀ ਇੱਕ ਹਨ। ਬਸੰਤ ਸਿੰਘ ਦਾ ਜਨਮ ਪਿੰਡ ਚੌਂਦਾ ਦੇ ਬਿਸ਼ਨ ਸਿੰਘ ਦੇ ਘਰ 1885 ਵਿੱਚ ਹੋਇਆ। ਪਿੰਡ ਚੌਂਦਾ ਪਹਿਲਾਂ ਪਟਿਆਲਾ ਰਿਆਸਤ ਵਿੱਚ ਸੀ। ਬਿਸ਼ਨ ਸਿੰਘ 1899 ਵਿੱਚ ਆਪਣੇ ਵੱਡੇ ਲੜਕੇ ਬਸੰਤ ਸਿੰਘ ਨੂੰ ਨਾਲ ਲੈ ਕੇ ਅਫਰੀਕਾ ਚਲੇ ਗਏ ਪਰ ਉਨਾਂ ਦਾ ਛੋਟਾ ਲੜਕਾ ਕੇਹਰ ਸਿੰਘ ਆਪਣੀ ਮਾਤਾ ਕੋਲ ਘਰ ਰਿਹਾ। ਜਦੋਂ ਬਿਸ਼ਨ ਸਿੰਘ ਵਾਪਸ ਭਾਰਤ ਆਇਆ ਤਾਂ ਉਸ ਦੇ ਸ਼ਰੀਕਾਂ ਨੇ ਉਸ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਸੀ ਤੇ ਉਹ ਜ਼ਮੀਨ ਛੁਡਵਾਉਣ ਲਈ ਮੁਕੱਦਮੇਬਾਜ਼ੀ ਵਿਚ ਪੈ ਗਿਆ। ਪਰ ਬਸੰਤ ਸਿੰਘ ਦੀ ਤਾਂਘ ਮੁੜ ਵਿਦੇਸ਼ ਜਾਣ ਦੀ ਸੀ। ਮਗਰੋਂ ਪੈਸੇ ਇੱਕਠੇ ਕਰ ਕੇ ਉਹ ਇਕੱਲਾ ਹੀ 1910 ਵਿਚ ਵਿਦੇਸ਼ ਚਲਾ ਗਿਆ। ਸੰਨ 1912 ਵਿਚ ਉਹ ਅਮਰੀਕਾ ਪਹੁੰਚ ਗਿਆ ਤੇ 1913 ਵਿਚ ਲਾਲਾ ਹਰਦਿਆਲ ਸਿੰਘ ਦੀ ਸੰਗਤ ਵਿਚ ਆਉਣ ਕਰ ਕੇ ਉਹ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਿਆ। ਕਰਤਾਰ ਸਿੰਘ ਸਰਾਭਾ ਨਾਲ ਰਲ ਕੇ ਗ਼ਦਰ ਅਖ਼ਬਾਰ ਚਲਾਇਆ। ਗ਼ਦਰ ਪਾਰਟੀ ਵਿਚ ਸ਼ਾਮਲ ਹੋਣ ਮਗਰੋਂ ਬਸੰਤ ਸਿੰਘ ਨੇ ਆਪਣੇ ਘਰ ਇੱਕ ਪੱਤਰ ਲਿਖਿਆ, "ਪਿਤਾ ਜੀ ਮੈਂ ਅੱਜ ਤੋਂ ਤੁਹਾਨੂੰ ਕੋਈ ਖਤ ਨਹੀਂ ਲਿਖਾਗਾ, ਨਾ ਹੀ ਤੁਸੀਂ ਮੈਨੂੰ ਕੋਈ ਖਤ ਲਿਖਣਾ। ਹੁਣ ਮੈਂ ਤੁਹਾਡਾ ਇਕੱਲਿਆਂ ਦਾ ਪੁੱਤਰ ਨਹੀਂ, ਸਾਰੇ ਭਾਰਤ ਦਾ ਪੁੱਤਰ ਹਾਂ। ਦੇਸ਼ ਸੇਵਾ ਹੀ ਮੇਰਾ ਸਭ ਤੋਂ ਵੱਡਾ ਕਰਤਵ ਹੈ।" ਇਸ ਮਗਰੋਂ ਬਸੰਤ ਸਿੰਘ ਦਾ ਕੋਈ ਖਤ ਨਹੀਂ ਆਇਆ। ਸੰਨ 1914 ਵਿਚ ਹਿੰਦੀ ਇਨਕਲਾਬੀ ਸੁਸਾਇਟੀ ਬਣਾਈ ਗਈ, ਜਿਸ ਨੂੰ ਬਰਲਿਨ ਹਿੰਦ ਕਮੇਟੀ ਵੀ ਕਿਹਾ ਜਾਂਦਾ ਹੈ, ਜੋ ਜਰਮਨ ਸਾਮਰਾਜ ਦੇ ਵਿਦੇਸ਼ੀ ਵਿਭਾਗ 'ਤੇ ਫ਼ੌਜੀ ਹਾਈ ਕਮਾਂਡ ਨਾਲ ਮਿਲ ਕੇ ਕੰਮ ਕਰਦੀ ਸੀ। ਗ਼ਦਰ ਪਾਰਟੀ ਨੇ ਮੈਸੋਪੋਟਾਮੀਆਂ ਤੇ ਮੱਧ ਏਸ਼ੀਆ ਵਿੱਚ ਕੰਮ ਕਰਨ ਲਈ ਵੀ ਬਰਲਿਨ ਕਮੇਟੀ ਨੂੰ ਆਪਣੇ ਵਰਕਰ ਦਿੱਤੇ, ਜਿਨਾਂ ਨੇ ਅੰਗਰੇਜ਼ੀ ਸਾਮਰਾਜ ਦੀਆਂ ਹਿੰਦ ਫ਼ੌਜਾਂ ਵਿਚ ਗ਼ਦਰ ਅਖਬਾਰ ਵੰਡਿਆ ਅਤੇ ਪ੍ਰਚਾਰ ਕੀਤਾ।



ਇਨਾਂ ਵਰਕਰਾਂ ਵਿਚ ਡਾ. ਖਾਨਖੋਜੀ, ਬਿਸ਼ਨ ਦਾਸ ਕੋਛੜ ਨੂਰਮਹਿਲ, ਕਦਾਰ ਨਾਥ ਲੁਧਿਆਣਾ, ਭਾਈ ਬਸੰਤ ਸਿੰਘ ਚੌਂਦਾ, ਭਾਈ ਹਰਨਾਮ ਸਿੰਘ, ਰਿਸ਼ੀਕੇਸ ਲੱਠਾ (ਮਹਾਰਾਸ਼ਟਰ), ਅਮੀਨ ਚੰਦ ਚੌਧਰੀ (ਬੰਗਾਲ) ਦੇ ਨਾਂ ਵਰਨਣਯੋਗ ਹਨ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਛਾਪੇ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਪੰਨਾ ਨੰਬਰ 115 'ਤੇ ਲਿਖਿਆ ਹੈ ਕਿ ਭਾਈ ਸੰਤੋਖ ਸਿੰਘ ਪਾਰਟੀ ਦਾ ਕੰਮ ਚਲਾਉਂਦੇ ਤੇ ਭਾਈ ਹਰਨਾਮ ਸਿੰਘ ਰੋਟਲਾ ਨੌਧ ਸਿੰਘ ਅਖਬਾਰ ਦੀ ਸੰਪਾਦਕੀ ਕਰਦੇ। ਪੰਡਤ ਜਗਨ ਨਾਥ ਹਰਿਆਣਾ, ਪੰਡਤ ਰਾਮਚੰਦ ਪਸ਼ਾਵਰੀ, ਪੰਡਤ ਸੋਹਣ ਲਾਲ ਪਾਠਕ ਆਦਿ ਆਖਬਾਰ ਦੇ ਦਫ਼ਤਰ ਦੇ ਕੰਮ ਵਿਚ ਹਥ ਵਟਾਉਂਦੇ। ਭਾਈ ਪ੍ਰਿਥੀ ਸਿੰਘ, ਭਾਈ ਕਰਤਾਰ ਸਿੰਘ , ਭਾਈ ਬਸੰਤ ਸਿੰਘ ਚੌਂਦਾ ਆਦਿ ਸਾਥੀ ਪ੍ਰੈਸ ਚਲਾਉਂਦੇ। ਗ਼ਦਰ ਪਾਰਟੀ ਨੇ ਮੈਸੋਪੁਟਾਮੀਆ ਤੇ ਮਧ ਏਸ਼ੀਆ ਵਿਚ ਕੰਮ ਕਰਨ ਲਈ ਵੀ ਬਰਲਿਨ ਕਮੇਟੀ ਨੂੰ ਆਪਣੇ ਵਰਕਰ ਦਿੱਤੇ। ਇਹ ਗ਼ਦਰੀ ਯੂਨਾਨ ਥਾਈਲੈਂਡ ਹੋ ਕੇ ਕੁਸ਼ਤੁਨਤੁਨੀਆਂ ਗਏ ਤੇ ਬਰਲਿਨ ਕਮੇਟੀ ਦੀ ਕਮਾਨ ਹੇਠ ਮੈਸੋਪੋਟਾਮੀਆ ਤੇ ਈਰਾਨ ਦੇ ਮੋਰਚਿਆਂ ਵਿੱਚ ਕੁੱਦ ਪਏ।

ਕੁਝ ਈਰਾਨੀ ਲੋਕ ਖਾਸ ਕਰ ਕੇ ਕਬਾਇਲੀ ਸਰਦਾਰ ਇਨਾਂ ਨਾਲ ਰਲ ਗਏ। ਉੱਥੇ ਉਹ ਜੱਦਾ ਮਾਰੀ ਕਬੀਲੇ ਵਿੱਚ ਆ ਗਏ। ਇਸ ਮਗਰੋਂ ਉਹ ਹਿੰਦੋਸਤਾਨ ਵੱਲ ਵਧੇ ਤੇ ਸੀਰਾਜ ਆ ਪਹੁੰਚੇ। ਇਥੇ ਗ਼ਦਰੀ ਫ਼ੌਜ ਬਲੋਚਿਸਤਾਨ ਦੀ ਹੱਦ ਲਾਗੇ ਪਹੁੰਚ ਗਈ। ਇਸ ਫ਼ੌਜ ਨੇ ਕਰਾਮਾਨ ਸ਼ਹਿਰ 'ਤੇ ਹਮਲਾ ਕਰ ਕੇ ਆਪਣਾ ਹੱਕ ਜਮਾ ਲਿਆ। ਗ਼ਦਰੀ ਫ਼ੌਜ ਸਮੁੰਦਰ ਦੇ ਕੰਢੇ ਕੰਢੇ ਕਰਾਚੀ ਵੱਲ ਵਧੀ ਤੇ ਅਰਬ ਸਾਗਰ ਦੀਆਂ ਘਾਟਾਂ 'ਤੇ ਕਬਜ਼ਾ ਕਰ ਲਿਆ। ਇੰਨੇ ਨੂੰ ਯੂਰਪ ਵਿਚ ਜੰਗ ਦਾ ਪਾਸਾ ਪਲਟਣ ਲੱਗਾ। ਗ਼ਦਰੀ ਫ਼ੌਜ ਦੀਆਂ ਜਿੱਤਾਂ ਇੱਥੇ ਹੀ ਰਹਿ ਗਈਆਂ। ਅੰਗਰੇਜ਼ੀ ਫ਼ੌਜ ਦਾ ਦਬਾਅ ਵਧ ਗਿਆ। ਗ਼ਦਰੀਆਂ ਨੂੰ ਪਿੱਛੇ ਜਾਣਾ ਪਿਆ। ਅੰਗਰੇਜ਼ ਫ਼ੌਜ ਨੇ ਗਦਰੀਆਂ ਦਾ ਰਾਹ ਕੱਟ ਦਿੱਤਾ। ਮੋਰਚੇ ਬੰਨ ਕੇ ਲੜਾਈ ਹੋਈ। ਗ਼ਦਰੀ ਫ਼ੌਜ ਹਥਿਆਰਾਂ ਤੇ ਗੋਲੀ ਸਿੱਕੇ ਦੀ ਘਾਟ ਕਾਰਨ ਹਾਰ ਗਈ। ਸੀਰਾਜ 'ਤੇ ਗਦਰੀਆਂ ਅਤੇ ਇਰਾਨੀਆਂ ਦਾ ਕਬਜ਼ਾ ਸੀ। ਇਸ ਮਗਰੋਂ ਅੰਗਰੇਜ਼ੀ ਫ਼ੌਜ ਨੇ ਸੀਰਾਜ 'ਤੇ ਹਮਲਾ ਕਰ ਦਿੱਤਾ। ਇਥੇ ਹੀ ਕੇਦਾਰ ਨਾਥ ਹਰਿਆਣਾ, ਭਾਈ ਬਸੰਤ ਸਿੰਘ ਚੌਂਦਾ ਆਦਿ ਅੰਗਰੇਜ਼ੀ ਹਾਕਮਾਂ ਹੱਥ ਆ ਗਏ ਅਤੇ 1917 ਨੂੰ ਸ਼ਹੀਦ ਕਰ ਦਿੱਤਾ ਗਿਆ।

# ਸ਼੍ਰੋਮਣੀ ਕਮੇਟੀ ਦਾ ਨਾਗਪੁਰੀ ਸਿਆਸੀਕਰਨ



**- ਬਘੇਲ ਸਿੰਘ ਧਾਲੀਵਾਲ**

ਕੋਈ ਸਮਾਂ ਸੀ ਜਦੋਂ ਸਰੋਮਣੀ ਅਕਾਲੀ ਦਲ ਪੰਥ ਦੀ ਸਿਰਮੌਰ ਸਿਆਸੀ ਨੁਮਾਇੰਦਾ ਜਮਾਤ ਸੀ। ਸਮਾਂ ਬਦਲਦਾ ਬਦਲਦਾ ਇਸ ਕਦਰ ਬਦਲ ਗਿਆ ਕਿ ਅਜੋਕੇ ਸਮੇ ਵਿਚ ਪਹੁੰਚਣ ਤੱਕ ਇਹ ਪੰਥਕ ਜਥੇਬੰਦੀ ਆਪਣਾ ਪੰਥਕ ਰੂਪ ਅਸਲੋਂ ਹੀ ਖੋ ਬੈਠੀ,ਤੇ ਅੱਜ ਇਹ ਨਾ ਸ਼੍ਰੋਮਣੀ ਰਹੀ ਅਤੇ ਨਾ ਹੀ ਪੰਥਕ ਜਥੇਬੰਦੀ ਰਹੀ ਹੈ। ਇੱਕ ਸਰੋਮਣੀ ਅਕਾਲੀ ਦਲ ਤੋਂ ਕਈ ਅਕਾਲੀ ਦਲ ਬਣ ਗਏ,ਪ੍ਰੰਤੂ ਸਾਰਿਆਂ ਚੋ ਸਭ ਤੋਂ ਤਾਕਤਵਰ ਅਕਾਲੀ ਦਲ ਬਾਦਲ ਨੂੰ ਮੰਨਿਆ ਜਾ ਰਿਹਾ ਹੈ,ਜਿਹੜਾ ਭਾਜਪਾ ਨਾਲ ਸਾਂਝ ਪਾਕੇ ਲੰਮੇ ਸਮੇ ਤੋਂ ਪੰਜਾਬ ਤੇ ਰਾਜ ਕਰਦਾ ਰਿਹਾ ਹੈ। ਇਹ ਹੀ ਅਕਾਲੀ ਦਲ ਅਪਣੇ ਆਪ ਨੂੰ ਪੰਥ ਦੀ ਨੁਮਾਇੰਦਾ ਪਾਰਟੀ ਵੀ ਅਖਵਾਉਂਦਾ ਹੈ,ਜਦੋਂ ਕਿ ਅਸਲ ਸਚਾਈ ਇਹ ਹੈ ਕਿ ਹੁਣ ਅਕਾਲੀ ਦਲ ਬਾਦਲ ਸਿੱਖ ਕੌਮ ਦੀ ਨੁਮਾਇੰਦਾ ਪਾਰਟੀ ਨਹੀਂ ਰਿਹਾ। ਇਹ ਅਪਣੀ ਪੰਥਕ ਦਿਖ ਨੂੰ 1994 ਤੋਂ ਪੱਕੇ ਤੌਰ ਤੇ ਤਿਲਾਂਜਲੀ ਦੇ ਚੁੱਕਾ ਹੈ। ਅੱਜ ਦਾ ਅਕਾਲੀ ਦਲ ਪੰਥਕ ਨਹੀਂ, ਸਗੋਂ ਸਿਰਫ ਤੇ ਸਿਰਫ ਇੱਕ ਸਿਆਸੀ ਜਮਾਤ ਹੈ,ਜਿਸ ਵਿੱਚ ਸਾਰੇ ਹੀ ਵਰਗਾਂ ਨੂੰ ਸ਼ਾਮਲ ਕੀਤਾ ਜਾ ਚੁੱਕਾ ਹੈ। ਇਹਨੂੰ ਅਕਾਲੀ ਦਲ ਬਾਦਲ ਦੀ ਖੁਸ ਕਿਸਮਤੀ ਕਿਹਾ ਜਾਵੇ ਜਾਂ ਭੋਲਾ ਭਾਲੇ ਸਿਖਾਂ ਦੀ ਬਦਕਿਸਮਤੀ, ਜਿਹੜੇ ਪੰਥਕ ਰੂਪ ਗੁਆ ਕੇ ਕੌਮ ਦੇ ਵਿਰੁੱਧ ਭੁਗਤਣ ਵਾਲੀ ਪਾਰਟੀ ਨੂੰ ਵੀ ਆਪਣੀ ਨੁਮਾਇੰਦਾ ਜਥੇਬੰਦੀ ਸਮਝ ਕੇ ਅੱਖਾਂ ਬੰਦ ਕਰਕੇ ਸਾਥ ਦੇ ਰਹੇ ਹਨ। ਅਕਾਲੀ ਦਲ ਬਾਦਲ ਨੇ ਸਿਰਫ ਅਕਾਲੀ ਦਲ ਦਾ ਪੰਥਕ ਚਿਹਰਾ ਮੋਹਰਾ ਹੀ ਖਤਮ ਨਹੀ ਕੀਤਾ, ਸਗੋਂ ਉਹਨਾਂ ਨੇ ਸਿਖਾਂ ਦੀ ਪਾਰਲੀਮੈਂਟ ਕਹੀ ਜਾਣ ਵਾਲੀ ਸਿੱਖ ਸੰਸਥਾ ਸਰੋਮਣੀ ਕਮੇਟੀ ਨੂੰ ਵੀ ਵੱਡੀ ਢਾਹ ਲਾਈ ਹੈ ਅਤੇ ਗੁਰਦੁਆਰਾ ਪ੍ਰਬੰਧ ਦੀ ਭਰੋਸੇਯੋਗਤਾ ਖਤਰੇ ਚ ਪਾ ਦਿੱਤੀ ਹੋਈ ਹੈ। ਹਾਲਾਤ ਇਹ ਬਣੇ ਹੋਏ ਹਨ ਕਿ ਸਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਪੰਥਕ ਕਾਰਜ ਜਿੱਥੇ ਨਾਂਹ ਦੇ ਬਰਾਬਰ ਹਨ,ਓਥੇ ਸ਼ੱਕ ਦੇ ਘੇਰੇ ਵਿੱਚ ਵੀ ਰਹਿੰਦੇ ਹਨ,ਪਰ ਬਾਦਲ ਦਲ ਲਈ ਸਿਆਸੀ ਜ਼ਿੰਮੇਵਾਰੀਆਂ ਜਿਆਦਾ ਵਫਾਦਾਰੀ ਨਾਲ ਨਿਭਾਈਆਂ ਜਾ ਰਹੀਆਂ ਹਨ। ਏਥੇ ਹੀ ਬੱਸ ਨਹੀ ਸਰੋਮਣੀ ਕਮੇਟੀ ਪੰਥ ਨਾਲੋਂ ਸਿੱਖ ਵਿਰੋਧੀ ਕੱਟੜ ਸੰਸਥਾ ਦੇ ਨਾਗਪੁਰ ਕੇਂਦਰ ਦੀ ਜ਼ਿਆਦਾ ਫਿਕਰ ਕਰਦੀ ਹੈ। ਅੱਜਕਲ ਸਰੋਮਣੀ ਕਮੇਟੀ ਦੇ ਬਹੁਤ ਸਾਰੇ ਫੈਸਲੇ ਨਾਗਪੁਰ ਦੇ ਅਦੇਸਾਂ ਅਨੁਸਾਰ ਲਏ ਜਾ ਰਹੇ ਜਨਤਕ ਹੋ ਰਹੇ ਹਨ,ਇਸ ਦਾ ਕਾਰਨ ਇਹ ਹੈ ਕਿ ਅਕਾਲੀ ਦਲ ਤੇ ਕਾਬਜ ਬਾਦਲ ਪਰਿਵਾਰ ਨਾਗਪੁਰ ਦੀ ਨੀਤੀ ਦੇ ਅਧੀਨ ਹੈ,ਆਰ ਐਸ ਐਸ ਮੁਖੀ ਦੇ ਪੈਰਾਂ ਨੂੰ ਹੱਥ ਲਾਉਂਦਿਆਂ ਦੀ ਪ੍ਰਕਾਸ਼ ਸਿੰਘ ਬਾਦਲ ਦੀ ਜਨਤਕ ਹੋ ਚੁੱਕੀ ਤਸਵੀਰ ਖੁਦ ਬਿਆਨ ਕਰਦੀ ਹੈ ਕਿ ਜਿਹੜੇ ਬਾਦਲ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਹਰਿਮੰਦਰ ਸਾਹਿਬ ਦਰਸ਼ਨਾਂ ਲਈ ਆਉਣ ਸਮੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਗਰੰਥੀ ਸਿੰਘ ਖੜੇ ਹੋਕੇ ਸਿਰ ਝੁਕਾ ਕੇ ਸਤਿਕਾਰ ਦੇਣ ਲਈ ਮਜਬੂਰ ਹੁੰਦੇ ਹਨ,ਉਹ ਬਾਦਲ ਪਰਿਵਾਰ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਦਾ ਆਰ ਐਸ ਐਸ ਦੇ ਪੈਰਾਂ ਵਿਚ ਬੈਠਣਾ ਦੱਸਦਾ ਹੈ ਕਿ ਉਹ ਆਰਐਸਐਸ ਦੇ ਕਿੰਨੇ ਵੱਡੇ ਭਗਤ ਹਨ। ਉਹਨਾਂ ਰਾਹੀ ਆਰਐਸਐਸ ਨੇ ਗੁਰਦੁਅਰਾ ਪ੍ਰਬੰਧ ਅੰਦਰ ਅਪਣਾ ਮੱਕੜ ਜਾਲ ਪੂਰੀ ਤਰਾਂ ਵਿਛਾ ਰੱਖਿਆ ਹੈ, ਜਿਸ ਦੇ ਜਰੀਏ ਕਰਮਕਾਂਡ ਰਲਗੱਡ ਕਰਕੇ ਸਿੱਖ ਮਰਿਯਾਦਾ ਦਾ ਘਾਣ ਕੀਤਾ ਜਾ ਰਿਹਾ ਹੈ। ਮੌਜੂਦਾ ਹਾਲਾਤਾਂ ਦਾ ਇਹ ਕੌੜਾ ਸੱਚ ਹੈ ਕਿ ਬਾਦਲ ਦਲ ਨੂੰ ਤੇ ਸਰੋਮਣੀ ਕਮੇਟੀ ਤੇ ਕਾਬਜ ਜਮਾਤ ਨੂੰ ਗੁਰੂ ਗਰੰਥ ਸਾਹਿਬ ਪ੍ਰਤੀ ਕੋਈ ਸ਼ਰਧਾ ਨਹੀ ਹੈ,ਬਲਕਿ ਇਹ ਲੋਕ ਰੱਬ ਨੇੜੇ ਜਾਂ ਘਸੁੰਨ ਨੇੜੇ ਵਾਲੀ ਕਹਾਵਤ ਵਾਂਗ ਗੁਰੂ ਨੂੰ ਹਾਜਰ ਨਾਜ਼ਰ ਨਹੀਂ, ਸਗੋਂ ਬਹੁਤ ਦੂਰ ਸਮਝੀ ਬੈਠੇ ਹਨ,ਤੇ ਆਪੋ ਆਪਣੇ ਅਕਾਵਾਂ ਨੂੰ ਗੁਰੂ ਤੋਂ ਪਹਿਲਾਂ ਵੀ ਤੇ ਨੇੜੇ ਵੀ ਸਮਝਣ ਦਾ ਗੁਨਾਹ ਕਰ ਰਹੇ ਹਨ। ਬਾਦਲ ਪਰਿਵਾਰ ਦੀ ਤਾਂ ਹੁਣ ਮਜਬੂਰੀ ਬਣ ਚੁੱਕੀ ਹੈ ਕਿ ਉਹ ਆਪਣਾ ਮਾਸ ਬਚਾਉਣ ਲਈ ਭਾਜਪਾ ਤੋਂ ਵੱਖ ਨਹੀ ਹੋ ਸਕਦੇ, ਬਲਕਿ ਨਾਗਪੁਰ ਅਤੇ ਦਿੱਲੀ ਦੇ ਇਸ਼ਾਰਿਆਂ 'ਤੇ ਜਲਾਲਤ ਭਰਿਆ ਨਾਚ ਨੱਚਣ ਲਈ ਮਜਬੂਰ ਵੀ ਹੋ ਚੁੱਕੇ ਹਨ। ਜੇਕਰ ਗੱਲ ਸਰੋਮਣੀ ਅਕਾਲੀ ਦਲ ਦੇ ਵਿਧਾਨ ਦੀ ਕੀਤੀ ਜਾਵੇ ਤਾਂ ਅਕਾਲੀ ਦਲ ਦੇ 27 ਅਪ੍ਰੈਲ 1937 ਦੇ ਇਜਲਾਸ ਵਿੱਚ ਪਾਸ ਕੀਤੇ ਗਏ ਪਰਮੁੱਖ ਮਤਿਆਂ ਵਿੱਚ ਇਹ ਸਪਸਟ ਲਿਖਿਆ ਹੋਇਆ ਹੈ ਕਿ ਅਕਾਲੀ ਦਲ ਦਾ ਮੈਂਬਰ ਸਰੋਮਣੀ ਕਮੇਟੀ ਦਾ ਮੈਂਬਰ ਨਹੀ ਬਣੇਗਾ,ਪਰੰਤੂ ਮੌਜੂਦਾ ਸਮੇ ਦੇ ਸਿੱਖ ਆਗੂਆਂ ਨੇ ਅਕਾਲੀ ਦਲ ਦਾ ਵਿਧੀ ਵਿਧਾਨ ਹੀ ਬਦਲ ਦਿੱਤਾ ਹੈ। ਸਰੋਮਣੀ ਅਕਾਲੀ ਦਲ ਦੇ ਅਸੂਲਾਂ ਨੂੰ ਛਿੱਕੇ ਟੰਗਦਿਆਂ ਸਿਆਸੀ ਲਾਭ ਲੈਣ ਵਾਲੇ ਵਫਾਦਾਰ ਅਕਾਲੀਆਂ ਨੂੰ ਸਰੋਮਣੀ ਕਮੇਟੀ ਦੀ ਵਾਂਗ ਡੋਰ ਸੌਂਪੀ ਹੋਈ ਹੈ,ਭਾਵੇਂ ਕਿ ਇਹ ਰੁਝਾਨ ਕਾਫੀ ਲੰਮੇ ਸਮੇ ਤੋਂ ਚੱਲ ਰਿਹਾ ਹੈ,ਜਥੇਦਾਰ ਗੁਰਚਰਨ ਸਿੰਘ ਟੌਹੜਾ,ਜਥੇਦਾਰ ਜਗਦੇਵ ਸਿੰਘ ਤਲਵੰਡੀ,ਬੀਬੀ ਜਗੀਰ ਕੌਰ ਅਤੇ ਮੌਜੂਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੱਕ ਸਾਰੇ ਹੀ ਅਕਾਲੀ ਦਲ ਦੀ ਪੈਦਾਇਸ਼ ਹਨ,ਇਸ ਤੋਂ ਇਲਾਵਾ ਸਰੋਮਣੀ ਕਮੇਟੀ ਦੇ ਅਜਿਹੇ ਮੈਂਬਰ ਵੀ ਹਨ ਜਿਹੜੇ ਨਾਲ ਨਾਲ ਅਕਾਲੀ ਦਲ ਦੇ ਵਿਧਾਇਕ ਵੀ ਰਹੇ ਹਨ,ਪ੍ਰੰਤੂ ਇਸ ਤੋਂ ਵੀ ਅੱਗੇ ਜਾ ਕੇ ਹੁਣ ਸਰੋਮਣੀ ਕਮੇਟੀ ਨੂੰ ਸਿੱਧੇ ਤੌਰ ਅਕਾਲੀ ਦਲ ਦੇ ਸਿਆਸੀ ਮੰਤਵਾਂ ਲਈ ਬੇਝਿਜਕ ਵਰਤਿਆ ਜਾਣ ਲੱਗਾ ਹੈ। ਸਿਆਸੀ ਰੈਲੀਆਂ ਤੇ ਗੁਰੂ ਕੀ ਗੋਲਕ ਦਾ ਪੈਸਾ ਰੋੜ੍ਹਿਆ ਜਾ ਰਿਹਾ ਹੈ। ਜੇ ਘੱਟ ਤੋਂ ਘੱਟ ਵੀ ਹੋਵੇ ਤਾਂ ਵੀ ਇਹਨਾਂ ਰੈਲੀਆਂ ਤੇ ਲੰਗਰ ਦਾ ਪ੍ਰਬੰਧ ਤਾਂ ਸਰੋਮਣੀ ਕਮੇਟੀ ਦੀ ਜਿਵੇਂ ਮੁਢਲੀ ਜ਼ਿੰਮੇਵਾਰੀ ਹੀ ਬਣ ਚੁੱਕਾ ਹੈ।ਪਿਛਲੇ ਦਿਨੀ ਹੋਈ ਸੰਗਰੂਰ ਰੈਲੀ ਸਮੇ ਤਾਂ ਸਰੋਮਣੀ ਕਮੇਟੀ ਦੇ ਪ੍ਰਧਾਨ ਨੇ ਪਿਛਲੀਆਂ ਸਾਰੀਆਂ ਹੱਦਾਂ ਨੂੰ ਪਾਰ ਕਰ ਦਿੱਤਾ ਹੈ। ਸਰੋਮਣੀ ਕਮੇਟੀ ਦੇ ਸਕੂਲਾਂ ਦੀਆਂ ਬੱਸਾਂ ਵਿੱਚ ਸ਼ਰੇਆਮ ਰੈਲੀ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਆਓ ਭਗਤ ਖਾਤਰ ਠੇਕੇ ਤੋਂ ਸ਼ਰਾਬ ਦੇ ਡੱਬੇ ਧਰਦਿਆਂ ਦੀਆਂ ਵੀਡੀਓ ਵੀ ਵਾਇਰਲ ਹੋ ਚੁੱਕੀਆਂ ਹਨ। ਓਧਰ ਪ੍ਰਧਾਨ ਲੌਂਗੋਵਾਲ ਨੇ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਅਕਾਲੀ ਦਲ ਅਤੇ ਭਾਜਪਾ ਦੀ ਸਾਂਝੀ ਰੈਲੀ ਦੀ ਸਟੇਜ ਤੋਂ ਅਪਣੇ ਸਿਆਸੀ ਭਾਸ਼ਨ ਦੌਰਾਨ ਢੀਡਸਾ ਪਰਿਵਾਰ ਖਿਲਾਫ ਜੰਮ ਕੇ ਭੜਾਸ ਕੱਢੀ,ਪ੍ਰੰਤੂ ਉਹ ਇਹ ਬਿਲਕੁਲ ਹੀ ਭੁੱਲ ਭੁਲਾ ਗਏ ਕਿ ਉਹ ਹੁਣ ਸਿਆਸੀ ਲੀਡਰ ਨਹੀ ਸਗੋਂ ਸਿੱਖਾਂ ਦੀ ਸਰਬ ਸਾਂਝੀ ਧਾਰਮਿਕ ਸੰਸਥਾ ਸਰੋਮਣੀ ਕਮੇਟੀ ਦੇ ਪ੍ਰਧਾਨ ਹਨ। ਸੋ ਉਪਰੋਕਤ ਹਾਲਾਤਾਂ ਦੇ ਮੱਦੇਨਜਰ ਇਹ ਕਹਿਣਾ ਗਲਤ ਨਹੀ ਹੋਵੇਗਾ ਕਿ ਅਕਾਲੀ ਦਲ ਦੀ ਪੰਥਕ ਰੂਹ ਦਾ ਕਤਲ ਕਰਨ ਤੋ ਬਾਅਦ ਹੁਣ ਸਰੋਮਣੀ ਕਮੇਟੀ ਦਾ ਨਾਗਪੁਰੀ ਸਿਆਸੀਕਰਣ ਕੀਤਾ ਜਾ ਰਿਹਾ ਹੈ,ਜਿਸਨੂੰ ਬਚਾਉਣ ਲਈ ਸਮੁੱਚੇ ਸਿੱਖ ਪੰਥ ਨੂੰ ਖੁਦਗਰਜੀ ਦਾ ਤਿਆਗ ਜ਼ਰੂਰ ਕਰਨਾ ਹੋਵੇਗਾ।

ੴ

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

# HOLLYWOOD SIKH TEMPLE GURUDWARA SAHIB, VERMONT





## CELEBRATIONS OF 50TH ANNIVERSARY

**PROGRAM :**

ON 16th FEBRUARY, 2020 (SUNDAY)

10:00 AM TO 11:40 AM **(ASA KI VAAR BHAI AJIT SINGH)**

11:40 AM TO 12:30 PM **BHAI SURDEEP SINGH JI**

12:30 PM TO 1:15 PM **BHAI RAVINDER SINGH JI RASIYA**

!:15 PM TO 1:45 PM **BHAI AJIT SINGH , BHAI MANEET SINGH**





BHAI SURDEEP SINGH JI

BHAI RAVINDER SINGH JI RASIYA

BHAI AJEET SINGH RAAGI JATHA

**PLEASE COME AND JOIN US ON THIS HISTORIC DAY**

**323 - 665 - 7707**

**FOR MORE INFO PLEASE CALL**

PRESIDENT
**BHUPINDER SINGH DHILON.**
**323-514-6347**

GEN. SECRETARY
**AMRIK SINGH RASIA**
**818-331-1459**

# ਭਾਰਤੀ ਅੰਬੈਸਡਰ ਤਰਨਜੀਤ ਸਿੰਘ ਸੰਧੂ ਵਲੋਂ ਵਾਸ਼ਿੰਗਟਨ ਦੀਆਂ ਉੱਘੀਆਂ ਸ਼ਖ਼ਸੀਅਤਾਂ ਨਾਲ ਵਿਚਾਰਾਂ

**ਵਾਸ਼ਿੰਗਟਨ ਡੀ. ਸੀ./ਰਾਜ ਗੋਗਨਾ:** ਭਾਰਤੀ ਅੰਬੈਸਡਰ ਸ. ਤਰਨਜੀਤ ਸਿੰਘ ਸੰਧੂ ਆਪਣੀ ਧਰਮ ਪਤਨੀ ਰੀਨਤ ਸੰਧੂ ਨਾਲ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਮਿਲੇ ਅਤੇ ਆਪਣਾ ਪ੍ਰਮਾਣ ਪੱਤਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੌਂਪਿਆ।ਰਾਸ਼ਟਰਪਤੀ ਟਰੰਪ ਨੇ ਰਾਜਦੂਤ ਸੰਧੂ ਦਾ ਵਾਸ਼ਿੰਗਟਨ ਡੀ.ਸੀ. ਵਿਖੇ ਵਾਪਸ ਆਉਣ ਦਾ ਨਿੱਘਾ ਸਵਾਗਤ ਕੀਤਾ ਅਤੇ ਉਨਾਂ ਨੂੰ ਸੰਯੁਕਤ ਰਾਜ ਵਿੱਚ ਭਾਰਤ ਦੇ ਰਾਜਦੂਤ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਵਿੱਚ ਹਰ ਸਫਲਤਾ ਦੀ ਕਾਮਨਾ ਵੀ ਕੀਤੀ। ਰਾਸ਼ਟਰਪਤੀ ਨੇ ਅਦਬ ਅਤੇ ਪਿਆਰ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਦੋਸਤੀ ਅਤੇ ਉਨਾਂ ਦੀਆਂ ਕਈ ਗੱਲਬਾਤ ਨੂੰ ਯਾਦ ਵੀ ਕੀਤਾ।ਰਾਜਦੂਤ ਸੰਧੂ ਨੇ ਰਾਸ਼ਟਰਪਤੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰਪਤੀ ਟਰੰਪ ਅਤੇ ਉਹਨਾਂ ਦੀ ਪਹਿਲੀ ਫੇਰੀ ਲਈ ਨਿੱਘੀ ਵਧਾਈ ਦਿੱਤੀ। ਰਾਜਦੂਤ ਸੰਧੂ ਨੇ ਇਹ ਵੀ ਸ਼ਾਮਲ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਦੁਆਰਾ ਪਿਛਲੇ ਤਿੰਨ ਸਾਲਾਂ ਵਿੱਚ ਪ੍ਰਦਾਨ ਕੀਤੀ ਗਈ ਦ੍ਰਿਸ਼ਟੀ ਅਤੇ ਮਾਰਗ ਦਰਸ਼ਨ ਨੇ ਭਾਰਤ ਅਤੇ ਸੰਯੁਕਤ ਰਾਜ ਨੂੰ ਵਧੇਰੇ ਰਣਨੀਤਕ ਵੱਲ ਵਧਾਇਆ ਹੈ। ਰਾਜਦੂਤ ਸੰਧੂ ਨੇ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦਰਮਿਆਨ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੀ ਵੀ ਪੁਸ਼ਟੀ ਕੀਤੀ, ਜੋ ਆਪਸੀ ਵਿਸ਼ਵਾਸ ਅਤੇ ਦੋਸਤੀ, ਜਮਹੂਰੀ ਕਦਰਾਂ ਕੀਮਤਾਂ ਅਤੇ ਲੋਕਾਂ ਦੇ ਸਬੰਧਾਂ ਵਿਚ ਲੁਕਿਆ ਹੋਇਆ ਹੈ। ਉਪਰੰਤ ਉਹ ਸਿੱਧੇ ਆਪਣੀ ਰਿਹਾਇਸ਼ ਅੰਬੈਸਡਰ ਹਾਊਸ ਵਿਖੇਂ ਪਹੁੰਚੇ। ਜਿੱਥੇ ਉਨਾਂ ਨੇ ਮੈਟਰੋਪੁਲਿਟਨ ਵਾਸ਼ਿੰਗਟਨ ਡੀ. ਸੀ. ਦੀਆਂ ਕੁਝ ਉੱਘੀਆਂ ਸਖਸ਼ੀਅਤਾਂ ਨਾਲ 'ਸਵਾਗਤੀ ਜੀ ਆਇਆਂ ਮਿਲਣੀ' ਕੀਤੀ।ਉਨਾਂ ਦੇ ਨਾਲ ਉਨਾਂ ਦੀ ਧਰਮ ਪਤਨੀ ਰੀਨਤ ਸੰਧੂ ਵੀ ਹਾਜ਼ਰ ਸਨ, ਜੋ ਅੱਜ ਕੱਲ ਇਟਲੀ ਦੀ ਰਾਜਦੂਤ ਹਨ।

ਮਿਸ਼ਜ ਅਤੇ ਮਿਸਟਰ ਤਰਨਜੀਤ ਸਿੰਘ ਸੰਧੂ ਨੇ ਹਰੇਕ ਮਹਿਮਾਨ ਨੂੰ ਬਹੁਤ ਹੀ ਨਿੱਘੀ ਜੀ ਆਇਆਂ ਨਾਲ ਗ੍ਰਹਿ ਪ੍ਰਵੇਸ਼ ਕਰਵਾਇਆ ਅਤੇ ਹਰੇਕ ਨਾਲ ਯਾਦਗਾਰੀ ਤਸਵੀਰ ਦਾ ਆਗਾਜ਼ ਕੀਤਾ। ਜੋ ਕਾਬਲੇ ਤਾਰੀਫ ਸੀ। ਇੰਜ ਮਹਿਸੂਸ ਹੋ ਰਿਹਾ ਸੀ ਕਿ ਤਰਨਜੀਤ ਸਿੰਘ ਸੰਧੂ ਕਿਸੇ ਲਈ ਨਵੇਂ ਅੰਬੈਸਡਰ ਨਹੀਂ ਹਨ, ਸਗੋਂ ਹਰੇਕ ਨੂੰ ਨਿੱਜੀ ਤੌਰ ਤੇ ਜਾਣਦੇ ਅਤੇ ਸ਼ਰਧਾ ਦੇ ਪ੍ਰਤੀਕ ਬਣ ਮਿਲ ਰਹੇ ਸਨ।ਪ੍ਰੋਗਰਾਮ ਦੀ ਸ਼ੁਰੂਆਤ ਸੈਕਟਰੀ ਹਕੀਕੀ ਨੇ ਬਹੁਤ ਹੀ ਪਿਆਰੇ ਸ਼ਬਦਾਂ ਨਾਲ ਕੀਤੀ। ਉਪਰੰਤ ਅਮਿਤ ਕੁਮਾਰ ਡਿਪਟੀ ਚੀਫ ਆਫ ਮਿਸ਼ਨ ਨੇ ਤਰਨਜੀਤ ਸਿੰਘ ਸੰਧੂ ਦੀਆਂ ਕਾਰਗੁਜ਼ਾਰੀਆਂ, ਸੇਵਾਵਾਂ ਤੇ ਉਨਾਂ ਦੇ ਪਰਿਵਾਰ ਸਬੰਧੀ ਭਰਪੂਰ ਜ਼ਿਕਰ ਕੀਤਾ।ਅਤੇ ਆਏ ਮਹਿਮਾਨਾਂ ਨੇ ਤਾੜੀਆਂ ਨਾਲ



ਭਰਵਾਂ ਸਵਾਗਤ ਕੀਤਾ ।ਅੰਬੈਸਡਰ ਤਰਨਜੀਤ ਸਿੰਘ ਸੰਧੂ ਨੂੰ ਆਏ ਮਹਿਮਾਨਾਂ ਨਾਲ ਸ਼ਬਦਾਂ ਦੀ ਸਾਂਝ ਪਾਉਣ ਦਾ ਸੱਦਾ ਦਿੱਤਾ ਗਿਆ।ਆਪਣੇ ਸੰਬੋਧਨ ਚ ਸ: ਸੰਧੂ ਨੇ ਕਿਹਾ ਕਿ ਮੇਰੇ ਲਈ ਆਏ ਮਹਿਮਾਨ ਨਵੇਂ ਨਹੀਂ ਹਨ। ਇਹਨਾਂ ਦੇ ਸਹਿਯੋਗ ਅਤੇ ਪਿਆਰ ਸਦਕਾ ਮੈਂ ਅੱਜ ਮੈ ਆਪਣੀ ਨਵੀਂ ਨਿਯੁੱਕਤੀ ਗ੍ਰਹਿਣ ਕੀਤੀ ਹੈ। ਮੈਂ ਜਦੋਂ ਡਿਪਟੀ ਚੀਫ ਆਫ਼ ਮਿਸ਼ਨ ਤਿੰਨ -ਚਾਰ ਸਾਲ ਪਹਿਲਾਂ ਅਮਰੀਕਾ ਆਇਆ ਸੀ। ਉਸ ਵੇਲੇ ਵੀ ਹਾਲਾਤ ਮੁਸ਼ਕਲਾਂ ਭਰੇ ਸਨ। ਜੋ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸਦਕਾ ਉਸ ਵੇਲੇ ਬਿਹਤਰੀ ਵੱਲ ਕਦਮ ਪੁੱਟੇ ਗਏ ਸਨ। ਅੱਜ ਵੀ ਹਾਲਾਤ ਉਸੇ ਤਰਾਂ ਦੇ ਹਨ, ਪਰ ਤੁਹਾਡੇ ਸਹਿਯੋਗ ਸਦਕਾ ਅਸੀਂ ਮੁੜ ਬਿਹਤਰੀ ਅਤੇ ਵਿਕਾਸ ਵੱਲ ਮਜ਼ਬੂਤੀ ਵੱਲ ਵਧਾਂਗੇ। ਉਨਾਂ ਕਿਹਾ ਅਮਰੀਕਾ-ਭਾਰਤ ਦਾ ਅਨਿੱਖੜਵਾਂ ਅਤੇ ਮਜ਼ਬੂਤ ਹਿੱਸੇਦਾਰ ਹੈ, ਜੋ ਹਮੇਸ਼ਾ ਭਾਰਤ ਵਿੱਚ ਵਿਕਾਸ ਨੂੰ ਨਿਰੰਤਰ ਵਿਕਸਤ ਕਰ ਰਿਹਾ ਹੈ। ਅਸੀਂ ਦੋਵੇਂ ਸੁਪਰ ਮੁਲਕਾਂ ਵਿੱਚੋਂ ਹਾਂ। ਹਰ ਕੋਈ ਸਾਡੇ ਨਾਲ ਮਿਲਕੇ ਚੱਲਣ ਨੂੰ ਤਰਜੀਹ ਦੇ ਰਿਹਾ ਹੈ। ਸਾਨੂੰ ਆਸ ਹੈ ਕਿ ਰਾਸ਼ਟਰਪਤੀ ਟਰੰਪ ਦੀ ਭਾਰਤ ਫੇਰੀ ਵੀ ਅਜਿਹਾ ਰੰਗ ਲਿਆਵੇਗੀ ਜਿਸ ਨੂੰ ਦੁਨੀਆਂ ਦੇਖੇਗੀ। ਕਿਉਂਕਿ ਭਾਰਤ-ਅਮਰੀਕਾ ਦੋਵੇਂ ਦ੍ਰਿੜ ਅਤੇ ਪੱਕੇ ਇਰਾਦੇ ਨਾਲ ਵਿਚਰ ਰਹੇ ਹਨ।ਅੰਬੈਸਡਰ ਤਰਨਜੀਤ ਸਿੰਘ ਸੰਧੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬਿਹਤਰੀ ਵੱਲ ਕਦਮ ਵਧਾਉਣ ਦੀ ਵੀ ਗੱਲ ਕੀਤੀ ਤਾਂ ਜੋ ਭਾਰਤ ਅਤੇ ਇਸ ਦੇ ਇਥੇ ਰਹਿੰਦੇ ਵਸਨੀਕ ਹਰ ਪੱਖੋਂ ਵਧੀਆ ਕਰ ਗੁਜਰਨ ਨੂੰ ਤਰਜੀਹ ਦੇਣ।

ਇਸ ਮੌਕੇ ਸਿੱਖ ਕਮਿਊਨਿਟੀ ਦੀਆਂ ਉੱਘੀਆਂ ਸਖਸ਼ੀਅਤਾਂ ਵਿੱਚ ਸ:ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ, ਕੰਵਲਜੀਤ ਸਿੰਘ ਸੋਨੀ, ਬਲਜਿੰਦਰ ਸਿੰਘ ਸ਼ੰਮੀ, ਡਾ. ਸੁਰਿੰਦਰ ਸਿੰਘ ਗਿੱਲ, ਗੁਰਚਰਨ ਸਿੰਘ, ਰਤਨ ਸਿੰਘ, ਡਾ.:ਕੋਹਲੀ ਅਤੇ ਉੱਘੇ ਲੀਡਰਾਂ ਵਿੱਚ ਡਾ. ਅਡੱਪਾ ਪ੍ਰਸਾਦ, ਪਵਨ ਕੁਮਾਰ ਬੈਜਵਾੜਾ, ਡਾ: ਸੁਰੇਸ਼ ਗੁਪਤਾ, ਸੁਰਜੀਤ ਸਿੰਘ ਸਿੱਧੂ, ਜਰਨਲਿਸਟ ਵਿੱਚੋਂ ਸੁਖਪਾਲ ਸਿੰਘ ਸੁਰਮੁਖ ਸਿੰਘ ਮਾਣਕੂ ਤੇ ਤੇਜਿੰਦਰ ਸਿੰਘ ਸ਼ਾਮਲ ਹੋਏ।ਟੀਵੀ ਏਸ਼ੀਆ ਦੇ ਮਾਲਕ ਤੇ ਮੀਡੀਆ ਦੀਆ ਹੋਰ ਵੀ ਪ੍ਰਮੁਖ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਸਮੁੱਚਾ ਜੀਆਇਆ ਸਮਾਗਮ ਵੱਖਰੀ ਛਾਪ ਛੱਡ ਗਿਆ ਜੋ ਤਰਨਜੀਤ ਸਿੰਘ ਸੰਧੂ ਦੀ ਆਪਣੀ ਸ਼ਖ਼ਸੀਅਤ ਤੇ ਪ੍ਰਭਾਵ ਦਾ ਪ੍ਰਤੀਕ ਰਿਹਾ ਹੈ।

## ਸਿਆਟਲ ਵਿਚ ਕੌਂਸਲੇਟ ਖੋਲ੍ਹਣ ਦੀ ਮੰਗ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਭਾਰਤ ਦੇ ਨਵੇਂ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮਿਲਣੀ ਕਰਕੇ ਵਾਸ਼ਿੰਗਟਨ ਡੀ.ਸੀ. ਵਿਚ ਭਾਰਤ ਦੇ ਰਾਜਦੂਤ ਵਜੋਂ ਚਾਰਜ ਸੰਭਾਲ ਲਿਆ ਹੈ ਜਿਨਾਂ ਦੀ ਸ਼ਾਮ ਨੂੰ ਅੰਬੈਸੀ ਅਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਸਵਾਗਤ ਵਿਚ ਪਾਰਟੀ ਕੀਤੀ ਅਤੇ ਦੇਸ਼ ਵਿਦੇਸ਼ ਤੋਂ ਦੋਸਤਾਂ ਮਿੱਤਰਾਂ, ਚਹੇਤਿਆਂ ਅਤੇ ਪੰਜਾਬੀ ਭਾਈਚਾਰੇ ਦੀਆ ਕਈ ਅਹਿਮ ਸ਼ਖਸੀਅਤਾਂ ਨੇ ਤਰਨਜੀਤ ਸਿੰਘ ਸੰਧੂ ਨੂੰ ਵਧਾਈਆਂ ਦਿੱਤੀਆਂ ਅਤੇ ਆਸ ਪ੍ਰਗਟ ਕੀਤੀ ਤਰਨਜੀਤ ਸਿੰਘ ਸੰਧੂ ਤਨਦੇਹੀ ਨਾਲ, ਮਿਹਨਤ ਨਾਲ ਕੰਮ ਕਰਕੇ ਲੋਕਾਂ ਦੀਆਂ ਮੰਗਾਂ ਪੂਰੀਆਂ ਕਰਨਗੇ। ਸਿਆਟਲ ਤੋਂ ਪੰਜਾਬੀ ਭਾਈਚਾਰੇ ਦੀਆਂ ਕਈ ਮਾਣਮੱਤੀਆਂ ਸ਼ਖਸੀਅਤਾਂ ਨੇ ਵਧਾਈ ਦੇਂਦਿਆਂ ਮੰਗ ਕੀਤੀ ਕਿ ਸਿਆਟਲ ਵਿਚ ਭਾਰਤੀ ਕੌਂਸਲਖਾਨਾ ਖੋਲਿਆ ਜਾਵੇ ਜੋ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਦੀ ਮੰਗ ਲਟਕਦੀ ਆ ਰਹੀ ਹੈ। ਸਿਆਟਲ ਵਿਚ ਮਾਈਕਰੋ ਸਾਫ਼ਟ, ਬੋਇੰਗ, ਐਮਾਜ਼ੋਨ, ਸਟਾਰਬੱਕ ਕਾਫ਼ੀ, ਕਾਸਕੋ, ਟੀ ਮੋਬਾਇਲ ਫੋਨ, ਇਨਸਾਈਕਲੋ ਪੀਡੀਆ ਆਦਿ ਦੇ ਮੁੱਖ ਦਫ਼ਤਰ ਹੋਣ ਕਰਕੇ ਭਾਰੀ ਗਿਣਤੀ ਵਿਚ ਭਾਰਤੀ ਮੂਲ ਦੇ ਲੋਕ ਕੰਮ ਕਰ ਰਹੇ ਹਨ ਜਿਨਾਂ ਨੂੰ ਪਾਸਪੋਰਟ, ਵੀਜ਼ੇ ਜਾਂ ਛੋਟੇ ਮੋਟੇ ਕੰਮਾਂ ਲਈ 800-900 ਮੀਲ ਦੂਰ ਸਾਨਫਰਾਂਸਿਸਕੋ ਜਾਣਾ ਪੈਂਦਾ ਹੈ ਅਤੇ ਭਾਰੀ ਖੱਜਲ ਖੁਆਰੀ ਝੱਲਣੀ ਪੈਂਦੀ ਹੈ ਜਿਸ ਕਰਕੇ ਲੋਕ ਮੰਗ ਕਰ ਰਹੇ ਹਨ ਕਿ ਭਾਰਤੀ ਕੌਂਸਲਖਾਨਾ ਸਿਆਟਲ ਖੋਲਿਆ ਜਾਵੇ। ਸਿਆਟਲ ਨਿਵਾਸੀਆਂ ਨੇ ਆਸ ਪ੍ਰਗਟ ਕੀਤੀ ਕਿ ਭਾਰਤ ਦੇ ਨਵੇਂ ਰਾਜਦੂਤ ਤਰਨਜੀਤ ਸਿੰਘ ਸੰਧੂ ਨਿੱਜੀ ਦਿਲਸਚਪੀ ਲੈ ਕੇ ਲੋਕਾਂ ਦੀ ਮੰਗ ਪੂਰੀ ਕਰਨਗੇ। ਸਿੱਖਾਂ ਦੀ ਸਿਰਮੌਰ ਹਸਤੀ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਅਤੇ ਵਾਈਸ ਚਾਂਸਲਰ ਬਿਸ਼ਨ ਸਿੰਘ ਸਮੁੰਦਰੀ ਦੇ ਲੜਕੇ ਹਨ ਤਰਨਜੀਤ ਸਿੰਘ ਸੰਧੂ। ਉਨਾਂ ਦੀ ਪਤਨੀ ਇਟਲੀ ਦੀ ਰਾਜਦੂਤ ਹੈ।

## ਅਮਰੀਕਾ 'ਚ 10 ਸਾਲ ਵਿਚ ਡਾਗ ਪਾਰਕ 40% ਵਧੇ ਉਹਨਾਂ ਦੀਆਂ ਕੁਝ ਸਮੱਸਿਆਵਾਂ ਵੀ

**ਨਿਊਯਾਰਕ/ਨਿਊਯਾਰਕ ਟਾਈਮਜ਼:** ਅਮਰੀਕਾ ਦੇ ਸ਼ਹਿਰਾਂ ਵਿਚ ਕੁੱਤਿਆਂ ਲਈ ਅਲੱਗ ਪਾਰਕਾਂ ਦੀ ਸਹੂਲਤ ਹੈ। 1979 ਦੌਰਾਨ ਦੇਸ ਦਾ ਪਹਿਲਾ ਡਾਗ ਪਾਰਕ ਬਰਕਲੇ ਕੈਲੀਫੋਰਨੀਆ ਵਿਚ ਖੁੱਲਿਆ ਹੈ। ਇਸ ਦੇ ਬਾਅਦ ਇਨਾਂ ਦੀ ਸੰਖਿਆ ਲਗਾਤਾਰ ਵਧ ਰਹੀ ਹੈ। ਡਾਗ ਪਾਰਕ ਵਿਚ ਫੈਸਿੰਗ ਨਾਲ ਘਿਰੇ ਮੈਦਾਨ ਦੌੜਨ ਦੇ ਲਈ ਛੋਟੇ ਖੇਤਰ ਤੇ ਹੋਰ ਸਹੂਲਤਾਂ ਹਨ। ਪਬਲਿਕ ਲੇਡ ਟਰੱਸਟ ਦੇ ਅਨੁਸਾਰ 2009 ਦੇ ਬਾਅਦ ਡਾਗ ਪਾਰਕ ਦਾ ਨਿਰਮਾਣ 40% ਵਧਿਆ ਹੈ। ਵੈਸੇ ਕਈ ਮਾਹਿਰ ਆਖਦੇ ਹਨ ਕਿ ਉਹ ਕੁੱਤਿਆਂ ਲਈ ਬਹੁਤ ਉਪਯੋਗੀ ਨਹੀਂ ਹਨ। ਇਸ ਨਾਲ ਕਈ ਸਮੱਸਿਆਵਾਂ ਖੜੀਆਂ ਹੋ ਸਕਦੀਆਂ ਹਨ। 2018 ਦੌਰਾਨ ਰਾਸ਼ਟਰੀ ਪਾਰਕ ਐਸੋਸੀਏਸ਼ਨ ਸਰਵੇ ਮੁਤਾਬਕ 91% ਅਮਰੀਕੀ ਵਿਸ਼ਵਾਸ ਕਰਦੇ ਹਨ ਕਿ ਡਾਗ ਪਾਰਕ ਨਾਲ ਫਾਇਦੇ ਹਨ, ਇਹ ਗੱਲ 24 ਤੋਂ 39 ਸਾਲ ਦੀ ਉਮਰ ਦੇ ਲੋਕ ਅਤੇ 40 ਤੋਂ 60 ਸਾਲ ਦੀ ਉਮਰ ਦੇ ਲੋਕਾਂ 'ਤੇ ਲਾਗੂ ਹੁੰਦੀ ਹੈ। ਇਹ ਡਾਗ ਪਾਰਕ ਨੂੰ ਉਪਯੋਗੀ ਸਹੂਲਤ ਦੱਸਦੇ ਹਨ। 60% ਸੋਚਦੇ ਹਨ ਕਿ ਇਹ ਪਾਰਕ ਕੁੱਤਿਆਂ ਨੂੰ ਐਕਸਰਸਾਇਜ਼ ਕਰਨ ਤੇ ਖੁੱਲ ਕੇ ਘੁੰਮਣ ਦੇ ਸਹੂਲਤ ਦਿੰਦੇ ਹਨ। 48% ਮੰਨਦੇ



ਹਨ ਕਿ ਇਹਨਾਂ ਵਿਚ ਕੁੱਤੇ ਇਕ ਦੂਸਰਿਆਂ ਤੇ ਹੋਰ ਲੋਕਾਂ ਨਾਲ ਘੁੱਲ ਮਿਲ ਸਕਦੇ ਹਨ। ਇਹ ਖਾਸ ਤੌਰ 'ਤੇ ਸ਼ਹਿਰੀ ਕੁੱਤਿਆਂ ਲਈ ਚੰਗੇ ਹਨ, ਜਿਨਾਂ ਨੂੰ ਘੁੰਮਣ ਲਈ ਯੋਗ ਥਾਂ ਨਹੀਂ ਮਿਲਦੀ। ਪ੍ਰੋਫੈਸ਼ਨਲ ਡਾਗ ਟ੍ਰੇਨਰਜ਼ ਐਸੋਸੀਏਸ਼ਨ ਦਾ ਮੁਖੀ ਨਿਕ ਹਾਫ ਕਹਿੰਦੇ ਹਨ ਕਿ ਡਾਗ ਪਾਰਕ 6 ਤੋਂ 12 ਮਹੀਨੇ ਦੇ ਪੱਪੀ ਦੇ ਲਈ ਮੇਲ ਜੋਲ ਦੀ ਸੁਰੱਖਿਆ ਜਗਾ ਨਹੀਂ ਹੈ। ਛੋਟੇ ਕੁੱਤੇ ਸ਼ੁਰੂਆਤੀ ਮਹੀਨਿਆਂ ਦੇ ਅਨੁਭਵ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ। ਇਸ ਲਈ ਖਰਾਬ ਅਨੁਭਵ ਉਨਾਂ ਸਾਰਿਆਂ ਕੁੱਤਿਆਂ ਪ੍ਰਤੀ ਸੁਚੇਤ ਰਹਿਣ ਲਈ ਪ੍ਰੇਰਿਤ ਕਰੇਗਾ। ਪਾਰਕ ਵਿਚ ਕੁੱਤੇ ਇਕ ਦੂਸਰੇ ਦੀ ਖਰਾਬ ਆਦਤਾਂ ਵੀ ਸਿੱਖਦੇ ਹਨ, ਕੁੱਤੇ ਸਮਾਜਿਕ ਪ੍ਰਾਣੀ ਵੀ ਹੁੰਦੀ ਹਨ। ਇਸ ਲਈ ਡਾਗ ਪਾਰਕ ਦਾ ਬਨਾਵਟੀ ਢਾਂਚਾ ਉਨਾਂ ਦੇ ਲਈ ਚੁਣੌਤੀ ਪੂਰਨ ਹੋ ਸਕਦਾ ਹੈ। ਕੁੱਤਿਆਂ ਦੇ ਵਿਚਾਲੇ ਲੜਾਈ ਨਾਲ ਦੂਸਰੇ ਕੁੱਤਿਆਂ ਨੂੰ ਘਟੀਆ ਵਿਹਾਰ ਸਿੱਖਣ ਦਾ ਰਸਤਾ ਮਿਲਦਾ ਹੈ। ਅਮਰੀਕਨ ਐਨੀਮਲ ਹਸਪਤਾਲ ਐਸੋਸੀਏਸ਼ਨ ਦੇ ਡਾ. ਹੀਥਰ ਲੋਨਸੇਰ ਦਸਦੇ ਹਨ ਕਿ ਲੜਾਈ ਦੀਆਂ ਘਟਨਾਵਾਂ ਵਿਚ ਕੁੱਤੇ ਘਾਇਲ ਵੀ ਹੋ ਸਕਦੇ ਹਨ। ਸਾਫ ਸੁਥਰੇ ਡਾਗ ਪਾਰਕ ਵੀ ਸਿਹਤ ਦੇ ਖਤਰੇ ਪੈਦਾ ਕਰ ਸਕਦੇ ਹਨ। ਛੂਤ ਦੀਆਂ ਬਿਮਾਰੀਆਂ ਫੈਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਹਾਫ ਦਾ ਕਹਿਣਾ ਹੈ ਕਿ ਡਾਗ ਪਾਰਕ ਅਜਿਹੀ ਜਗਾ ਨਹੀਂ ਹੈ, ਜਿੱਥੇ ਕੁੱਤੇ ਨੂੰ ਨਿਗਰਾਨੀ ਦੇ ਬਗੈਰ ਛੱਡਿਆ ਜਾ ਸਕਦਾ ਹੈ। ਪਾਰਕ ਵਿਚ ਲਿਜਾਣ ਦੀ ਸਥਿਤੀ ਵਿਚ ਉਸ ਉੱਪਰ ਪੂਰੀ ਨਜ਼ਰ ਰੱਖਣ ਦੀ ਲੋੜ ਹੈ।

## ਰਾਸ਼ਟਰਪਤੀ ਡੋਨਾਲਡ ਟਰੰਪ 24 ਫਰਵਰੀ ਨੂੰ ਭਾਰਤ ਜਾਣਗੇ

**ਵਾਸਿੰਗਟਨ ਡੀ.ਸੀ/ਰਾਜ ਗੋਗਨਾ :** ਅਮਰੀਕਾ ਦੇ ਰਾਸ਼ਟਰਪਤੀ ਅਤੇ ਪਹਿਲੀ ਮਹਿਲਾ ਮੇਲਾਨੀਆ ਟਰੰਪ 24-25 ਫਰਵਰੀ ਤੱਕ ਯਾਤਰਾ ਦੌਰਾਨ ਨਵੀਂ ਦਿੱਲੀ ਅਤੇ ਅਹਿਮਦਾਬਾਦ ਦੀ ਯਾਤਰਾ ਕਰਨਗੇ। ਵਾਈਟ ਹਾਊਸ ਨੇ ਇਹ ਐਲਾਨ ਕੀਤਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਮਹੀਨੇ ਦੇ ਅਖੀਰ ਵਿੱਚ ਦੋ ਦਿਨਾਂ ਦੇ ਦੌਰੇ 'ਤੇ ਭਾਰਤ ਜਾਣਗੇ, ਸੰਯੁਕਤ ਰਾਜ ਦੇ ਰਾਸ਼ਟਰਪਤੀ ਵਜੋਂ ਉਨਾਂ ਦੀ ਭਾਰਤ ਦੇਸ਼ ਦੀ ਪਹਿਲੀ ਯਾਤਰਾ ਹੋਵੇਗੀ।ਵਾਈਟ ਹਾਊਸ ਦੀ ਪ੍ਰੈਸ ਸਕੱਤਰ ਸਟੀਫਨੀ ਗ੍ਰਿਸ਼ਮ ਨੇ ਦੱਸਿਆ ਕਿ ਰਾਸ਼ਟਰਪਤੀ ਅਤੇ ਪਹਿਲੀ ਮਹਿਲਾ ਮੇਲਾਨੀਆ ਟਰੰਪ 24-25 ਫਰਵਰੀ ਤੱਕ ਯਾਤਰਾ ਦੌਰਾਨ ਨਵੀਂ ਦਿੱਲੀ ਅਤੇ ਅਹਿਮਦਾਬਾਦ ਦੀ ਯਾਤਰਾ ਕਰਨਗੇ।

ਜਦਕਿ ਅਮਰੀਕਾ ਦੇ ਇਸ ਤੋਂ ਪਹਿਲੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, 2010 ਅਤੇ 2015 ਵਿਚ ਦੋ ਵਾਰ ਭਾਰਤ ਗਏ ਸੀ।ਹਫਤੇ ਦੇ ਅੰਤ ਵਿਚ ਇਕ ਫੋਨ ਕਾਲ ਦੌਰਾਨ, ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਹਿਮਤੀ ਦਿੱਤੀ ਕਿ ਇਹ ਯਾਤਰਾ ਭਾਰਤ-ਅਮਰੀਕਾ ਦੀਆ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰੇਗੀ ਅਤੇ ਅਮਰੀਕੀ ਅਤੇ ਭਾਰਤੀ ਲੋਕਾਂ ਦਰਮਿਆਨ ਮਜ਼ਬੂਤ ਅਤੇ ਸਦੀਵੀ ਸਬੰਧਾਂ ਨੂੰ ਉਜਾਗਰ ਕਰੇਗੀ। "ਰਾਸ਼ਟਰਪਤੀ ਟਰੰਪ ਦੀ ਭਾਰਤ ਯਾਤਰਾ ਸਮੇਂ ਦੇ ਦੁਵੱਲੇ ਵਪਾਰ ਮੁੱਦਿਆਂ ਦੇ ਮੱਦੇਨਜ਼ਰ ਸਮੇਂ ਸਿਰ ਹੈ ਅਤੇ ਜਿੰਨਾਂ ਨੂੰ ਹੱਲ ਕਰਨ ਦੀ ਜ਼ਰੂਰਤ ਹੈ ਅਤੇ ਵੱਖ-ਵੱਖ ਖੇਤਰਾਂ ਵਿੱਚ ਅਮਰੀਕਾ ਅਤੇ ਭਾਰਤ ਦਰਮਿਆਨ ਸਹਿਯੋਗ ਦੀ ਰੌਸ਼ਨੀ ਵਿੱਚ ਐਮ.ਆਰ ਰੰਗਾਸਵਾਮੀ, ਭਾਰਤੀ-ਅਮਰੀਕੀ ਪਰਉਪਕਾਰੀ ਅਤੇ ਇੰਡੀਆ ਸਪੋਰਾ ਦੇ ਮੁਖੀ, ਨੇ ਕਿਹਾ।ਇਸ ਨੂੰ ਇਕ ਮਹੱਤਵਪੂਰਨ ਯਾਤਰਾ ਦੱਸਦੇ ਹੋਏ, ਯੂਐਸ-ਭਾਰਤ ਰਣਨੀਤਕ ਅਤੇ ਭਾਈਵਾਲੀ ਫੋਰਮ ਦੇ ਪ੍ਰਧਾਨ, ਮੁਕੇਸ਼ ਅਗੀ ਨੇ ਨੋਟ ਕੀਤਾ ਕਿ ਪਿਛਲੇ ਤਿੰਨ ਅਮਰੀਕੀ ਰਾਸ਼ਟਰਪਤਾਂ ਨੇ ਭਾਰਤ ਯਾਤਰਾ ਕੀਤੀ ਸੀ। ਜਿੰਨਾਂ ਵਿੱਚੋਂ ਡੋਨਲਡ ਟਰੰਪ ਦਾ ਦੌਰਾ ਮਹੱਤਵ ਪੂਰਨ ਗਿਣਿਆ ਜਾ ਰਿਹਾ ਹੈ। ਜਿਸ ਲਈ ਭਾਰਤ -ਅਮਰੀਕਾ ਦੋਵੇਂ ਬਹੁਤ ਉਤਾਵਲੇ ਤੇ ਆਸਵੰਦ ਹਨ।

# ਸਾਕਾ ਨਕੋਦਰ ਦੇ ਸ਼ਹੀਦਾਂ ਦੀ ੩੪ਵੀ ਸ਼ਹੀਦੀ ਵਰੇਗੰਢ ਮੌਕੇ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਆਇਆ ਸੰਗਤਾਂ ਦਾ ਸੈਲਾਬ



**ਫਰੀਮੌਂਟ/ਏ.ਟੀ.ਨਿਊਜ਼:** ਸਾਕਾ ਨਕੋਦਰ ਦੇ ਸ਼ਹੀਦ ਦੀ ੩੪ਵੀ ਸ਼ਹੀਦੀ ਵਰੇਗੰਢ ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ, ਯੂ ਐਸ ਏ ਵਿਖੇ ਪੂਰੀ ਖਾਲਸਾਈ ਸ਼ਾਨੋ ਸ਼ੌਕਤ ਨਾਲ ਮਨਾਈ ਗਈ।

ਇਸ ਮੌਕੇ ਹਜ਼ੂਰੀ ਰਾਗੀ ਸਾਹਿਬਾਨ ਵਲੋਂ ਕੀਰਤਨ ਉਪਰੰਤ ਕਥਾ ਵਾਚਕ ਭਾਈ ਸੁਖਵਿੰਦਰ ਸਿੰਘ ਜੀ ਟਕਸਾਲ ਵਾਲਿਆਂ ਵਲੋਂ ਸੰਗਤਾਂ ਨੂੰ ਇਨਾਂ ਸੂਰਬੀਰਾਂ ਦੀਆਂ ਸ਼ਹਾਦਤਾਂ ਦੀ ਗਾਥਾ ਤੋਂ ਜਾਣੂ ਕਰਵਾਇਆ।

ਸ਼ਹੀਦ ਭਾਈ ਰਵਿੰਦਰ ਸਿੰਘ ਦੇ ਭਰਾ ਡਾਕਟਰ ਹਰਿੰਦਰ ਸਿੰਘ (ਸਟੈਨਫੋਰਡ ਯੂਨੀਵਰਸਿਟੀ) ਵਲੋਂ ਸੰਗਤਾਂ ਨਾਲ ਸਾਕਾ ਨਕੋਦਰ ਦਾ ਪਿਛਲੇ ੩੪ ਸਾਲ ਦਾ ਇਤਿਹਾਸ ਸਬੂਤਾਂ ਤੇ ਤਸਵੀਰਾਂ ਸਮੇਤ ਸੰਗਤਾਂ ਨਾਲ ਸਾਂਝਾ ਕੀਤਾ ਅਤੇ ਦੱਸਿਆ ਕਿ ਕਿਵੇਂ ਪਰਿਵਾਰ ਪਿਛਲ਼ੇ ੩੪ ਸਾਲ ਤੋਂ ਇਨਸਾਫ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ।

ਸਮੂਹ ਪੰਥਕ ਜੱਥੇਬੰਦੀਆਂ ਅਤੇ ਸੰਗਤਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣਾ ਵਾਅਦਾ ਨਿਭਾ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਦਾ ਦੂਸਰਾ ਭਾਗ ਜਨਤਕ ਕਰਨ ਅਤੇ ਰਿਪੋਰਟ ਨੂੰ ਆਉਂਦੇ ਵਿਧਾਨ ਸਭਾ ਸੈਸ਼ਨ ਵਿਚ ਪੇਸ਼ ਕਰਕੇ ਬਹਿਸ ਕਰਵਾਉਣ ਐਕਸ਼ਨ ਰਿਪੋਰਟ ਰੱਖਣ ਤੈ ਸਪੈਸ਼ਲ ਸੈੱਟ ਟੀਮ ਬਣਾ ਕੈ ਬੇਗੁਨਾਹ ਨੌਜਵਾਨਾਂ ਦੈ ਕਾਤਲਾਂ ਤੇ ਮੁਕੱਦਮੇ ਦਰਜ਼ ਕਰਵਾਕੇ ਪੀੜਤ ਪ੍ਰੀਵਾਰਾਂ ਨੂੰ ਇਨਸਾਫ ਦੇਣ ਦੀ ਮੰਗ ਕੀਤੀ ।

ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿਚ ਮਿਤੀ ੧੬ ਫਰਵਰੀ ੨੦੨੦ ਦਿਨ ਐਤਵਾਰ ਨੂੰ ਗੁਰਦਵਾਰਾ ਸਿੰਘ ਸਭਾ ਬੇ ਏਰੀਆ ਮਿਲਪੀਟਸ (ਕੈਲੀਫੋਰਨੀਆ) ਵਿਖੇ ਵੀ ਇਕ ਮਹਾਨ ਸ਼ਹੀਦੀ ਸਮਾਗਮ ਹੋ ਰਿਹਾ ਹੈ ।ਪ੍ਰਬੰਧਕਾਂ ਵਲੋਂ ਸਮੂਹ ਪੰਥ ਦਰਦੀ ਤੇ ਸੰਗਤਾਂ ਨੂੰ ਸਮਾਗਮ ਵਿਚ ਹਾਜ਼ਰੀ ਭਰਨ ਦੀ ਪੁਰਜ਼ੋਰ ਅਪੀਲ ਹੈ।

# ਰਵਨੀਤ ਬਿੱਟੂ ਜ਼ਾਬਤੇ ‘ਚ ਰਹਿ ਕੇ ਬੋਲਣ: ਜਥੇਦਾਰ ਰਘਬੀਰ ਸਿੰਘ

**ਸ੍ਰੀ ਆਨੰਦਪੁਰ ਸਾਹਿਬ/ਏ.ਟੀ. ਨਿਊਜ਼:** ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਾਰੇ ਕੀਤੀ ਜਾ ਰਹੀ ਬਿਆਨਬਾਜ਼ੀ ਦਾ ਸਖਤ ਨੋਟਿਸ ਲੈਂਦੇ ਹੋਏ ਸਿੱਖ ਆਗੂਆਂ ਨੇ ਬਿੱਟੂ ਨੂੰ ਆਪਣੀ ਹੱਦ ਅੰਦਰ ਰਹਿ ਕੇ ਬਿਆਨਬਾਜ਼ੀ ਕਰਨ ਲਈ ਕਿਹਾ ਹੈ। ਉਨਾਂ ਕਿਹਾ ਕਿ ਬਿੱਟੂ ਨੂੰ ਆਪਣੇ ਪੁਰਖਿਆਂ ਵੱਲੋਂ ਪੰਜਾਬ ਦੀ ਜੁਆਨੀ ਦੇ ਕੀਤੇ ਘਾਣ ਨੂੰ ਯਾਦ ਕਰਨਾ ਚਾਹੀਦਾ ਹੈ। ਉਨਾਂ ਕਿਹਾ ਕਿ ਇਸ ਮੌਕੇ ਸਮੁੱਚੀ ਕੌਮ ਜਥੇਦਾਰ ਸ੍ਰੀ ਅਕਾਲ ਤਖਤ ਨਾਲ ਖੜੀ ਹੈ। ਤਖਤ ਕੇਸਗੜ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਅਕਾਲ ਤਖਤ ਸਿੱਖ ਕੌਮ ਦੀ ਸਿਰਮੌਰ ਸੰਸਥਾ ਹੈ ਤੇ ਉੱਥੋਂ ਦੇ ਜਥੇਦਾਰ ਬਾਰੇ ਬਿੱਟੂ ਵੱਲੋਂ ਵਰਤੀ ਜਾ ਰਹੀ ਸ਼ਬਦਾਵਲੀ ਨਿੰਦਣਯੋਗ ਹੈ। ਉਨਾਂ ਕਿਹਾ ਕਿ ਬਿੱਟੂ ਨੂੰ ਆਪਣੀ ਹੱਦ ‘ਚ ਰਹਿ ਕੇ ਬੋਲਣਾ ਹੀ ਨਹੀਂ ਚਾਹੀਦਾ ਸਗੋਂ ਬੇਅੰਤ ਸਿੰਘ ਸਰਕਾਰ ਦੌਰਾਨ ਪੰਜਾਬ ਦੀਆਂ ਹਜ਼ਾਰਾਂ ਮਾਵਾਂ ਦੇ ਬੇਦੋਸ਼ੇ ਪੁੱਤਾਂ ਦੇ ਕਤਲੇਆਮ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖਾਲਸਾ ਨੇ ਕਿਹਾ ਕਿ ਰਵਨੀਤ ਬਿੱਟੂ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਾਰੇ ਜਾਂ ਉਨਾਂ ਦੇ ਬਿਆਨ ‘ਤੇ ਟਿੱਪਣੀ ਕਰਨ ਦਾ ਕੋਈ ਹੱਕ ਨਹੀਂ ਹੈ। ਉਨਾਂ ਕਿਹਾ ਕਿ ਸਾਨੂੰ ਅਜਿਹੇ ਲੋਕਾਂ ਤੋਂ ਕੌਮੀ ਸ਼ਹੀਦਾਂ ਬਾਰੇ ਕੋਈ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ। ਉਨਾਂ ਕਿਹਾ ਕਿ ਜਥੇਦਾਰ ਹਰਪ੍ਰੀਤ ਸਿੰਘ ਨੇ ਜੋ ਕਿਹਾ ਉਹ ਬਿਲਕੁਲ ਦਰੁਸਤ ਹੈ। ਇਸ ਲਈ ਨਾ ਹੀ ਸਿੱਖ ਕੌਮ ਜਥੇਦਾਰ ਬਾਰੇ ਕੋਈ ਬਿਆਨਬਾਜ਼ੀ ਬਰਦਾਸ਼ਤ ਕਰੇਗੀ ਤੇ ਨਾ ਹੀ ਅਜਿਹਾ ਕਰਨ ਦੀ ਇਜ਼ਾਜ਼ਤ ਦੇਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਤੇ ਸਾਬਕਾ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਸਿੱਖ ਕੌਮ ਨੂੰ ਝੂਠੇ ਪੁਲੀਸ ਮੁਕਾਬਲਿਆਂ ‘ਚ ਮਾਰੇ ਗਏ ਪੰਜਾਬੀ ਨੌਜੁਆਨਾਂ ਦੇ ਜ਼ਖਮ ਨਹੀਂ ਭੁੱਲੇ। ਚਾਹੇ ਦਿੱਲੀ ਵਿਚ 1984 ਦਾ ਕਤਲੇਆਮ ਹੋਵੇ ਚਾਹੇ ਪੰਜਾਬ ਅੰਦਰ ਬੇਅੰਤ ਸਿੰਘ ਦੀ ਹਕੂਮਤ ਦੌਰਾਨ ਜੁਆਨੀ ਦਾ ਘਾਣ ਹੋਵੇ, ਇਹ ਦੋਵੇਂ ਕਾਂਗਰਸ ਤੇ ਕਾਂਗਰਸੀਆਂ ‘ਤੇ ਕਾਲਾ ਦਾਗ਼ ਹਨ ਜੋ ਕਿਸੇ ਸੂਰਤ ‘ਚ ਨਹੀਂ ਮਿਟੇਗਾ। ਐਸਜੀਪੀਸੀ ਮੈਂਬਰ ਡਾ. ਦਲਜੀਤ ਸਿੰਘ ਭਿੰਡਰ ਨੇ ਕਿਹਾ ਕਿ ਸਮੁੱਚੀ ਸਿੱਖ ਕੌਮ ਜਥੇਦਾਰ ਅਕਾਲ ਤਖਤ ਸਾਹਿਬ ਨਾਲ ਖੜੀ ਹੈ। ਉਨਾਂ ਕਿਹਾ ਕਿ ਬਿੱਟੂ ਤੋਂ ਸੱਚ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ ਤੇ ਉਹ ਫੋਕੀ ਸ਼ੋਹਰਤ ਲਈ ਬਿਆਨਬਾਜ਼ੀ ਕਰ ਰਿਹਾ ਹੈ।




Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
WMA
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**1415 W Anderson Stockton**
a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.
**$4,900,000**



**1943 E Fremont St,**
1924 E park St and 1850 E Oak St Stockton CA 95205,
Total 8 APN number, one lot,
7.56 acres paved truck parking.
**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.**
**$4,399,000**




## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

# Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.


Anthem BlueCross
2014 ACE INDIVIDUAL
CHAMPION LEVEL
In recognition and appreciation of your outstanding sales performance in 2013
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਜਦੋਂ ਦਰਬਾਰ ਸਾਹਿਬ ਦੇ ਗ੍ਰੰਥੀ ਨੇ ਵਾਇਸਰਾਇ ਨੂੰ ਤਾੜਿਆ

**- ਡਾ. ਗੁਰਦੇਵ ਸਿੰਘ**

ਸਾਲ 1878 ਵਿੱਚ ਜਦੋਂ ਵਾਇਸਰਾਇ ਹਿੰਦ ਲਾਰਡ ਲਿਟਨ ਨੇ ਅੰਮ੍ਰਿਤਸਰ ਆਉਣਾ ਸੀ ਤਾਂ ਉਸ ਦੇ ਪ੍ਰੋਗਰਾਮ ਵਿੱਚ ਦਰਬਾਰ ਸਾਹਿਬ ਦੀ ਯਾਤਰਾ ਵੀ ਸ਼ਾਮਲ ਕੀਤੀ ਗਈ ਸੀ। ਦੌਰੇ ਲਈ 9 ਦਸੰਬਰ ਸੋਮਵਾਰ ਦਾ ਦਿਨ ਨਿਸ਼ਚਿਤ ਹੋਇਆ। ਉਨੀਂ ਦਿਨੀਂ ਦਰਬਾਰ ਸਾਹਿਬ ਦੇ ਇੰਤਜ਼ਾਮ ਦੀ ਜ਼ਿੰਮੇਵਾਰੀ ਕਮਿਸ਼ਨਰ ਅੰਮ੍ਰਿਤਸਰ ਮਿਸਟਰ ਐੱਚ.ਈ. ਪਰਕਿਨਜ਼ ਕੋਲ ਹੋਣ ਕਰਕੇ ਇਸ ਮਾਮਲੇ ਬਾਰੇ ਫੋਰਟ ਵਿਲੀਅਮ ਤੋਂ ਸਾਰੀ ਖਤੋ-ਕਿਤਾਬਤ ਉਸ ਨਾਲ ਹੀ ਹੋ ਰਹੀ ਸੀ।

ਵਾਇਸਰਾਇ ਦੇ ਮਿਲਟਰੀ ਸਕੱਤਰ ਕਰਨਲ ਬੇਕਰ ਨੇ ਮਿਸਟਰ ਪਰਕਿਨਜ਼ ਨੂੰ ਲਿਖਿਆ ਕਿ ਵਾਇਸਰਾਇ ਨਾਲ ਆ ਰਹੀਆਂ ਮਹਿਮਾਨ ਔਰਤਾਂ ਨੂੰ ਪੌੜੀਆਂ ਚੜਨੀਆਂ ਮੁਸ਼ਕਲ ਹੋਣਗੀਆਂ, ਇਸ ਲਈ ਉਨਾਂ ਦੀ ਸਹੂਲਤ ਲਈ ਕੁਰਸੀਆਂ ਤਿਆਰ ਰੱਖੀਆਂ ਜਾਣ ਤਾਂ ਜੋ ਕੁਰਸੀਆਂ ਵਿੱਚ ਬਿਠਾ ਕੇ ਮਹਿਮਾਨ ਔਰਤਾਂ ਨੂੰ ਹੇਠਾਂ ਜਾਂ ਉੱਤੇ ਲਿਜਾਇਆ ਜਾ ਸਕੇ। ਕਮਿਸ਼ਨਰ ਨੇ ਮਿਸਟਰ ਬੇਕਰ ਨੂੰ ਸੂਚਿਤ ਕੀਤਾ ਕਿ ਦਰਬਾਰ ਸਾਹਿਬ ਦੇ ਰਸਤੇ ਵਿੱਚ ਪੌੜੀਆਂ ਨਹੀਂ ਤੇ ਇਹ ਪੱਧਰਾ ਰਸਤਾ ਹੋਣ ਕਾਰਨ ਕੁਰਸੀਆਂ ਦੀ ਲੋੜ ਨਹੀਂ ਪਵੇਗੀ। ਮਿਸਟਰ ਪਰਕਿਨਜ਼ ਨੇ ਮਿਸਟਰ ਬੇਕਰ ਨੂੰ ਇਹ ਜਾਣਕਾਰੀ ਵੀ ਦਿੱਤੀ ਕਿ ਦਰਬਾਰ ਸਾਹਿਬ ਦੇ ਅੰਦਰ ਜਾਣ ਵੇਲੇ ਬੂਟ ਬਾਹਰ ਉਤਾਰਨੇ ਹੁੰਦੇ ਹਨ। ਉਸ ਸਮੇਂ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਮਿਸਟਰ ਜੇ. ਡੀ. ਟ੍ਰੇਮਲੈਟ ਸੀ। ਮੌਕੇ ਦਾ ਅਫ਼ਸਰ ਹੋਣ ਕਾਰਨ ਸਾਰੀ ਜਾਣਕਾਰੀ ਉਸ ਦੇ ਧਿਆਨ ਵਿੱਚ ਲਿਆਂਦੀ ਜਾ ਰਹੀ ਸੀ। ਉਸ ਨੇ ਦਰਬਾਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਰਾਜਾ ਸੂਰਤ ਸਿੰਘ ਮਜੀਠੀਆ, ਸਰਦਾਰ ਅਜੀਤ ਸਿੰਘ ਤੇ ਸਰਬਰਾਹ ਮੰਗਲ ਸਿੰਘ ਨਾਲ ਵਿਚਾਰ ਕਰ ਕੇ ਫ਼ੈਸਲਾ ਲਿਆ ਕਿ ਜਿਸ ਤਰਾਂ ਦੇ ਪ੍ਰਬੰਧ ਪ੍ਰਿੰਸ ਆਫ ਵੇਲਜ਼ ਦੀ ਦਰਬਾਰ ਸਾਹਿਬ ਦੀ ਯਾਤਰਾ ਸਮੇਂ ਕੀਤੇ ਗਏ ਸਨ, ਹੁਣ ਵੀ ਉਸੇ ਵਿਧੀ ਵਿਧਾਨ ਦੀ ਪਾਲਣਾ ਕੀਤੀ ਜਾਵੇ।

9 ਦਸੰਬਰ 1878 ਨੂੰ ਵਾਇਸਰਾਇ ਦੇ ਦਰਬਾਰ ਸਾਹਿਬ ਜਾਣ ਸਮੇਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਤੋਂ ਲੈ ਕੇ ਡਿਪਟੀ ਕਮਿਸ਼ਨਰ ਤਕ ਛੋਟੇ ਵੱਡੇ ਅੰਗਰੇਜ਼ ਅਫ਼ਸਰਾਂ ਤੋਂ ਇਲਾਵਾ ਵਾਇਸਰਾਇ ਦੀ ਸਹੂਲਤ ਤੇ ਕਿਸੇ ਵੀ ਪੁੱਛ ਦਾ ਉੱਤਰ ਦੇਣ ਵਾਸਤੇ ਰਾਜਾ ਸੂਰਤ ਸਿੰਘ ਮਜੀਠੀਆ, ਸਰਦਾਰ ਅਜੀਤ ਸਿੰਘ ਤੇ ਸਰਬਰਾਹ ਮੰਗਲ ਸਿੰਘ ਨੂੰ ਵੀ ਨਾਲ ਰੱਖਿਆ ਗਿਆ ਸੀ। ਇਸ ਮੌਕੇ ਕੁਝ ਕੁ ਗ੍ਰੰਥੀਆਂ ਨੂੰ ਹੀ ਦਰਬਾਰ ਸਾਹਿਬ ਵਿੱਚ ਹਾਜ਼ਰ ਹੋਣ ਦੀ ਆਗਿਆ ਦਿੱਤੀ ਗਈ। ਭਾਈ ਫ਼ਤਿਹ ਸਿੰਘ ਗ੍ਰੰਥੀ ਹਾਜ਼ਰ ਸੇਵਾਦਾਰਾਂ ਵਿੱਚੋਂ ਇੱਕ ਸੀ। ਜਿਉਂ ਹੀ ਵਾਇਸਰਾਇ ਤੇ ਉਸ ਦੇ



ਨਾਲ ਆਏ ਵਿਸ਼ੇਸ਼ ਵਿਅਕਤੀ ਤੇ ਹੋਰ ਅਮਲੇ ਫੈਲੇ ਦੇ ਮੈਂਬਰ ਦਰਸ਼ਨੀ ਡਿਉਢੀ ਪਹੁੰਚੇ ਤਾਂ ਉਨਾਂ ਦੇ ਪਹਿਨਣ ਵਾਸਤੇ ਕੱਪੜੇ ਦੀਆਂ ਜੁਰਾਬਾਂ ਨੁਮਾ ਬੂਟ ਪੇਸ਼ ਕੀਤੇ ਗਏ। ਵਾਇਸਰਾਇ ਨੇ ਆਪਣੇ ਬੂਟਾਂ ਉੱਪਰ ਇਹ ਜੁਰਾਬਾਂ ਚੜਾ ਲਈਆਂ, ਕੁਝ ਨੇ ਬੂਟ ਉਤਾਰ ਕੇ ਨੰਗੇ ਪੈਰਾਂ ਉੱਤੇ ਜੁਰਾਬਾਂ ਪਹਿਨੀਆਂ ਪਰ ਕੁਝ ਨੇ ਇਨਾਂ ਵਿੱਚੋਂ ਕੁਝ ਨਾ ਕੀਤਾ ਅਤੇ ਉਹ ਬੂਟਾਂ ਸਮੇਤ ਦਰਬਾਰ ਸਾਹਿਬ ਦੇ ਅੰਦਰ ਚਲੇ ਗਏ। ਕੁਰਸੀਆਂ ਦੀ ਲੋੜ ਨਾ ਹੋਣ ਬਾਰੇ ਦਿੱਤੀ ਗਈ ਸੂਚਨਾ ਅਫ਼ਸਰਾਂ ਦੇ ਪੱਧਰ ਉੱਤੇ ਆਪਸੀ ਤਾਲ ਮੇਲ ਦੀ ਘਾਟ ਕਾਰਨ ਡਿਪਟੀ ਕਮਿਸ਼ਨਰ ਕੋਲ ਨਾ ਪੁੱਜੀ। ਸਮਝਿਆ ਗਿਆ ਕਿ ਗੋਰੇ ਯਾਤਰੂਆਂ ਨੂੰ ਕੁਝ ਦੇਰ ਬੈਠ ਕੇ ਕੀਰਤਨ ਸੁਣਨ ਦੀ ਸਹੂਲਤ ਦੇਣ ਲਈ ਕੁਰਸੀਆਂ ਮੰਗਵਾਈਆਂ ਗਈਆਂ ਹਨ, ਸੋ ਕੁਰਸੀਆਂ ਵੀ ਦਰਬਾਰ ਸਾਹਿਬ ਦੇ ਅੰਦਰ ਪਿੱਛੇ ਕਰ ਕੇ ਲਗਵਾ ਦਿੱਤੀਆਂ ਗਈਆਂ।

ਗ੍ਰੰਥੀ ਭਗਤ ਸਿੰਘ ਨੂੰ ਵਾਇਸਰਾਇ ਲਾਰਡ ਡਲਹੌਜ਼ੀ ਦਾ ਹੁਕਮ ਯਾਦ ਸੀ, ਜਿਸ ਵਿੱਚ ਉਸ ਨੇ ਦਰਬਾਰ ਸਾਹਿਬ ਵਿੱਚ ਜੁੱਤੇ ਨਾ ਲਿਜਾਣ ਦੀ ਹਦਾਇਤ ਕੀਤੀ ਸੀ। ਇਸ ਲਈ ਪਰੰਪਰਾਵਾਂ ਦੀ ਅਜਿਹੀ ਉਲੰਘਣਾ ਉਸ ਤੋਂ ਸਹਿਣ ਨਾ ਹੋਈ। ਉਸ ਨੇ ਇੰਝ ਕਰਨ ਨੂੰ "ਅਹਿਦ ਸ਼ਿਕਨੀ" ਗਰਦਾਨਿਆ ਅਤੇ ਇਸ ਬਾਰੇ ਡਿਪਟੀ ਕਮਿਸ਼ਨਰ ਨੂੰ ਸ਼ਿਕਾਇਤ ਕੀਤੀ। ਡਿਪਟੀ ਕਮਿਸ਼ਨਰ ਦਾ ਧਿਆਨ ਵਾਇਸਰਾਇ ਵੱਲ ਕੇਂਦਰਿਤ ਹੋਣ ਕਰਕੇ ਉਸ ਨੇ ਭਾਈ ਭਗਤ ਸਿੰਘ ਵੱਲ ਬੇਧਿਆਨੀ ਵਰਤੀ। ਇਹ ਵੇਖ ਕੇ ਭਾਈ ਭਗਤ ਸਿੰਘ ਵਾਇਸਰਾਇ ਦੇ ਸਾਹਮਣੇ ਗਿਆ ਤੇ ਉਸ ਨੂੰ ਗੁਰੂ ਘਰ ਦੀਆਂ ਰਵਾਇਤਾਂ ਤੋੜਨ ਦਾ ਉਲਾਂਭਾ ਦਿੱਤਾ। ਹਾਜ਼ਰ ਅਧਿਕਾਰੀਆਂ ਨੇ ਉਸ ਨੂੰ ਇਧਰ ਉਧਰ ਕਰ ਕੇ ਵਾਇਸਰਾਇ ਦਾ ਦੌਰਾ ਮੁਕੰਮਲ ਕਰਵਾਇਆ।

ਦਰਬਾਰ ਸਾਹਿਬ ਅੰਦਰ ਕੁਝ ਗੋਰੇ ਮਹਿਮਾਨਾਂ ਵੱਲੋਂ ਜੁੱਤੀਆਂ ਸਮੇਤ ਜਾਣ ਤੇ ਕੁਰਸੀਆਂ ਲਾਏ ਜਾਣ ਬਾਰੇ ਜਦੋਂ ਸਿੱਖ ਸੰਗਤ ਨੂੰ ਜਾਣਕਾਰੀ ਮਿਲੀ ਤਾਂ ਰੋਸ ਫੈਲ ਗਿਆ। ਇਹ ਇੱਕ ਸਬੱਬ ਸੀ ਕਿ ਵਾਇਸਰਾਇ ਦੇ ਜਾਣ ਪਿੱਛੋਂ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕਣ ਆਏ ਕੁਝ ਗੁਰਮੁਖਾਂ ਨੂੰ ਦਰਬਾਰ ਸਾਹਿਬ ਦੇ ਮੁਨਸ਼ੀਆਂ ਨੇ ਵਾਪਸ ਮੋੜਦਿਆਂ ਝੰਡੇ ਬੁੰਗੇ ਜਾ ਕੇ ਅੰਮ੍ਰਿਤ ਛਕਣ ਦੀ ਹਦਾਇਤ ਕੀਤੀ, ਜਿਸ ਤੋਂ ਅਫ਼ਵਾਹ ਫੈਲ ਗਈ ਕਿ ਗੋਰੇ ਮਹਿਮਾਨਾਂ ਨੇ ਦਰਬਾਰ ਸਾਹਿਬ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਵੀ ਭੰਗ ਕਰ ਦਿੱਤੀ ਹੈ, ਜਿਸ ਕਾਰਨ ਉੱਥੇ ਅੰਮ੍ਰਿਤ ਨਹੀਂ ਛਕਾਇਆ ਜਾ ਰਿਹਾ। ਸਰਬਰਾਹ ਨੂੰ ਪਤਾ ਲੱਗਾ ਤਾਂ ਉਸ ਨੇ ਕੁਝ ਹੋਰ ਪ੍ਰਾਣੀਆਂ ਨੂੰ ਬੁਲਾ ਕੇ ਉਨਾਂ ਨੂੰ ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਭਾਈ ਗੁਲਾਬ ਸਿੰਘ ਸਮੇਤ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਾਇਆ ਤਾਂ ਇਹ ਅਫ਼ਵਾਹ ਮੱਠੀ ਪਈ।

ਗ੍ਰੰਥੀ ਭਾਈ ਭਗਤ ਸਿੰਘ ਵੱਲੋਂ ਵਾਇਸਰਾਇ ਸਾਹਮਣੇ ਕੀਤੀ ਤਲਖ਼ ਕਲਾਮੀ ਕਾਰਨ ਸੜੇ ਬਲੇ ਅੰਗਰੇਜ਼ ਅਫ਼ਸਰਾਂ ਨੇ ਵਾਇਸਰਾਇ ਦੇ ਚਲੇ ਜਾਣ ਪਿੱਛੋਂ ਮਿਸਟਰ ਜੇ.ਡੀ. ਟ੍ਰੇਮਲੈਟ ਡਿਪਟੀ ਕਮਿਸ਼ਨਰ ਨੂੰ ਗ੍ਰੰਥੀ ਭਗਤ ਸਿੰਘ ਨੂੰ ਨੌਕਰੀ ਤੋਂ ਬਰਤਰਫ਼ ਕਰਨ ਤੇ ਦਰਬਾਰ ਸਾਹਿਬ ਵਿੱਚ ਆਉਣ ਤੋਂ ਰੋਕਣ ਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ। ਭਾਈ ਭਗਤ ਸਿੰਘ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਾ ਨਹੀਂ ਸਗੋਂ ਕਮੇਟੀ ਦਾ ਮੁਲਾਜ਼ਮ ਸੀ ਇਸ ਲਈ ਡਿਪਟੀ ਕਮਿਸ਼ਨਰ ਨੇ ਇਹ ਹਦਾਇਤ ਸਰਬਰਾਹ ਮੰਗਲ ਸਿੰਘ ਨੂੰ ਕੀਤੀ, ਜਿਸ ਦੇ ਆਧਾਰ ਉੱਤੇ ਸਰਬਰਾਹ ਨੇ ਗ੍ਰੰਥੀ ਭਗਤ ਸਿੰਘ ਨੂੰ ਮੁਅੱਤਲ ਕਰਦਿਆਂ ਅਗਲੇਰੀ ਕਾਰਵਾਈ ਤੋਂ ਪਹਿਲਾਂ ਉਸ ਦੀ ਜਵਾਬ ਤਲਬੀ ਕੀਤੀ। ਜਵਾਬ ਤਲਬੀ ਦੇ ਉੱਤਰ ਵਿੱਚ ਭਾਈ ਭਗਤ ਸਿੰਘ ਨੇ ਆਪਣਾ ਪੱਖ ਪੇਸ਼ ਕਰਦਿਆਂ ਵਾਇਸਰਾਇ ਦੇ ਦੌਰੇ ਸਮੇਂ ਪਰੰਪਰਾਵਾਂ ਦੀ ਉਲੰਘਣਾ ਦਾ ਜ਼ਿਕਰ ਕੀਤਾ। ਸਰਬਰਾਹ ਨੇ ਗ੍ਰੰਥੀ ਭਗਤ ਸਿੰਘ ਦਾ ਉੱਤਰ ਡਿਪਟੀ ਕਮਿਸ਼ਨਰ ਨੂੰ ਭੇਜਦਿਆਂ ਅਗਲੇਰੀ ਕਾਰਵਾਈ ਲਈ ਅਗਵਾਈ ਦੇਣ ਵਾਸਤੇ ਕਿਹਾ। ਭਾਈ ਭਗਤ ਸਿੰਘ ਦੀ ਕਾਰਵਾਈ ਤੋਂ ਚਿੜਿਆ ਡਿਪਟੀ ਕਮਿਸ਼ਨਰ ਉਸ ਨੂੰ ਬਰਖ਼ਾਸਤ ਕਰਨ ਉੱਤੇ ਤੁਲਿਆ ਹੋਇਆ ਸੀ ਪਰ ਅਜਿਹਾ ਕੀਤੇ ਜਾਣ ਤੋਂ ਪਹਿਲਾਂ ਉਸ ਨੇ ਕਮਿਸ਼ਨਰ ਨੂੰ ਇਸ ਦੀ ਸੂਚਨਾ ਦੇਣੀ ਜ਼ਰੂਰੀ ਸਮਝਦਿਆਂ ਪੱਤਰ ਨੰ: 477, ਮਿਤੀ 13 ਦਸੰਬਰ 1878 ਰਾਹੀਂ ਸਾਰੀ ਸਥਿਤੀ ਉਸ ਦੇ ਸਾਹਮਣੇ ਰੱਖੀ। ਗੁਰਧਾਮ ਵਿੱਚ ਹੋਈ ਬੇਅਦਬੀ ਲਈ ਸਿੱਖ ਸੰਗਤ ਡਿਪਟੀ ਕਮਿਸ਼ਨਰ ਨੂੰ ਜ਼ਿੰਮੇਵਾਰ ਸਮਝਦੀ ਸੀ, ਇਸ ਲਈ ਉਸ ਨੇ ਇਸ ਪੱਤਰ ਵਿੱਚ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰਨ ਦਾ ਯਤਨ ਕੀਤਾ।

ਬਾਕੀ ਸਫ਼ਾ 32 'ਤੇ

# ਸਬਰ ,ਅਣਖ ਤੇ ਚੜਦੀਕਲਾ ਦਾ ਪ੍ਰਤੀਕ ਜੈਤੋ ਦਾ ਮੋਰਚਾ

**- ਪਰਮਿੰਦਰ ਪਾਲ ਸਿੰਘ ਖਾਲਸਾ**

ਗੁਰਦੁਆਰਾ ਸੁਧਾਰ ਲਹਿਰ ਵਿੱਚ ਲੱਗੇ ਮੋਰਚਿਆਂ ਵਿੱਚ ਜੈਤੋ ਦਾ ਮੋਰਚਾ ਵਿਸ਼ੇਸ਼ ਹੈ। ਕਸਬਾ ਜੈਤੋ ਆਜ਼ਾਦੀ ਤੋਂ ਪਹਿਲਾਂ ਨਾਭਾ ਰਿਆਸਤ ਦਾ ਹਿੱਸਾ ਸੀ। ਅੰਗਰੇਜ਼ ਸਰਕਾਰ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਆਪਣੀ ਤਾਜਪੋਸ਼ੀ ਸਮੇਂ ਸਿੱਖ ਰੀਤੀ-ਰਿਵਾਜ ਅਪਨਾਉਣ ਕਰਕੇ ਬਾਗ਼ੀ ਸਮਝਣ ਲੱਗ ਪਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਨਨਕਾਣਾ ਸਾਹਿਬ ਦੇ 1921 ਦੇ ਸਾਕੇ ਦੇ ਸ਼ਹੀਦਾਂ ਦੀ ਯਾਦ ਵਿੱਚ ਸਿੱਖ ਸੰਗਤਾਂ ਨੂੰ ਸਿਰ 'ਤੇ ਕਾਲੀਆਂ ਦਸਤਾਰਾਂ ਅਤੇ ਦੁਪੱਟੇ ਸਜਾ ਕੇ ਥਾਂ-ਥਾਂ ਦੀਵਾਨ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ। ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਇਸ ਅਪੀਲ 'ਤੇ ਅਮਲ ਕੀਤਾ।

ਅੰਗਰੇਜ਼ ਸਰਕਾਰ ਪਹਿਲਾਂ ਹੀ ਮਹਾਰਾਜੇ ਦੇ ਵਿਰੁੱਧ ਸੀ। ਨਾਭਾ ਅਤੇ ਪਟਿਆਲਾ ਰਿਆਸਤ ਦੇ ਅਕਸਰ ਝਗੜੇ ਚੱਲਦੇ ਰਹਿੰਦੇ ਸਨ। ਅੰਗਰੇਜ਼ ਹਾਕਮਾਂ ਨੇ ਨਾਭਾ ਅਤੇ ਪਟਿਆਲਾ ਦੇ ਰਾਜਿਆਂ ਕੋਲੋਂ ਫ਼ੈਸਲੇ ਲੈਣ ਦੇ ਹੱਕ ਪ੍ਰਾਪਤ ਕਰ ਲਏ, ਜਿਸ ਦੇ ਚੱਲਦਿਆਂ ਅੰਗਰੇਜ਼ ਸਰਕਾਰ ਨੇ ਮਹਾਰਾਜਾ ਨਾਭਾ ਖ਼ਿਲਾਫ਼ ਫ਼ੈਸਲਾ ਲੈਂਦਿਆਂ ਉਸ ਨੂੰ ਗੱਦੀ ਤੋਂ ਲਾਹ ਦਿੱਤਾ। ਸਿੱਖ ਪੰਥ ਵਿੱਚ ਸਰਕਾਰ ਦੀ ਇਸ ਕਾਰਵਾਈ ਨਾਲ ਭਾਰੀ ਰੋਸ ਫੈਲ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 5 ਅਗਸਤ ਨੂੰ ਇਕੱਤਰਤਾ ਹੋਈ, ਜਿਸ ਵਿੱਚ 9 ਸਤੰਬਰ ਨੂੰ ਸਭ ਥਾਵਾਂ 'ਤੇ 'ਨਾਭਾ ਦਿਵਸ' ਮਨਾਉਣ ਦਾ ਫ਼ੈਸਲਾ ਹੋਇਆ। ਇਲਾਕੇ ਦੀਆਂ ਸਿੱਖ ਸੰਗਤਾਂ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿੱਚ 25, 26 ਅਤੇ 27 ਅਗਸਤ, 1923 ਨੂੰ ਦੀਵਾਨ ਸਜਾ ਕੇ ਮਹਾਰਾਜੇ ਦੀ ਬਹਾਲੀ ਲਈ ਮਤੇ ਪਾਸ ਕੀਤੇ।

ਉੱਧਰ 14 ਸਤੰਬਰ 1923 ਨੂੰ ਸਿੰਘਾਂ ਨੇ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਵਿੱਚ ਅਖੰਡ ਪਾਠ ਅਰੰਭ ਕੀਤਾ। ਸਰਕਾਰ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਅਖੰਡ ਪਾਠ ਕਰ ਰਹੇ ਸਿੰਘ ਨੂੰ ਚੁੱਕ ਲਿਆ। ਅਖੰਡ ਪਾਠ ਦੇ ਖੰਡਤ ਹੋਣ ਨਾਲ ਸਿੱਖਾਂ ਵਿੱਚ ਰੋਸ ਦੀ ਲਹਿਰ ਫੈਲ ਗਈ। ਅਖੰਡ ਪਾਠ ਆਰੰਭ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰੋਜ਼ਾਨਾ 25-25 ਸਿੰਘਾਂ ਦਾ ਜਥਾ ਜੈਤੋ ਭੇਜਣ ਦਾ ਫ਼ੈਸਲਾ ਲਿਆ। ਪਹਿਲਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੈਦਲ ਰਵਾਨਾ ਹੋਇਆ। ਇਸ ਜਥੇ ਨੇ ਤੁਰਨ ਤੋਂ ਪਹਿਲਾਂ ਹੀ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ ਸੀ। ਜਥਾ ਵੱਖ-ਵੱਖ ਥਾਈਂ ਪੜਾਅ ਕਰਦਾ ਹੋਇਆ ਜੈਤੋ ਪਹੁੰਚਿਆ ਪਰ ਗੁਰਦੁਆਰਾ ਸਾਹਿਬ ਅੰਦਰ



ਦਾਖ਼ਲ ਹੋਣ ਤੋਂ ਪਹਿਲਾਂ ਹੀ ਜਥੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤਰਾਂ 25-25 ਸਿੰਘਾਂ ਦੇ ਜਥੇ ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤਮਈ ਰਵਾਨਾ ਹੁੰਦੇ, ਜਿਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ।

ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਨੂੰਨ ਵਿਰੁੱਧ ਕਰਾਰ ਦੇ ਦਿੱਤਾ ਅਤੇ ਮੁੱਖੀ ਸਿੱਖਾਂ ਦੇ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ। 13-14 ਅਕਤੂਬਰ ਦੀ ਵਿਚਕਾਰਲੀ ਰਾਤ ਨੂੰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਨਾਂ ਦੀ ਚਰਚਾ ਸਮੁੱਚੇ ਦੇਸ਼ ਵਿੱਚ ਫੈਲ ਗਈ। ਇਸ ਕਾਰਵਾਈ ਨਾਲ ਅੰਗਰੇਜ਼ ਸਰਕਾਰ ਵਿਰੁੱਧ ਰੋਸ ਹੋਰ ਤਿੱਖਾ ਹੋ ਗਿਆ। ਹੁਣ 500-500 ਸਿੰਘਾ: ਦੇ ਜਥੇ ਭੇਜੇ ਜਾਣ ਦਾ ਫ਼ੈਸਲਾ ਲਿਆ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ500 ਸਿੰਘਾਂ ਦਾ ਪਹਿਲਾ ਜਥਾ ਜੈਤੋ ਵਿੱਚ ਖੰਡਤ ਹੋਏ ਅਖੰਡ ਪਾਠ ਨੂੰ ਮੁੜ ਤੋਂ ਅਰੰਭ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾ ਸੋਧ ਕੇ ਤੁਰਿਆ। ਰਸਤੇ ਵਿੱਚ ਵੱਖ-ਵੱਖ ਥਾਵਾਂ 'ਤੇ ਪੜਾਅ ਕਰਦਾ ਹੋਇਆ ਇਹ ਜਥਾ 20 ਫਰਵਰੀ ਨੂੰ ਫ਼ਰੀਦਕੋਟ ਦੇ ਪਿੰਡ ਬਰਗਾੜੀ ਪੁੱਜਿਆ। 21 ਫਰਵਰੀ ਨੂੰ ਜਥਾ ਇੱਥੋਂ ਜੈਤੋ ਵੱਲ ਰਵਾਨਾ ਹੋਇਆ। ਜੱਥੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਸੀ, ਜਿਸ ਵਿੱਚ ਨੌਜਵਾਨ, ਬਜ਼ੁਰਗ, ਬੀਬੀਆਂ ਅਤੇ ਬੱਚੇ ਸ਼ਾਮਲ ਸਨ। ਨਾਭਾ ਰਾਜ ਦੀ ਹੱਦ ਵਿੱਚ ਦਾਖ਼ਲ ਹੋਣ 'ਤੇ ਜਥੇ ਨੂੰ ਰੋਕ ਲਿਆ ਗਿਆ। ਗੁਰਦੁਆਰਾ ਗੰਗਸਰ ਸਾਹਿਬ ਨੂੰ ਜਾਣ ਵਾਲੇ ਰਸਤੇ 'ਤੇ ਤਾਰਾਂ ਲੱਗੀਆਂ ਹੋਈਆਂ ਸਨ ਅਤੇ ਮਸ਼ੀਨਗੰਨਾਂ ਬੀੜੀਆਂ ਹੋਈਆਂ ਸਨ। ਇੰਜ ਲੱਗ ਰਿਹਾ ਸੀ ਜਿਵੇਂ ਜੰਗੀ ਤਿਆਰੀ ਕੀਤੀ ਹੋਵੇ। ਜਥਾ ਜਦੋਂ ਟਿੱਬੀ ਸਾਹਿਬ ਵੱਲ ਵਧ ਰਿਹਾ ਸੀ ਤਾਂ ਅੰਗਰੇਜ਼ ਅਫ਼ਸਰ ਵਿਲਸਨ ਜਾਨਸਟਨ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਤਿੰਨਾਂ ਪਾਸਿਆਂ ਤੋਂ ਸੰਗਤ ਉੱਤੇ ਗੋਲੀ ਚੱਲ ਪਈ। ਫਿਰ ਵੀ ਗੋਲੀਆਂ ਦੇ ਮੀਂਹ ਵਿੱਚ ਜਥਾ ਗੁਰਦੁਆਰਾ ਟਿੱਬੀ ਸਾਹਿਬ ਪੁੱਜ ਗਿਆ। ਜਥੇ ਦੇ ਸੈਂਕੜੇ ਸਿੰਘ ਅਤੇ ਨਾਲ ਜਾ ਰਹੀ ਸੰਗਤ ਵੱਡੀ ਗਿਣਤੀ ਵਿਚ ਸ਼ਹੀਦ ਅਤੇ ਜ਼ਖ਼ਮੀ ਹੋ ਚੁੱਕੀ ਸੀ। ਜਥੇ ਦੇ ਬਚੇ ਹੋਏ ਸਿੰਘ ਗੁਰਦੁਆਰਾ ਟਿੱਬੀ ਸਾਹਿਬ ਤੋਂ ਗੁਰਦੁਆਰਾ ਗੰਗਸਰ ਸਾਹਿਬ ਵੱਲ ਨੂੰ ਵਧਣ ਲੱਗੇ ਪਰ ਘੋੜ-ਸਵਾਰ ਫ਼ੌਜੀ ਦਸਤਿਆਂ ਨੇ ਉਨਾਂ ਦਾ ਰਾਹ ਰੋਕ ਲਿਆ। ਬਚੀ ਹੋਈ ਸੰਗਤ ਅਤੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੈਤੋ ਵਿੱਚ ਵਾਪਰੇ ਇਸ ਦੁਖਦਾਈ ਕਾਂਡ ਦੀ ਖ਼ਬਰ ਚਾਰੇ ਪਾਸੇ ਫੈਲ ਗਈ। ਜੈਤੋ ਦੇ ਮੋਰਚੇ ਦੌਰਾਨ ਵਾਪਰੀ ਇਸ ਭਿਆਨਕ ਘਟਨਾ ਨੇ ਸਿੱਖਾਂ ਦੇ ਮਨਾਂ ਵਿੱਚ ਜੋਸ਼ ਨੂੰ ਹੋਰ ਪ੍ਰਚੰਡ ਕਰ ਦਿੱਤਾ।

ਇਸ ਤੋਂ ਬਾਅਦ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 500-500 ਸਿੰਘਾਂ ਦੇ ਜਥੇ ਜਾਂਦੇ ਰਹੇ। ਜਥੇ ਭੇਜਣ ਦਾ ਸਿਲਸਲਾ ਉਦੋਂ ਤਕ ਚੱਲਦਾ ਰਿਹਾ, ਜਦੋਂ ਤਕ ਅੰਗਰੇਜ਼ ਸਰਕਾਰ ਨੇ ਸਿੰਘਾਂ ਨੂੰ ਅਖੰਡ ਪਾਠ ਸ਼ੁਰੂ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਅੰਤ ਸਰਕਾਰ ਨੂੰ ਸਿੰਘਾਂ ਦੇ ਜਜ਼ਬੇ ਅੱਗੇ ਝੁਕਣਾ ਪਿਆ ਅਤੇ 21 ਜੁਲਾਈ 1925 ਨੂੰ ਅਖੰਡ ਪਾਠਾਂ ਦੀ ਲੜੀ ਅਰੰਭ ਕੀਤੀ ਗਈ।

# ਕਸ਼ਮੀਰ ਨੂੰ ਬਦਲ ਰਿਹਾ ਹੈ ਭਾਰਤ

**- ਸੁਖਵਿੰਦਰ ਸਿੰਘ**

ਭਾਰਤ ਸਰਕਾਰ ਵੱਲੋਂ ਬੀਤੇ ਸਾਲ ਅਗਸਤ ਮਹੀਨੇ ਦੀ ਪੰਜ ਤਰੀਕ ਨੂੰ ਫੌਜੀ ਤਾਕਤ ਦੀ ਵਰਤੋਂ ਨਾਲ ਕਸ਼ਮੀਰ ਦੇ ਲੋਕਾਂ ਨੂੰ ਨਜ਼ਰਬੰਦ ਕਰਕੇ ਕਸ਼ਮੀਰ ਨੂੰ ਖਾਸ ਰੁਤਬਾ ਦਿੰਦੀਆਂ ਧਾਰਾਵਾਂ 370 ਅਤੇ 35ਏ ਨੂੰ ਭਾਰਤੀ ਸੰਵਿਧਾਨ ਵਿਚੋਂ ਹਟਾ ਦਿੱਤਾ ਗਿਆ। ਉਸ ਦਿਨ ਤੋਂ ਹੁਣ ਤੱਕ ਕਸ਼ਮੀਰ ਨਜ਼ਰਬੰਦੀ ਦੇ ਇਤਿਹਾਸਕ ਦੌਰ 'ਚੋਂ ਗੁਜ਼ਰ ਰਿਹਾ ਹੈ। ਜਿੱਥੇ ਕਸ਼ਮੀਰ ਦੀ ਇਕ ਵੱਡੀ ਲੋਕ ਧਾਰਾ ਤਾਂ ਭਾਰਤ ਖਿਲਾਫ ਪਹਿਲਾਂ ਹੀ ਹਥਿਆਰਬੰਦ ਅਤੇ ਸ਼ਾਂਤਮਈ ਸੰਘਰਸ਼ ਲੜ ਰਹੀ ਸੀ ਉੱਥੇ ਇਸ ਵਾਰ ਉਹ ਵੀ ਨਹੀਂ ਬਖਸ਼ੇ ਗਏ ਜਿਹੜੇ ਖੁਦ ਨੂੰ ਭਾਰਤੀ ਹੋਣਾ ਮਨਜ਼ੂਰ ਕਰ ਚੁੱਕੇ ਸਨ ਤੇ ਕਸ਼ਮੀਰ ਦੇ ਅਜ਼ਾਦੀ ਸੰਘਰਸ ਖਿਲਾਫ ਭਾਰਤੀ ਝੰਡੇ ਦੇ ਅਲੰਬਰਦਾਰ ਬਣੇ ਹੋਏ ਸਨ। ਹਿੰਦ-ਨਵਾਜ਼ ਪਾਰਟੀਆਂ ਦੇ ਪ੍ਰਮੁੱਖ ਆਗੂ ਅਬਦੁੱਲੇ ਅਤੇ ਮੁਫਤੀ ਨਜ਼ਰਬੰਦ ਹਨ। ਅਬਦੁੱਲਾ ਪਰਿਵਾਰ ਦੀ ਧੀ ਖਾਲਿਦਾ ਸ਼ਾਹ ਆਪਣੇ ਘਰ ਵਿਚ ਨਜ਼ਰਬੰਦੀ ਦੌਰਾਨ ਅਲ ਜਜ਼ੀਰਾ ਨਾਲ ਗੱਲ ਕਰਦਿਆਂ ਕਹਿੰਦੀ ਹੈ, 'ਅਸੀਂ ਭਾਰਤ ਨਾਲ ਖੜੇ ਹੋਏ ਜਿਸ ਕਰਕੇ ਹੁਣ ਸਾਡੇ ਹੀ ਲੋਕ ਸਾਨੂੰ ਦੁਸ਼ਮਣ ਮੰਨਦੇ ਹਨ।'

ਕਸ਼ਮੀਰ ਵਿਚ ਇਕ ਅਜੀਬ ਚੁੱਪ ਪਸਰੀ ਹੋਈ ਹੈ ਜਾਂ ਇਉਂ ਕਹੋ ਕਿ ਕਸ਼ਮੀਰ ਦੀ ਅਵਾਜ਼ ਸਾਡੇ ਕੰਨਾਂ ਤੱਕ ਨਹੀਂ ਪਹੁੰਚਣ ਦਿੱਤੀ ਜਾ ਰਹੀ। ਦੁਨੀਆ ਦੇ ਇਤਿਹਾਸ ਦਾ ਸਭ ਤੋਂ ਵੱਡਾ ਇੰਟਰਨੈੱਟ ਸ਼ਟਡਾਊਨ ਕਸ਼ਮੀਰ ਵਿਚ ਚੱਲ ਰਿਹਾ ਹੈ। ਸੈਂਕੜੇ ਕਸ਼ਮੀਰੀਆਂ ਨੂੰ ਕਸ਼ਮੀਰ ਤੋਂ ਬਾਹਰ ਭਾਰਤ ਦੀਆਂ ਜੇਲਾਂ ਵਿਚ ਬੰਦ ਕੀਤਾ ਗਿਆ ਹੈ। ਅਜਿਹੇ ਸਮੇਂ ਸਾਡੀ ਕਸ਼ਮੀਰੀਆਂ ਨਾਲ ਸਾਂਝ ਦਾ ਵਸੀਲਾ ਸਾਡੇ ਦਿਲ ਵਿਚ ਪੈਦਾ ਹੁੰਦੀ ਮਜ਼ਲੂਮ ਦੇ ਦਰਦ ਦੀ ਚੀਸ ਹੀ ਹੈ।

ਕਸ਼ਮੀਰ ਦੀਆਂ ਜੰਨਤ ਵਰਗੀਆਂ ਵਾਦੀਆਂ 'ਤੇ ਛਾਏ ਭਾਰਤੀ ਪਾਬੰਦੀਆਂ ਦੇ ਕਾਲੇ ਬੱਦਲਾਂ ਹੇਠ ਭਾਰਤੀ ਏਜੰਸੀਆਂ ਇਕ ਵੱਡਾ ਕਤਲੇਆਮ ਕਰ ਰਹੀਆਂ ਹਨ। ਇਹ ਕਤਲੇਆਮ ਕਸ਼ਮੀਰ ਦੀ ਪਛਾਣ ਦਾ ਕਤਲੇਆਮ ਹੈ। ਭਾਰਤ ਕਸ਼ਮੀਰ ਤੋਂ ਉਸਦੀ ਇਤਿਹਾਸਕ ਪਛਾਣ ਖੋਹ




ਕੇ ਉਸਨੂੰ ਨਵੀਂ ਪਛਾਣ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਸ਼ਮੀਰ ਦਾ ਇਤਿਹਾਸ ਬਦਲਣ ਦੇ ਯਤਨ ਚੱਲ ਰਹੇ ਹਨ। ਇਹ ਤ੍ਰਾਸਦੀ ਸਿੱਖਾਂ ਨਾਲ ਵੀ ਵਾਪਰੀ ਤੇ ਅੱਜ ਵੀ ਸਿੱਖ ਇਸ ਭਾਰਤੀ ਨੀਤੀ ਦਾ ਸਾਹਮਣਾ ਕਰ ਰਹੇ ਹਨ। ਪਰ ਹੁਣ ਕਸ਼ਮੀਰ ਵਿਚ ਭਾਰਤ ਨੇ ਫੌਜੀ ਤਾਕਤ ਨਾਲ ਪੂਰੀ ਖੁੱਲ ਖੇਲ ਦਾ ਮਾਹੌਲ ਬਣਾ ਲਿਆ ਹੈ।

ਸਿੱਖ ਰਾਜ ਨਾਲ ਗੱਦਾਰੀ ਕਰਕੇ ਕਸ਼ਮੀਰ ਦੇ ਤਖਤ 'ਤੇ ਬੈਠੇ ਹਿੰਦੂ ਡੋਗਰੇ ਰਾਜਿਆਂ ਖਿਲਾਫ ਪਹਿਲੀ ਬਗਾਵਤ ਦਾ ਝੰਡਾ ਚੁੱਕਣ ਵਾਲੇ ਕਸ਼ਮੀਰੀ ਆਗੂ ਸ਼ੇਖ ਅਬਦੁੱਲਾ ਦੇ ਜਨਮ ਦਿਨ 'ਤੇ ਹੁੰਦੀ ਸਰਕਾਰੀ ਛੁੱਟੀ ਨੂੰ ਖਤਮ ਕਰ ਦਿੱਤਾ ਗਿਆ ਹੈ। ਹਾਲਾਂਕਿ ਸ਼ੇਖ ਅਬਦੁੱਲਾ ਦਾ ਪਰਿਵਾਰ ਭਾਰਤੀ ਸੱਤਾ ਸਾਹਮਣੇ ਪੂਰੀ ਤਰਾਂ ਗੋਡੇ ਲਾ ਚੁੱਕਿਆ ਹੈ ਪਰ ਭਾਰਤ ਸ਼ੇਖ ਅਬਦੁੱਲਾ ਨੂੰ ਵੀ ਸਹਿਣ ਕਰਨ ਦੇ ਰੌਅ 'ਚ ਨਹੀਂ ਹੈ। ਸ਼ੇਖ ਅਬਦੁੱਲਾ 1931 ਵਿਚ ਇਕ ਆਗੂ ਵਜੋਂ ਚਮਕਿਆ ਸੀ ਜਦੋਂ ਉਸਨੇ ਡੋਗਰਾ ਰਾਜੇ ਹਰੀ ਸਿੰਘ ਖਿਲਾਫ ਕਸ਼ਮੀਰੀ ਬਗਾਵਤ ਦਾ ਝੰਡਾ ਚੁੱਕਿਆ ਸੀ।

ਹਾਲਾਂਕਿ ਜਦੋਂ 1947 ਵਿਚ ਅੰਗਰੇਜ਼ਾਂ ਨੇ ਇਸ ਖਿੱਤੇ ਨੂੰ ਛੱਡਣ ਦਾ ਫੈਸਲਾ ਕੀਤਾ ਤਾਂ ਸ਼ੇਖ ਅਬਦੁੱਲਾ ਨੇ ਰਾਜਾ ਹਰੀ ਸਿੰਘ ਦੇ ਭਾਰਤ ਨਾਲ ਮਿਲਣ ਦੇ ਫੈਸਲੇ ਨੂੰ ਸਹਿਮਤੀ ਦਿੱਤੀ ਸੀ। ਪਰ ਇਹ ਸਹਿਮਤੀ ਇਸ ਸ਼ਰਤ 'ਤੇ ਸੀ ਕਿ ਭਾਰਤ ਕਸ਼ਮੀਰ ਦੇ ਲੋਕਾਂ ਦੀ ਰਾਇਸ਼ੁਮਾਰੀ ਕਰਵਾ ਕੇ ਕਸ਼ਮੀਰ ਦੇ ਭਵਿੱਖ ਦਾ ਫੈਸਲਾ ਕਸ਼ਮੀਰ ਦੇ ਲੋਕਾਂ ਨੂੰ ਕਰਨ ਦੇਵੇਗਾ। ਇਸੇ ਗੱਲ 'ਤੇ ਕਸ਼ਮੀਰ ਅੱਜ ਤਕ ਲੜ ਰਿਹਾ ਹੈ।

### ਕਸ਼ਮੀਰ ਇਤਿਹਾਸ 'ਤੇ ਭਾਰਤੀ ਪੋਚਾ

ਕਸ਼ਮੀਰ ਮਾਮਲੇ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਹੁਣ ਭਾਰਤ ਹੁਣ ਕਸ਼ਮੀਰ ਦੇ ਇਤਿਹਾਸ 'ਤੇ ਭਾਰਤੀ ਇਤਿਹਾਸ ਦਾ ਪੋਚਾ ਫੇਰ ਰਿਹਾ ਹੈ। ਅਮਰੀਕਾ ਵਿਚ ਰਹਿੰਦੇ ਕਸ਼ਮੀਰੀ ਵਿਦਵਾਨ ਮੁਹੰਮਦ ਜੁਨੈਦ ਨੇ ਕਿਹਾ, 'ਭਾਰਤ ਦੇ ਹਿੰਦੂ ਸੱਜੇ ਪੱਖੀ ਲੋਕ ਕਸ਼ਮੀਰੀ ਲੋਕਾਂ ਦੇ ਇਤਿਹਾਸ ਨੂੰ ਮਿਟਾ ਕੇ ਕਸ਼ਮੀਰ ਦੀ ਧਰਤੀ 'ਤੇ ਆਪਣਾ ਦਾਅਵਾ ਥੋਪ ਰਹੇ ਹਨ। ਉਹ ਹਿੰਦੂ ਰਾਜੇ ਅਤੇ ਭਾਰਤੀ ਰਾਜ ਸੱਤਾ ਖਿਲਾਫ ਕਸ਼ਮੀਰੀ ਲੋਕਾਂ ਦੇ ਸੰਘਰਸ਼ ਨੂੰ ਮਿਟਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।'

ਕਸ਼ਮੀਰ 'ਤੇ ਸਿੱਧਾ ਕਬਜ਼ਾ ਕਰਨ ਮਗਰੋਂ ਦਿੱਲੀ ਸਰਕਾਰ ਨੇ 13 ਜੁਲਾਈ ਨੂੰ ਮਨਾਏ ਜਾਂਦੇ ਸ਼ਹੀਦਾਂ ਦੇ ਦਿਨ ਦੀ ਸਰਕਾਰੀ ਛੁੱਟੀ ਵੀ ਰੱਦ ਕਰ ਦਿੱਤੀ ਹੈ। 13 ਜੁਲਾਈ 1931 ਨੂੰ ਡੋਗਰਾ ਹਿੰਦੂ ਰਾਜੇ ਦਾ ਵਿਰੋਧ ਕਰ ਰਹੇ ਕਸ਼ਮੀਰੀ ਲੋਕਾਂ 'ਤੇ ਰਾਜੇ ਦੀਆਂ ਫੌਜਾਂ ਨੇ ਗੋਲੀ ਚਲਾ ਦਿੱਤੀ ਸੀ ਜਿਸ ਵਿਚ 22 ਲੋਕਾਂ ਦੀ ਮੌਤ ਹੋ ਗਈ ਸੀ।

ਇਸ ਦੇ ਉਲਟ ਜਿਸ ਦਿਨ ਡੋਗਰਾ ਰਾਜੇ ਨੇ ਭਾਰਤ ਵਿਚ ਸ਼ਾਮਲ ਹੋਣ ਦੀ ਸੰਧੀ 'ਤੇ ਦਸਤਖਤ ਕੀਤੇ ਸਨ ਉਸ ਦਿਨ 26 ਅਕਤੂਬਰ ਨੂੰ ਕਸ਼ਮੀਰ ਦੇ ਭਾਰਤ ਵਿਚ ਸ਼ਾਮਲ ਹੋਣ ਦੇ ਦਿਹਾੜੇ ਵਜੋਂ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

ਸ਼ੇਖ ਅਬਦੁੱਲਾ ਦੀ ਧੀ ਕਹਿੰਦੀ ਹੈ, '1931 ਵਿਚ ਹੋਏ ਕਤਲੇਆਮ ਨਾਲ ਕਸ਼ਮੀਰ ਦੇ ਸੰਘਰਸ਼ ਦਾ ਮੁੱਢ ਬੱਝਿਆ ਸੀ। ਕਸ਼ਮੀਰ ਦਾ ਝੰਡਾ ਉਸ ਕਤਲੇਆਮ 'ਚ ਮਾਰੇ ਗਏ ਕਸ਼ਮੀਰੀਆਂ ਦੇ ਖੂਨ ਦੀ ਨਿਸ਼ਾਨੀ ਸੀ ਜੋ ਝੰਡਾ ਹੁਣ ਨਹੀਂ ਰਿਹਾ।'

# ਭਾਰਤ ਵਿੱਚ ਹਿਟਲਰਾਂ ਦਾ ਰਾਜ ਤੇ ਮਨੁੱਖੀ ਅਧਿਕਾਰ

**- ਰਜਿੰਦਰ ਸਿੰਘ**

ਮੈਂ ਸੰਵਿਧਾਨ ਬਾਰੇ ਸੋਚਣ ਲਈ ਮਜਬੂਰ ਹੋ ਗਿਆ ਕਿ ਕੀ ਸੰਵਿਧਾਨ ਹਿਟਲਰ ਪੈਦਾ ਕਰ ਰਿਹਾ ਹੈ? ਹਿਟਲਰ ਨੂੰ ਆਖਿਰ ਕੌਣ ਜਨਮ ਦੇ ਰਿਹਾ ਹੈ? ਕਹਿੰਦੇ ਸੀ ਹਿਟਲਰ ਮਰ ਗਿਆ, ਪਰ ਉਹ ਤਾਂ ਦਨਦਨਾਉਂਦਾ ਫਿਰ ਰਿਹਾ ਹੈ। ਇਹ ਹਿਟਲਰ ਅਸੀਂ ਪੰਜਾਬੀ ਨਵੰਬਰ 84 ਸਿੱਖ ਨਸਲਕੁਸ਼ੀ ਦੌਰਾਨ ਦੇਖ ਚੁੱਕੇ ਹਾਂ। ਇਹ ਹਿਟਲਰ ਅਸੀਂ ਜੂਨ 84 ਦਾ ਦੁਖਾਂਤ ਭੋਗ ਕੇ ਦੇਖ ਚੁੱਕੇ ਹਾਂ, ਇਹ ਹਿਟਲਰ ਬਾਬਰੀ ਮਸਜਿਦ ਤੋੜਨ ਵੀ ਆਇਆ ਸੀ, ਇਹ ਹਿਟਲਰ ਗੁਜਰਾਤ 2002 ਮੁਸਲਮਾਨਾਂ ਦਾ ਕਤਲੇਆਮ ਕਰਨ ਆਇਆ ਸੀ। ਇਸੇ ਕਰਕੇ ਅਦਾਲਤਾਂ ਫੈਸਲਾ ਨਹੀਂ ਕਰ ਸਕੀਆਂ ਕਿ ਕਾਤਲ ਕੌਣ ਹਨ? ਉਹ ਕਾਤਲ ਹਿਟਲਰ ਨੂੰ ਸਮਝਦੀ ਰਹੀ, ਪਰ ਹਿਟਲਰ ਤਾਂ ਮਰ ਚੁੱਕਾ ਹੈ ਜਰਮਨ ਵਿਚ ਬਹੁਤ ਚਿਰ ਪਹਿਲਾਂ। ਅਦਾਲਤ ਕੀ ਕਰੇ? ਕੀ ਭਾਰਤੀ ਸੰਵਿਧਾਨ ਹਿਟਲਰ ਪੈਦਾ ਕਰਦਾ ਹੈ, ਬਿਲਕੁਲ ਨਹੀਂ? ਜੋ ਸੱਤਾ 'ਤੇ ਬਿਰਾਜਮਾਨ ਹਨ, ਉਨਾਂ ਵਿਚ ਹਿਟਲਰ ਦੀ ਰੂਹ ਆ ਚੁੱਕੀ ਹੈ, ਜੋ ਜਨਤਾ ਨੂੰ ਧਰਮ, ਜਾਤ ਦੇ ਨਾਮ 'ਤੇ ਵੰਡੇ ਹਨ ਤੇ ਆਪਣੀ ਸੱਤਾ ਨੂੰ ਮਜ਼ਬੂਤ ਰੱਖਦੇ ਹਨ। ਇਹ ਕੁਝ 1947 ਤੋਂ ਬਾਅਦ ਵਾਪਰਦਾ ਰਿਹਾ ਹੈ। ਡਾ. ਅੰਬੇਡਕਰ ਨੇ ਸੰਵਿਧਾਨ ਲਿਖਣ ਤੋਂ ਬਾਅਦ ਤੇ ਸੱਤਾਧਾਰੀਆਂ ਦਾ ਕਿਰਦਾਰ ਦੇਖਣ ਤੋਂ ਬਾਅਦ ਇਹ ਕਿਹਾ ਸੀ ਕਿ ਦਿਲ ਕਰਦਾ ਹੈ ਕਿ ਮੈਂ ਇਸ ਸੰਵਿਧਾਨ ਨੂੰ ਸਾੜ ਦਿਆਂ। ਫਿਰ ਕੁਝ ਚਿਰਾਂ ਬਾਅਦ ਕਿਹਾ ਕਿ ਜੇਕਰ ਸੰਵਿਧਾਨ ਭੂਤਾਂ ਦੇ ਹੱਥ ਚੜ ਜਾਵੇ ਤਾਂ ਉਹ ਸਰਵਨਾਸ਼ ਕਰ ਦੇਣਗੇ। ਜੇਕਰ ਸੰਵਿਧਾਨ ਦੇ ਪਹਿਰੀ ਚੰਗੇ ਲੋਕ ਹੋਣਗੇ ਤਾਂ ਸਮਾਜ ਤੇ ਦੇਸ ਤਰੱਕੀ ਕਰੇਗਾ। ਇਹ ਦੋਵੇਂ ਟਿੱਪਣੀਆਂ ਮਿਲਾ ਕੇ ਸਮਝਣ ਦੀ ਲੋੜ ਹੈ। ਇਹ ਵੱਖਰੀ ਗੱਲ ਹੈ ਕਿ ਸੰਵਿਧਾਨ ਵਿਚ ਕਈ ਸੋਧਾਂ ਲੋੜੀਂਦੀਆਂ ਹਨ, ਜਿਵੇਂ ਸਿੱਖ ਨੂੰ ਹਿੰਦੂ ਸਮਝਣ ਦਾ ਮੱਸਲਾ, ਜਿਸ ਨੂੰ ਸਿੱਖ ਕੌਮ ਹਜ਼ਮ ਨਹੀਂ ਕਰ ਰਹੀ। ਰਾਜਾਂ ਦੀ ਖੁਦਮੁਖਤਿਆਰੀ ਅਤੇ ਮਨੁੱਖੀ ਅਜ਼ਾਦੀ ਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦਾ ਮਾਮਲਾ ਸੰਵਿਧਾਨ ਵਿਚ ਹੋਰ ਸਪੱਸ਼ਟਤਾ ਲਿਆਉਣ ਦੀ ਲੋੜ ਹੈ। ਪਰ ਭ੍ਰਿਸ਼ਟਾਚਾਰੀ ਤੇ ਨਫ਼ਰਤ ਫੈਲਾਉਣ ਵਾਲੇ ਲੋਕ ਅਜਿਹਾ ਨਹੀਂ ਕਰਨਗੇ, ਉਹ ਹਿੰਦੂ ਰਾਸ਼ਟਰਵਾਦ ਦੇ ਨਾਅਰੇ ਮਾਰ ਕੇ ਦੇਸ ਨੂੰ ਵੰਡਣਗੇ।

ਆਸ਼ਵਿਟਜ਼ ਇਕ ਕਤਲਗਾਹ ਦਾ ਨਾਮ ਹੈ, ਜਿਸ ਦੀ ਰਚਨਾ ਹਿਟਲਰ ਨੇ ਕੀਤੀ। ਕੀ ਆਸ਼ਵਿਟਜ਼ ਨੂੰ ਖਤਮ ਕਰਨਾ ਅਜੋਕੇ ਮਾਹੌਲ ਵਿਚ ਸੰਭਵ ਹੈ? ਇਹ ਆਸ਼ਵਿਟਜ਼ ਦੀ ਰਚਨਾ ਅਕਾਲ ਪੁਰਖ ਵਿਰੋਧੀ ਰਚਨਾ ਹੈ। ਬਾਬਰ ਤੇ ਹਿਟਲਰ ਵਿਚ ਕੋਈ ਅੰਤਰ ਨਹੀਂ। ਗੁਰੂ ਨਾਨਕ ਸਾਹਿਬ ਨੇ ਇਸ ਸੰਦਰਭ ਵਿਚ ਬਹੁਤ ਮਹੱਤਵਪੂਰਨ ਸ਼ਬਦ ਕਿਹਾ ਹੈ, 'ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥'

ਗੁਰੂ ਸਾਹਿਬ ਦਾ ਮੰਨਣਾ ਹੈ ਕਿ ਅਕਾਲ ਪੁਰਖ ਬੇਅੰਤ ਹੈ, ਮਨੁੱਖ ਬੇਅੰਤ ਨਹੀਂ। ਉਸ ਨੂੰ ਹਉਮੈਂ ਵਿਚ ਨਹੀਂ ਰਹਿਣਾ ਚਾਹੀਦਾ ਕਿ ਉਸ ਦਾ ਰਾਜ ਸਦੀਵੀ ਹੈ। ਅਕਾਲ ਪੁਰਖ ਚਾਹੇ ਤਾਂ ਉਹ ਹਉਮੈਂਵਾਦੀ ਵੱਡੇ ਵੱਡੇ ਲਸ਼ਕਰਾਂ ਵਾਲੇ ਰਾਜਿਆਂ ਨੂੰ ਤਬਾਹ ਕਰ ਸਕਦਾ ਹੈ, ਜੋ ਆਪਣੀ ਜਨਤਾ 'ਤੇ ਜ਼ੁਲਮ ਕਰ ਰਹੇ ਹਨ ਤੇ ਭ੍ਰਿਸ਼ਟਾਚਾਰ ਫੈਲਾ ਰਹੇ ਹਨ। ਅਕਾਲ ਪੁਰਖ ਏਨਾ ਬੇਅੰਤ ਹੈ, ਸ਼ਕਤੀਸ਼ਾਲੀ ਹੈ, ਸਮਰੱਥ ਹੈ, ਨਿਰਭਉ, ਨਿਰਵੈਰ ਹੈ ਕਿ ਸ਼ਕਤੀਸ਼ਾਲੀ ਬਾਦਸ਼ਾਹ ਦੀ ਥਾਂ ਕੀੜੇ ਵਰਗੀ ਜੂਨ ਭੋਗ ਰਹੇ ਸਾਧਾਰਨ ਮਨੁੱਖ ਨੂੰ ਬਾਦਸ਼ਾਹ ਬਣਾ ਸਕਦਾ ਹੈ। ਇਹ ਗੱਲ ਭਾਰਤ ਦੇ ਜ਼ਾਲਮ ਸਾਸ਼ਕਾਂ ਦੇ ਦਿਮਾਗਾਂ ਵਿਚ ਨਹੀਂ ਆਈ। ਬਾਬਰ ਨਹੀਂ ਰਿਹਾ, ਅੰਗਰੇਜ਼ ਹਕੂਮਤ ਨਹੀਂ ਰਹੀ ਤੇ ਨਾ ਹੀ ਇੰਦਰਾ ਗਾਂਧੀ ਰਹੀ। ਪਰ ਇਸ ਤੋਂ ਅਜੋਕੇ ਭਾਰਤੀ ਸ਼ਾਸ਼ਕ ਵੀ ਸਬਕ ਨਹੀਂ ਸਿਖ ਰਹੇ। ਇਹ ਅੰਧੇਰਮਈ ਵਾਤਾਵਰਣ ਫਿਰ ਹਉਮੈਂਵਾਦੀ ਸ਼ਾਸ਼ਕਾਂ ਵਲੋਂ ਫੈਲਾਇਆ ਜਾ ਰਿਹਾ ਹੈ। ਇਹ ਮਨੁੱਖੀ ਰੂਹ ਦਾ ਬੁਨਿਆਦੀ ਅਸੂਲ ਹੈ ਕਿ ਜੇ ਜਾਤਾਂ, ਧਰਮਾਂ ਦੇ ਭਿੰਨ ਭੇਦਾਂ ਵਿਚ ਫਸੇ ਰਹੇ, ਅਸਲੀ ਮਨੁੱਖ ਦੇ ਰੂਪ ਵਿਚ ਗੁਰਮੁਖ ਵਜੋਂ ਪ੍ਰਗਟ ਨਾ ਹੋਏ ਤਾਂ ਅਨੇਕਾਂ ਆਸ਼ਵਿਟਜ਼ ਪਸਰਨਗੇ। ਯਾਸ਼ਾਮੁਕ ਨੇ ਆਪਣੀ ਕਿਤਾਬ The People Vs. Democracy ਵਿਚ ਵਿਚਾਰ ਕੀਤਾ ਕੀ ਅੱਜ ਦੀ ਜਰਮਨ ਲੋਕਾਂ ਨੂੰ ਆਪਣੇ ਪੁਰਵਜ਼ਾਂ ਦੇ ਕਾਰਜਾਂ ਦੇ ਲਈ ਜ਼ਿੰਮੇਵਾਰ ਮਹਿਸੂਸ ਕਰਨਾ ਚਾਹੀਦਾ ਹੈ ਤੇ ਪਛਤਾਵਾ ਕਰਨਾ ਚਾਹੀਦਾ ਹੈ? ਦੂਸਰੇ ਪਾਸੇ ਹੁਣ ਇਧਰ ਦੀ ਪੀੜੀ ਦੇ ਜਰਮਨ ਦੇ ਲੋਕ ਉਦਾਸ ਹਨ ਕਿ ਆਖਿਰ ਉਹਨਾਂ ਨੂੰ ਕਿੰਨੇ ਦਿਨ ਤੱਕ ਪਛਤਾਵੇ ਦਾ ਇਹ ਬੋਝ ਢੋਹਣਾ ਪਵੇਗਾ, ਇਸ ਦਾ ਅੰਤ ਹੋਣਾ ਚਾਹੀਦਾ ਹੈ। ਜੇਕਰ ਅੱਜ ਦੇ ਜਰਮਨ ਸਮਾਜ ਨੂੰ ਦੇਖੀਏ ਤਾਂ ਉੱਥੇ ਫਿਰ ਨਸਲਵਾਦ ਸਿਰ ਉਠਾ ਰਿਹਾ ਹੈ। ਰੋਹਿੰਗਿਆ ਨਾਲ ਵੀ ਇਹੋ ਕੁਝ ਵਾਪਰਿਆ ਹੈ। ਹੁਣੇ ਜਿਹੇ ਮੀਆਂਮਾਰ ਦੀ ਸਰਕਾਰ ਤੇ ਫੌਜ ਦੇ ਸੰਯੁਕਤ ਰਾਸ਼ਟਰ ਦੀ ਅਦਾਲਤ ਨੇ ਰੋਹਿੰਗਿਆ ਲੋਕਾਂ ਦਾ ਕਤਲੇਆਮ ਰੋਕਣ ਦਾ ਹੁਕਮ ਦਿੱਤਾ ਹੈ। ਕੀ ਭਾਰਤ ਵਿਚ ਆਸ਼ਵਿਟਜ਼ ਦੀ ਰਚਨਾ ਹੋ ਰਹੀ ਹੈ?

ਕਸ਼ਮੀਰ ਵਿਚ 370 ਧਾਰਾ ਦੇ ਨਾਮ 'ਤੇ ਕੀ ਵਾਪਰਿਆ ਹੈ? ਇੰਟਰਨੈਟ ਤੇ ਲੋਕਾਂ ਦੀ ਆਜ਼ਾਦੀ 'ਤੇ ਪਾਬੰਦੀ ਸਭ ਕੁਝ ਕੀ ਹੈ? ਯੂਪੀ ਵਿਚ ਮੁਸਲਮਾਨਾਂ ਨੂੰ ਸੜਕਾਂ 'ਤੇ ਲੰਮੇ ਪਾ ਕੇ ਕਿਉਂ ਕੁੱਟਿਆ ਗਿਆ? ਸ਼ਾਹੀਨ ਬਾਗ ਵਿਚ ਮੁਸਲਮਾਨ ਔਰਤਾਂ ਨੂੰ ਮੋਦੀ ਸਰਕਾਰ ਵਿਰੁਧ ਮੋਰਚਾ ਲਗਾਉਣ ਲਈ ਕਿਉਂ ਮਜ਼ਬੂਰ ਹੋਣਾ ਪਿਆ? ਭਾਜਪਾ ਤੇ ਹੋਰ ਹਿੰਦੂਤਵੀ ਨੇਤਾ ਕਿਉਂ ਮੁਸਲਮਾਨਾਂ ਵਿਰੁਧ ਜ਼ਹਿਰੀਲੇ ਬਿਆਨ ਜਾਰੀ ਕਰ ਰਹੇ ਹਨ? ਇਹ ਕਿਉਂ ਕਹਿ ਰਹੇ ਹਨ ਕਿ ਦਿੱਲੀ ਵਿਚ ਭਾਜਪਾ ਸਰਕਾਰ ਆਈ ਤਾਂ ਸਰਕਾਰੀ ਜ਼ਮੀਨਾਂ 'ਤੇ ਬਣੀਆਂ ਮਸਜਿਦਾਂ ਖਤਮ ਕਰ ਦਿੱਤੀਆਂ ਜਾਣਗੀਆਂ। ਕੀ ਨਾਗਰਿਕਤਾ ਸੋਧ ਬਿੱਲ ਰਾਹੀਂ ਮੁਸਲਮਾਨਾਂ ਵਿਰੁਧ ਕਾਰਵਾਈ ਨਹੀਂ ਕੀਤੀ ਜਾ ਰਹੀ? ਸੰਵਿਧਾਨ ਦੇ ਦਿਸ਼ਾ ਨਿਰਦੇਸ਼ ਕਿੱਥੇ ਹਨ, ਇਹ ਸੁਆਲ ਹਰੇਕ ਨੂੰ ਕਰਨਾ ਬਣਦਾ ਹੈ। ਕੀ ਸੰਵਿਧਾਨ ਹਿੰਦੂ ਰਾਸ਼ਟਰਵਾਦ ਦੀ ਆਧਾਰਸ਼ਿਲਾ ਹੈ?

ਹੁਣੇ ਜਿਹੇ ਸ਼ਾਹੀਨ ਬਾਗ ਦੇ ਅੰਦੋਲਨ ਤੋਂ ਦੁਖੀ ਹੋ ਕੇ ਮੋਦੀ ਸਰਕਾਰ ਨੇ ਜੇਐਨਯੂ ਦਾ ਪੀਐਚਡੀ ਖੋਜਾਰਥੀ ਅਤੇ ਪ੍ਰਦਰਸ਼ਨ ਦੇ ਮਾਸਟਰਮਾਈਂਡ ਸ਼ਰੀਜਲ ਇਮਾਮ ਨੂੰ ਬਿਹਾਰ ਦੇ ਜਹਾਨਾਬਾਦ ਤੋਂ ਗ੍ਰਿਫ਼ਤਾਰ ਕਰਕੇ ਪੁਲਿਸ ਨੇ ਸ਼ਰੀਜਲ ਇਮਾਮ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਹੈ। ਭਾਜਪਾ ਰਾਜ ਵਾਲੇ ਕਈ ਸੂਬਿਆਂ ਵਿਚ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲੀਸ ਦਾ ਦਾਅਵਾ ਹੈ ਕਿ ਉਹ ਉੱਤਰ-ਪੂਰਬੀ ਰਾਜਾਂ, ਖ਼ਾਸਕਰ ਅਸਾਮ ਨੂੰ ਬਾਕੀ ਭਾਰਤ ਤੋਂ ਵੱਖ ਕਰਨ ਦੀ ਗੱਲ ਕਰ ਰਿਹਾ ਹੈ।

ਅਲਾਹਾਬਾਦ ਦੀ ਹਾਈ ਕੋਰਟ ਨੇ ਉੱਤਰ ਪ੍ਰਦੇਸ਼ ਦੀ ਪੁਲੀਸ ਨੂੰ ਹਦਾਇਤ ਕੀਤੀ ਹੈ ਕਿ ਉਹ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਹੋਏ ਅੰਦੋਲਨ ਦੌਰਾਨ ਮਾਰੇ ਗਏ ਲੋਕਾਂ ਦੀਆਂ ਪੋਸਟ-ਮਾਰਟਮ ਰਿਪੋਰਟਾਂ ਤੇ ਹੋਰ ਰਿਕਾਰਡ ਅਦਾਲਤ ਨੂੰ ਮੁਹੱਈਆ ਕਰਵਾਏ। ਇਹ ਹੁਕਮ ਚੀਫ਼ ਜਸਟਿਸ ਗੋਬਿੰਦ ਮਾਥੁਰ ਅਤੇ ਜਸਟਿਸ ਸਿਧਾਰਥ ਵਰਮਾ ਨੇ ਉਨਾਂ 7 ਪਟੀਸ਼ਨਾਂ ਨੂੰ ਸੁਣਦਿਆਂ ਹੋਇਆਂ ਦਿੱਤੇ ਜਿਹੜੀਆਂ ਮੁਜ਼ਾਹਰਾਕਾਰੀਆਂ ਵੱਲੋਂ ਪੁਲੀਸ ਅਤੇ ਸਰਕਾਰੀ ਅਫ਼ਸਰਾਂ ਦੇ ਵਿਰੁੱਧ ਦਾਖ਼ਲ ਕੀਤੀਆਂ ਗਈਆਂ ਸਨ। ਅਦਾਲਤ ਦਾ ਕਹਿਣਾ ਹੈ ਕਿ ਜਦ ਸਰਕਾਰ ਮੰਨਦੀ ਹੈ ਕਿ ਕੁਝ ਮੌਤਾਂ ਜ਼ਰੂਰ ਹੋਈਆਂ ਹਨ ਤਾਂ ਸਰਕਾਰ ਨੂੰ ਉਨਾਂ ਬਾਰੇ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਪਰ ਇਹ ਕਾਨੂੰਨੀ ਕਾਰਵਾਈ ਕਿਵੇਂ ਸੰਭਵ ਹੈ?

ਕਿਉਂਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕੁਝ ਹਫ਼ਤੇ ਪਹਿਲਾਂ ਚਿਤਾਵਨੀ ਦਿੰਦਿਆਂ ਕਿਹਾ ਸੀ ਕਿ ਅੰਦੋਲਨਕਾਰੀਆਂ ਨਾ ਰੁਕੇ ਤਾਂ ਸਖ਼ਤ ਕਾਰਵਾਈ ਹੋਵੇਗੀ ਪਰ ਹੁਣ ਸਰਕਾਰੀ ਬਿਆਨਾਂ ਵਿਚ ਆ ਰਿਹਾ ਹੈ ਕਿ ਪੁਲੀਸ ਨੇ ਗੋਲੀ ਨਹੀਂ ਚਲਾਈ। ਵੱਖ ਵੱਖ ਮੁਜ਼ਾਹਰਿਆਂ ਵਿਚ ਹੋਈਆਂ ਮੌਤਾਂ ਅੰਦੋਲਨਕਾਰੀਆਂ ਦੁਆਰਾ ਚਲਾਈਆਂ ਗਈਆਂ ਗੋਲੀਆਂ ਨਾਲ ਹੀ ਹੋਈਆਂ ਹਨ।

ਭਾਰਤ ਵਿਚ ਭਗਵਾਂ ਫਾਸ਼ੀਵਾਦ ਲੋਕਤੰਤਰ ਦਾ ਖਾਤਮਾ ਕਰ ਰਿਹਾ ਹੈ, ਜਿੱਥੇ ਕੋਈ ਕਾਨੂੰਨ ਕੋਈ ਸੰਵਿਧਾਨ ਨਹੀਂ। ਸੰਵਿਧਾਨ ਵੀ ਜ਼ੀਰੋ ਹੋ ਰਿਹਾ ਹੈ ਤੇ ਕਾਨੂੰਨ ਵੀ। ਭਗਵੇਂ ਮੰਤਰੀ, ਐਮ ਐਲ ਏ ਹਿੰਸਕ ਬਿਆਨ ਜਾਰੀ ਕਰ ਰਹੇ ਹਨ, 'ਗੱਦਾਰ, ਗੋਲੀ ਮਾਰੋ'।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE
MORE: BAYS. EXPERTISE. SOLUTIONS.
Visit ta-petro.com or find us on
TA
Nasdaq Listed

# ਸਾਡਾ ਵੱਡਮੁੱਲਾ ਵਿਰਸਾ ਲੋਕ ਸਿਆਣਪਾਂ

**- ਸੁਖਦੇਵ ਮਾਦਪੁਰੀ**

ਲੋਕ ਵਿਸ਼ਵਾਸ ਹੈ ਕਿ ਰੱਬ ਦੀ ਦਰਗਾਹ ਵਿੱਚ ਜਾਤ ਪਾਤ ਲਈ ਕੋਈ ਥਾਂ ਨਹੀਂ। ਉੱਥੇ ਤਾਂ ਮਨੁੱਖ ਦੀ ਇਸ ਸੰਸਾਰ ਯਾਤਰਾ ਸਮੇਂ ਕੀਤੇ ਚੰਗੇ-ਮੰਦੇ ਕਾਰਜਾਂ ਦੀ ਹੀ ਪਰਖ ਪੜਚੋਲ ਹੁੰਦੀ ਹੈ:

ਅਮਲਾਂ ਦੇ ਹੋਣਗੇ ਨਬੇੜੇ,
ਜਾਤ ਕਿਸੇ ਪੁੱਛਣੀ ਨਹੀਂ।

ਬਿਹਤਰ ਇਹੀ ਹੈ ਮਨੁੱਖ ਲੋਕ ਹਿਤਾਂ ਵਾਲੇ ਕੰਮ-ਧੰਦੇ ਕਰੇ:

ਕਾਹਨੂੰ ਮਾਰਦੈਂ ਚੰਦਰਿਆ ਡਾਕੇ,
ਔਖੀ ਹੋ ਜਾਊ ਕੈਦ ਕੱਟਣੀ।

ਸਮੇਂ ਦੇ ਗੇੜ ਨੇ ਸਾਨੂੰ ਮਤਲਬ-ਪ੍ਰਸਤ ਬਣਾ ਦਿੱਤਾ ਹੈ।

ਕੋਈ ਨਾ ਕਿਸੇ ਦਾ ਬੇਲੀ,
ਦੁਨੀਆ ਮਤਲਬ ਦੀ।
ਕੋਠਾ ਉੱਸਰਿਆ, ਤਰਖਾਣ ਵਿਸਰਿਆ।

ਲੋਕ ਸਿਆਣਪ ਦੀ ਸਮਝਾਉਣੀ ਹੈ ਕਿ ਜੇਕਰ ਤੁਸੀਂ ਸੁਖ-ਚੈਨ ਦੀ ਜ਼ਿੰਦਗੀ ਜਿਊਣੀ ਹੈ ਤਾਂ ਆਪਣੇ ਜੀਵਨ ਝਮੇਲੇ, ਮਸਲੇ ਆਪ ਨਜਿੱਠੋ ਅਤੇ ਦੂਜਿਆਂ ਦੇ ਮਸਲਿਆਂ ਵਿੱਚ ਦਖਲ-ਅੰਦਾਜ਼ ਨਾ ਹੋਵੇ ਅਤੇ ਅਜੋਕੇ ਚੋਰਾਂ-ਠੱਗਾਂ ਪਾਸੋਂ ਆਪਣੀ ਸੰਪਤੀ ਬਚਾ ਕੇ ਰੱਖੋ:

ਆਪਣੀ ਫਸੀ ਨਬੇੜ, ਤੈਨੂੰ ਹੋਰ ਨਾਲ ਕੀ।
ਆਪਣੀ ਗੱਠੜੀ ਸੰਭਾਲ, ਤੈਨੂੰ ਚੋਰ ਨਾਲ ਕੀ।

ਮੁੰਡੇ ਦੇ ਜਨਮ ਅਤੇ ਵਿਆਹ ਦੇ ਅਵਸਰ 'ਤੇ ਵਧਾਈਆਂ ਦੇਣ ਸਮੇਂ ਨੱਚਦੇ ਖੁਸਰਿਆਂ ਦੀ ਧਮਕ ਤਾਲ ਤੇ ਵੱਜਦੀ ਤਾੜੀ ਦੀ ਟੁਣਕਾਰ ਗ਼ਮਾਂ-ਫਿਕਰਾਂ ਨੂੰ ਕਾਫੂਰ ਕਰ ਦਿੰਦੀ ਹੈ। ਉਹਨਾਂ ਦੇ ਜੀਵਨ-ਰਹੱਸ ਦੀ ਆਪਣੀ ਵਿਲੱਖਣਤਾ ਹੈ - ਨਾ ਰੰਨ ਨਾ ਕੰਨ ਦੇ ਸਬੱਬ ਹੀ 'ਕੋਈ ਮਰੇ ਕੋਈ ਜੀਵੇ, ਖੁਸਰਾ ਘੋਲ ਪਤਾਸੇ ਪੀਵੇ' ਅਖਾਣ ਦੀ ਸਿਰਜਣਾ ਹੋਈ ਹੈ।

ਲੋਕ ਸਿਆਣਪਾਂ-ਅਖਾਣ, ਅਖੌਤਾਂ, ਕਹਾਵਤਾਂ ਮਿੱਥ ਕੇ ਨਹੀਂ ਸਿਰਜੀਆਂ ਜਾਂਦੀਆਂ ਬਲਕਿ ਇਹ ਜੀਵਨ ਵਿਹਾਰ ਵਿੱਚੋਂ ਸੁਭਾਵਕ ਹੀ ਜਨਮ ਲੈ ਕੇ ਜੀਵਨਧਾਰਾ ਵਿੱਚ ਸਮੋ ਜਾਂਦੀਆਂ ਹਨ। ਇਹਨਾਂ ਦੀ ਸਿਰਜਣਾ ਪਿੱਛੇ ਕੋਈ ਨਾ ਕੋਈ ਘਟਨਾ ਜਾਂ ਜੀਵਨ ਬ੍ਰਿਤਾਂਤ ਲੁਪਤ ਹੁੰਦਾ ਹੈ। ਪੁਰਾਣੇ ਜ਼ਮਾਨੇ ਵਿੱਚ ਰਿਸ਼ੀ ਮੁਨੀ ਆਬਾਦੀ ਤੋਂ ਦੂਰ ਜੰਗਲਾਂ/ਬਣਾਂ ਵਿੱਚ ਕੁਟੀਆ ਅਥਵਾ ਆਸ਼ਰਮ ਬਣਾ ਕੇ ਰਹਿੰਦੇ ਸਨ। ਜਿੱਥੇ ਉਹ ਆਪ ਅਧਿਐਨ ਕਰਦੇ ਸਨ ਤੇ ਆਪਣੇ ਚੇਲਿਆਂ ਨੂੰ ਸਿੱਖਿਅਤ ਕਰਦੇ ਸਨ। ਉਦੋਂ ਨਲਕੇ ਅਤੇ ਟਿਊਬੈਲ ਨਹੀਂ ਸਨ ਹੁੰਦੇ, ਪਾਣੀ ਖੂਹਾਂ ਤੋਂ ਭਰਿਆ ਜਾਂਦਾ ਸੀ। ਆਸ਼ਰਮ ਵਿੱਚ ਰਹਿੰਦੇ ਇਕ ਰਿਸ਼ੀ ਨੇ ਇਕ ਦਿਨ ਆਪਣੇ ਇੱਕ ਚੇਲੇ ਨੂੰ ਖੂਹ ਤੋਂ ਪਾਣੀ ਲਿਆਉਣ ਲਈ ਕਿਹਾ। ਚੇਲਾ ਲੱਜ ਡੋਲ ਲੈ ਕੇ ਖੂਹ 'ਤੇ ਗਿਆ ਤੇ ਖੂਹ ਦੀ ਮੌਣ 'ਤੇ ਗੱਡੀ ਭੌਣੀ ਰਾਹੀਂ ਡੋਲ ਖੂਹ ਵਿੱਚ ਫਰਾਹ ਦਿੱਤਾ। ਲੱਜ ਛੋਟੀ ਹੋਣ ਕਰਕੇ ਡੋਲ ਖੂਹ ਦੇ ਪਾਣੀ ਤੱਕ ਨਾ ਪੁੱਜਾ। ਉਹਨੇ ਖਾਲੀ ਡੋਲ ਬਾਹਰ ਕੱਢ ਲਿਆ ਤੇ ਰਿਸ਼ੀ ਨੂੰ ਵਾਪਸ ਆ ਕੇ ਆਖਿਆ, ਰਿਸ਼ੀ ਜੀ, ਖੂਹ ਤਾਂ ਖਾਲੀ ਹੈ। ਰਿਸ਼ੀ ਨੇ ਦੂਜੇ ਚੇਲੇ ਨੂੰ ਪਾਣੀ ਲਿਆਉਣ ਲਈ ਭੇਜ ਦਿੱਤਾ। ਦੂਜੇ ਚੇਲੇ ਨੇ ਖੂਹ 'ਤੇ ਜਾ ਕੇ ਜਦੋਂ ਡੋਲ ਫਰਾਹਿਆ, ਡੋਲ ਪਾਣੀ ਤੱਕ ਨਾ ਪੁੱਜਾ। ਚੇਲਾ ਸਮਝ ਗਿਆ ਕਿ ਲੱਜ ਦੀ ਲੰਬਾਈ ਘੱਟ ਹੋਣ ਕਰਕੇ ਡੋਲ ਪਾਣੀ ਤੱਕ ਨਹੀਂ ਪੁੱਜਾ। ਉਸ ਨੇ ਆਪਣੀ ਅਕਲ ਤੋਂ ਕੰਮ ਲਿਆ ਤੇ ਲੱਜ ਨਾਲ ਆਪਣੀ ਪੱਗ ਬੰਨ ਕੇ ਡੋਲ ਦੁਬਾਰਾ ਖੂਹਾ ਵਿੱਚ ਲਮਕਾ ਦਿੱਤਾ। ਫਿਰ ਪਾਣੀ ਨਾਲ ਭਰਿਆ ਡੋਲ ਬਾਹਰ ਕੱਢ ਲਿਆ ਤੇ ਪਾਣੀ ਰਿਸ਼ੀ ਜੀ ਅੱਗੇ ਲਿਆ ਧਰਿਆ। ਪਾਣੀ ਵੇਖ ਕੇ ਰਿਸ਼ੀ ਜੀ ਮੁਸਕਰਾਏ ਤੇ ਪਹਿਲੇ ਚੇਲੇ ਨੂੰ ਕਿਹਾ, ਭਗਤਾ, ਇਹਨੂੰ ਕਹਿੰਦੇ ਨੇ 'ਅਕਲਾਂ ਬਾਝੋਂ ਖੂਹ ਖਾਲੀ'। ਤੈਂ ਆਪਣੀ ਅਕਲ ਨਹੀਂ, ਵਰਤੀ ਖੂਹ ਖਾਲੀ ਹੋ ਗਿਆ। ਇਹਨੇ ਅਕਲ ਤੋਂ ਕੰਮ ਲੈ ਕੇ ਪਾਣੀ ਭਰ ਲਿਆਂਦਾ ਹੈ।

ਇਸੇ ਜ਼ਮਾਨੇ ਦੀ 'ਮਨ ਜੀਤੇ ਜਗ ਜੀਤ' ਅਖਾਣ ਨਾਲ ਸਬੰਧੀ ਇੱਕ ਘਟਨਾ ਜੁੜੀ ਹੋਈ ਹੈ। ਬਣ ਵਿੱਚ ਰਹਿੰਦੇ ਇੱਕ ਰਿਸ਼ੀ ਨੇ ਆਪਣੇ ਇੱਕ ਚੇਲੇ ਨੂੰ ਇੱਕ ਟਰੰਕ ਦੇ ਕੇ ਕਿਹਾ, ਜਾਹ ਭਗਤਾ, ਇਹ ਟਰੰਕ ਔਗੜ ਨਾਥ ਜੀ ਨੂੰ ਫੜਾ ਆ। ਉਹਨਾਂ ਦੀ ਕੁਟੀਆ ਦਾ ਤਾਂ ਤੈਨੂੰ ਪਤਾ ਹੀ ਹੈ। ਟਰੰਕ ਦੇ ਕੁੰਡੇ ਨੂੰ ਜਿੰਦਾ ਨਹੀਂ ਸੀ। ਜਿੰਦੇ ਦੀ ਥਾਂ ਮੋਟਾ ਧਾਗਾ ਬੰਨਿਆਂ ਹੋਇਆ ਸੀ। ਚੇਲਾ ਟਰੰਕ ਲੈ ਕੇ ਟੁਰ ਪਿਆ। ਰਾਹ ਵਿੱਚ ਉਹਦੇ ਮਨ ਵਿੱਚ ਆਇਆ ਕਿ ਕਿਉਂ ਨਾ ਉਹ ਟਰੰਕ ਖੋਲ ਕੇ ਵੇਖ ਲਵੇ ਕਿ ਇਹਦੇ ਵਿੱਚ ਰਿਸ਼ੀ ਜੀ ਨੇ ਭੇਜਿਆ ਕੀ ਹੈ। ਉਹਨੇ ਜੱਕੋ ਤੱਕੀ ਵਿੱਚ ਟਰੰਕ ਖੋਲ ਲਿਆ। ਟਰੰਕ ਦੇ ਖੁੱਲਣ ਸਾਰ ਹੀ ਟਰੰਕ ਵਿੱਚੋਂ ਇੱਕ ਚੂਹਾ ਟਪੂਸੀ ਮਾਰਕੇ ਝਾੜੀਆਂ ਵਿੱਚ ਜਾ ਲੁਕਿਆ। ਚੇਲੇ ਨੇ ਚੂਹਾ ਲੱਭਣ ਦੀ ਬਥੇਰੀ ਕੋਸ਼ਿਸ਼ ਕੀਤੀ। ਆਖਰ ਉਸ ਨੇ ਟਰੰਕ ਦੇ ਕੁੰਡੇ ਨੂੰ ਦੋਬਾਰਾ ਓਹੀ ਰੱਸੀ ਬੰਨ ਦਿੱਤੀ ਤੇ ਟਰੰਕ ਲੈ ਕੇ ਤੁਰ ਪਿਆ। ਦੂਜੇ ਰਿਸ਼ੀ ਨੂੰ ਟਰੰਕ ਜਾ ਫੜਾਇਆ। ਰਿਸ਼ੀ ਨੇ ਟਰੰਕ ਖੋਲ ਕੇ ਦੇਖਿਆ, ਟਰੰਕ ਖਾਲੀ ਸੀ। ਉਹਨੇ ਚੇਲੇ ਨੂੰ ਕਿਹਾ, ਕਾਕਾ, ਤੇਰੇ ਰਿਸ਼ੀ ਨੇ ਤਾਂ ਮੇਰੇ ਲਈ ਚੂਹਾ ਭੇਜਿਆ ਸੀ, ਉਹ ਕਿੱਥੇ ਹੈ ?

ਮਹਾਰਾਜ, ਮੈਂ ਟਰੰਕ ਖੋਲ ਲਿਆ ਸੀ। ਚੂਹਾ ਵਿੱਚੋਂ ਦੌੜ ਗਿਆ ਹੈ। ਸ਼ਰਮਸਾਰ ਹੋਏ ਚੇਲੇ ਨੇ ਉੱਤਰ ਦਿੱਤਾ।

ਪੁੱਤਰਾ, ਤੂੰ ਇਹ ਚੰਗਾ ਨਹੀਂ ਕੀਤਾ। ਤੇਰੇ ਗੁਰੂ ਜੀ ਤੇਰਾ ਇਮਤਿਹਾਨ ਲੈ ਰਹੇ ਸਨ। ਤੂੰ ਆਪਣੇ ਚੰਚਲ ਮਨ ਨੂੰ ਕਾਬੂ ਨਹੀਂ ਕਰ ਸਕਿਆ। ਆਪਣਾ ਮਨ ਜਿੱਤ ਕੇ ਹੀ ਜੱਗ ਜਿੱਤਿਆ ਜਾ ਸਕਦਾ ਹੈ। ਜਾਹ ਜਾ ਕੇ ਉਹਨਾਂ ਪਾਸੋਂ ਆਪਣੀ ਭੁੱਲ ਦੀ ਖਿਮਾਂ ਮੰਗ। ਰਿਸ਼ੀ ਨੇ ਚੇਲੇ ਨੂੰ ਸਮਝਾਇਆ।

ਮਾਤ ਭਾਸ਼ਾ ਦੇ ਮਹੱਤਵ ਨੂੰ ਉਘਾੜਦੀ ਇੱਕ ਕਹਾਵਤ ਹੈ:

ਆਬ ਆਬ ਕਰ ਮੋਇਓ ਬੱਚਾ, ਫਾਰਸੀਆਂ ਘਰ ਗਾਲੇ।
ਪਤਾ ਹੁੰਦਾ ਜੇ ਪਾਣੀ ਮੰਗਦਾ, ਭਰ ਭਰ ਦਿੰਦੀ ਪਿਆਲੇ।

ਆਬ ਫਾਰਸੀ ਦਾ ਸ਼ਬਦ ਹੈ। ਫਾਰਸੀ ਵਿੱਚ ਜਲ ਪਾਣੀ ਨੂੰ ਆਬ ਆਖਦੇ ਹਨ। ਫਾਰਸੀ ਇਰਾਨ ਦੇਸ਼ ਦੀ ਭਾਸ਼ਾ ਹੈ। ਜਦੋਂ ਭਾਰਤ ਵਿੱਚ ਮੁਸਲਮਾਨਾਂ ਨੇ ਰਾਜ ਕਰਨਾ ਸ਼ੁਰੂ ਕੀਤਾ ਤਾਂ ਇਹ ਭਾਰਤ ਵਿੱਚ ਪ੍ਰਵੇਸ਼ ਕਰ ਗਈ। ਸਰਕਾਰੀ ਕੰਮ ਕਾਜ ਫਾਰਸੀ ਭਾਸ਼ਾ ਵਿੱਚ ਹੋਣ ਕਰਕੇ ਆਮ ਲੋਕਾਂ ਨੇ ਉੱਚ ਅਹੁਦੇ ਪ੍ਰਾਪਤ ਕਰਨ ਲਈ ਫਾਰਸੀ ਪੜਨੀ ਲਿਖਣੀ ਸ਼ੁਰੂ ਕਰ ਦਿੱਤੀ। ਪੰਜਾਬ ਵਿੱਚ ਰਾਜੇ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਵੀ ਫਾਰਸੀ ਪੰਜਾਬ ਦੀ ਰਾਜ ਭਾਸ਼ਾ ਸੀ। ਲੋਕ ਫਾਰਸੀ ਲਿਖਣ, ਪੜਨ ਅਤੇ ਬੋਲਣ ਵਿੱਚ ਫ਼ਖ਼ਰ ਸਮਝਦੇ ਸਨ। ਕਿਸੇ ਨੇ ਆਪਣੇ ਬੱਚੇ ਨੂੰ ਸਰਕਾਰੀ ਅਹੁਦਾ ਪ੍ਰਾਪਤ ਕਰਨ ਲਈ ਮਸੀਤ ਵਿੱਚ ਕਾਜ਼ੀ ਕੋਲੋਂ ਫਾਰਸੀ ਪੜਨ ਭੇਜ ਦਿੱਤਾ, ਜਿੱਥੇ ਉਹ ਦੂਜੇ ਮੁੰਡਿਆਂ ਨਾਲ ਪਾਣੀ ਨੂੰ ਆਬ ਆਖਣ ਲੱਗ ਪਿਆ। ਇੱਕ ਦਿਨ ਉਹ ਬਿਮਾਰ ਹੋ ਗਿਆ ਤੇ ਆਬ ਆਬ ਆਖਕੇ ਆਪਣੀ ਮਾਂ ਕੋਲੋਂ ਪਾਣੀ ਮੰਗਣ ਲੱਗਾ। ਅਨਪੜ ਹੋਣ ਕਾਰਨ ਉਹ ਪਾਣੀ ਮੰਗਦੇ ਬੱਚੇ ਦੀ ਗੱਲ ਸਮਝ ਨਾ ਸਕੀ। ਇੰਨੇ ਨੂੰ ਬੱਚੇ ਦੀ ਪਾਣੀ ਨਾ ਮਿਲਣ ਕਰਕੇ ਮੌਤ ਹੋ ਗਈ।

ਬਾਹਰੋਂ ਅਫਸੋਸ ਕਰਨ ਆਏ ਲੋਕਾਂ ਨੇ ਮੌਤ ਦਾ ਕਾਰਨ ਪੁੱਛਿਆ ਤਾਂ ਰੋਂਦੀ ਹੋਈ ਮਾਂ ਨੇ ਕਿਹਾ, ਬੀਮਾਰੀ ਦਾ ਤਾਂ ਮੈਨੂੰ ਪਤਾ ਨਹੀਂ, ਹੂੰਗਰਾਂ ਮਾਰਦਾ ਹੋਇਆ ਆਬ ਆਬ ਆਖੀ ਜਾਂਦਾ ਸੀ। ਪੜੇ ਲਿਖੇ ਇੱਕ ਪੁਰਸ਼ ਨੇ ਦੱਸਿਆ ਕਿ ਫਾਰਸੀ ਭਾਸ਼ਾ ਵਿੱਚ ਪਾਣੀ ਨੂੰ ਆਬ ਕਹਿੰਦੇ ਹਨ। ਇਹ ਸੁਣਕੇ ਉਹ ਬਹੁਤ ਪਛਤਾਈ ਤੇ ਕੂਕਣ ਲੱਗੀ:

ਆਬ ਆਬ ਕਰ ਮੋਇਓ ਬੱਚਾ, ਫਾਰਸੀਆਂ ਘਰ ਗਾਲੇ।
ਪਤਾ ਹੁੰਦਾ ਜੇ ਪਾਣੀ ਮੰਗਦਾ, ਦਿੰਦੀ ਭਰ ਭਰ ਪਿਆਲੇ।

ਜਿਹੜੇ ਲੋਕ ਆਪਣੀ ਮਾਤ ਭਾਸ਼ਾ ਨੂੰ ਨਾ ਅਪਣਾ ਕੇ ਦੂਜੀਆਂ ਭਾਸ਼ਾਵਾਂ ਦੀ ਵਰਤੋਂ ਕਰਦੇ ਹਨ, ਉਹਨਾਂ ਨੂੰ ਸੁਚੇਤ ਕਰਨ ਲਈ ਇਹ ਅਖਾਣ ਬੋਲਿਆ ਜਾਂਦਾ ਹੈ।

ਜਿੱਥੇ ਲੋਕ ਗੀਤ ਜਨ ਸਾਧਾਰਣ ਦੇ ਮਨੋਭਾਵ ਪ੍ਰਗਟਾਉਣ ਲਈ ਆਪਣਾ ਪ੍ਰਮੁੱਖ ਸਥਾਨ ਰੱਖਦੇ ਹਨ ਉੱਥੇ ਲੋਕ ਅਖਾਣ ਅਤੇ ਮੁਹਾਵਰੇ ਲੋਕਾਂ ਦੇ ਸਦੀਆਂ ਤੋਂ ਕਮਾਏ ਹੋਏ ਤਜਰਬੇ ਅਤੇ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਲੋਕਾਂ ਅੱਗੇ ਉਘਾੜ ਕੇ ਪੇਸ਼ ਕਰਦੇ ਹਨ। ਇਹ ਉਹ ਬੇਸ਼ਕੀਮਤੀ ਹੀਰੇ ਮੋਤੀਆਂ ਦੀਆਂ ਲੜੀਆਂ ਹਨ ਜਿਨਾਂ ਵਿੱਚ ਜੀਵਨ ਤੱਤ ਪਰੋਏ ਹੋਏ ਹਨ।

ਬਾਕੀ ਸਫ਼ਾ 31 'ਤੇ

# ਪੰਜਾਬੀ ਭਾਸ਼ਾ ਦੇ ਵਿਕਾਸ ਲਈ ਹਰ ਖੇਤਰ ਵਿਚ ਸਮੂਹਿਕ ਯਤਨ ਕੀਤੇ ਜਾਣ

**- ਗੁਰਪ੍ਰੀਤ ਸਿੰਘ**

ਦੁਨੀਆ ਵਿਚ ਭਾਸ਼ਾਵਾਂ ਸਬੰਧੀ ਹੋਏ ਸਰਵੇਖਣਾਂ ਦੇ ਆਧਾਰ 'ਤੇ ਇਹ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਕਈ ਭਾਸ਼ਾਵਾਂ ਜਲਦ ਹੀ ਲੁਪਤ ਹੋ ਜਾਣਗੀਆਂ। ਇਨਾਂ ਵਿਚ ਭਾਰਤ ਦੀਆਂ ਵੀ ਕਈ ਭਾਸ਼ਾਵਾਂ ਸ਼ਾਮਿਲ ਹਨ, ਜਿਨਾਂ ਵਿਚ ਪੰਜਾਬੀ ਵੀ ਹੈ। ਇਹ ਕਿਹਾ ਜਾ ਰਿਹਾ ਹੈ ਕਿ ਇਹ ਭਾਸ਼ਾਵਾਂ ਹੌਲੀ-ਹੌਲੀ ਹਾਸ਼ੀਏ 'ਤੇ ਜਾ ਰਹੀਆਂ ਹਨ। ਇਸ ਸਥਿਤੀ ਦੇ ਅਨੇਕਾਂ ਕਾਰਨ ਹਨ। ਬਹੁਤ ਸਾਰੇ ਕਾਰਨਾਂ ਲਈ ਮੂਲਵਾਸੀ ਤੇ ਸਰਕਾਰਾਂ ਜ਼ਿੰਮੇਵਾਰ ਹਨ। ਪੰਜਾਬੀਆਂ ਦੇ ਸੰਦਰਭ ਵਿਚ ਇਹ ਧਾਰਨਾ ਸੌ ਫ਼ੀਸਦੀ ਸੱਚ ਹੈ। ਪੰਜਾਬੀ ਲੋਕ ਆਪਣੀ ਭਾਸ਼ਾ, ਸੱਭਿਆਚਾਰ ਤੇ ਵਿਰਾਸਤ ਲਈ ਭਾਵੁਕ ਹਨ, ਚਿੰਤਾ ਕਰਦੇ ਹਨ ਪਰ ਚੇਤਨ ਤੇ ਗੰਭੀਰ ਨਹੀਂ। ਪੰਜਾਬ ਦੇ ਨਿੱਜੀ ਸਕੂਲਾਂ ਵਿਚ ਪੰਜਾਬੀ ਭਾਸ਼ਾ ਬੋਲਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਸਕੂਲਾਂ ਵਿਚ ਹੀ ਕਿਉਂ, ਘਰਾਂ ਵਿਚ ਵੀ ਅਸੀਂ ਬੱਚਿਆਂ ਦੇ ਅੰਗਰੇਜ਼ੀ ਬੋਲਣ 'ਤੇ ਮਾਣ ਮਹਿਸੂਸ ਕਰਦੇ ਹਾਂ। ਅੰਗਰੇਜ਼ੀ ਅੰਤਰਰਾਸ਼ਟਰੀ ਭਾਸ਼ਾ ਹੈ, ਸਿੱਖਣੀ ਚਾਹੀਦੀ ਹੈ ਕਿਉਂਕਿ ਅੱਜ ਇਸ ਤੋਂ ਬਿਨਾਂ ਗੁਜ਼ਾਰਾ ਨਹੀਂ ਪਰ ਇਸ ਨੂੰ ਸਿੱਖਦੇ ਸਿੱਖਦੇ ਅਸੀਂ ਪੰਜਾਬੀ ਨੂੰ ਵਿਸਾਰ ਦੇਈਏ ਜਾਂ ਬੋਲਣਾ ਹੀ ਛੱਡ ਦੇਈਏ, ਇਹ ਕਿਥੋਂ ਦੀ ਅਕਲਮੰਦੀ ਹੈ ? ਪੰਜਾਬੀ ਭਾਸ਼ਾ ਨੂੰ ਹਾਸ਼ੀਏ 'ਤੇ ਲੈ ਜਾਣ ਲਈ ਅਸੀਂ ਖ਼ੁਦ ਵੀ ਜ਼ਿੰਮੇਵਾਰ ਹਾਂ।

ਸਭ ਤੋਂ ਪਹਿਲਾਂ ਇਹ ਸਪੱਸ਼ਟ ਹੋਣਾ ਜ਼ਰੂਰੀ ਹੈ ਕਿ ਭਾਸ਼ਾ ਨਾ ਤਾਂ 'ਸਟੇਟਸ ਸਿੰਬਲ' ਹੈ ਤੇ ਨਾ ਹੀ ਇਹ ਮਨੁੱਖ ਦੀ ਬੁੱਧੀਮਤਾ ਜਾਂ ਨਾਲਾਇਕੀ ਦਾ ਮਾਪਦੰਡ ਹੈ। ਇਹ ਗੱਲ ਇਸ ਕਰਕੇ ਲਿਖਣੀ ਪੈ ਰਹੀ ਹੈ ਕਿ ਸਾਨੂੰ ਵਿਸ਼ੇਸ਼ ਕਰਕੇ ਪੰਜਾਬੀਆਂ ਨੂੰ ਭੁਲੇਖਾ ਪੈ ਗਿਆ ਹੈ ਕਿ ਅੰਗਰੇਜ਼ੀ ਬੋਲਣ ਵਾਲਾ ਵਿਅਕਤੀ ਬਹੁਤ ਬੁੱਧੀਮਾਨ ਹੈ ਤੇ ਪੰਜਾਬੀ ਬੋਲਣ ਵਾਲਾ ਨਾਲਾਇਕ ਤੇ ਗਵਾਰ। ਬੁੱਧੀਮਤਾ ਤੇ ਨਾਲਾਇਕੀ ਦਾ ਸਬੰਧ ਮਨੁੱਖ ਦੇ ਵਿਚਾਰਾਂ ਨਾਲ ਹੁੰਦਾ ਹੈ ਨਾ ਕਿ ਭਾਸ਼ਾ ਨਾਲ। ਵਿਚਾਰਾਂ ਨੂੰ ਸਹੀ ਢੰਗ ਨਾਲ ਮਨੁੱਖ ਉਸੇ ਭਾਸ਼ਾ ਵਿਚ ਪ੍ਰਗਟਾਅ ਜਾਂ ਸਮਝ ਸਕਦਾ ਹੈ ਜੋ ਉਸ ਦੇ ਜ਼ਿਹਨ ਵਿਚ ਰਚੀ ਵਸੀ ਹੁੰਦੀ ਹੈ। ਮਨੁੱਖ ਕੋਲ ਸਭ ਤੋਂ ਜ਼ਿਆਦਾ ਸ਼ਬਦਾਵਲੀ ਆਪਣੀ ਮਾਤ ਭਾਸ਼ਾ ਦੀ ਹੁੰਦੀ ਹੈ ਤੇ ਉਹ ਉਸ ਵਿਚ ਹੀ ਸਹਿਜ ਹੁੰਦਾ ਹੈ। ਇਸੇ ਲਈ ਦੁਨੀਆ ਭਰ ਦੇ ਵਿਦਵਾਨ ਇਸ ਗੱਲ 'ਤੇ ਸਹਿਮਤ ਹਨ ਕਿ ਬੱਚੇ ਨੂੰ ਮੁਢਲੀ ਸਿੱਖਿਆ ਉਸ ਦੀ ਮਾਤ ਭਾਸ਼ਾ ਵਿਚ ਦੇਣੀ ਚਾਹੀਦੀ ਹੈ।

ਇਸ ਵੇਲੇ ਪੰਜਾਬੀ ਜ਼ਬਾਨ ਤਾਂ ਬਚੀ ਹੈ ਪਰ ਭਾਸ਼ਾ ਸੰਕਟ ਵਿਚ ਹੈ। ਪਿੰਡਾਂ ਦੇ ਜਿਹੜੇ ਬੱਚੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੜਦੇ ਹਨ, ਉਨਾਂ ਨੂੰ ਪੰਜਾਬੀ ਬੋਲਣੀ ਤਾਂ ਆਉਂਦੀ ਹੈ ਪਰ ਲਿਖਣੀ ਨਹੀਂ ਆਉਂਦੀ। ਇਨਾਂ ਬੱਚਿਆਂ ਨੂੰ 'ਫਰਾਈਡੇ' 'ਸੈਟਰਡੈਅ' ਤਾਂ ਪਤਾ ਹੈ ਪਰ ਸ਼ੁੱਕਰਵਾਰ, ਸਨਿਚਰਵਾਰ ਦਾ ਨਹੀਂ। ਉਨਾਂ ਨੂੰ ਚੌਂਹਟ ਦਾ ਨਹੀਂ 'ਸਿਕਸਟੀ ਫੋਰ' ਦਾ ਪਤਾ ਹੈ। ਉਹ ਦੁੱਧ ਤੇ ਮੱਖਣ ਦੀ ਥਾਂ 'ਮਿਲਕ' ਤੇ 'ਬਟਰ' ਮੰਗਦੇ ਹਨ। ਇਹ ਸਭ ਤੋਂ ਚਿੰਤਾਜਨਕ ਗੱਲ ਹੈ। ਸਰਕਾਰੀ ਸਕੂਲਾਂ ਵਿਚ ਅੰਗਰਜ਼ੀ ਤੇ ਹਿੰਦੀ ਦੀ ਜੋ ਸਥਿਤੀ ਹੈ ਪਬਲਿਕ ਭਾਵ ਨਿੱਜੀ ਸਕੂਲਾਂ ਵਿਚ ਉਹ ਸਥਿਤੀ ਪੰਜਾਬੀ ਦੀ ਹੈ। ਇਨਾਂ ਸਕੂਲਾਂ ਵਿਚ ਮਾਧਿਅਮ ਅੰਗਰੇਜ਼ੀ ਹੋਣ ਕਾਰਨ ਬੱਚਿਆਂ ਨੂੰ ਅੰਗਰੇਜ਼ੀ ਬੋਲਣ ਦੀ ਹਦਾਇਤ ਹੁੰਦੀ ਹੈ ਤੇ ਅਧਿਆਪਕ ਵੀ ਆਮ ਤੌਰ 'ਤੇ ਅੰਗਰੇਜ਼ੀ ਵਿਚ ਹੀ ਗੱਲਬਾਤ ਕਰਦੇ ਹਨ। ਅਜਿਹੇ ਮਾਹੌਲ ਵਿਚ ਪੰਜਾਬੀ ਭਾਸ਼ਾ ਕਿਵੇਂ ਜ਼ਿੰਦਾ ਰਹਿ ਸਕਦੀ ਹੈ ?

ਮੈਂ ਮੁੰਬਈ ਅਤੇ ਕਲਕੱਤਾ ਦੇ ਬਾਜ਼ਾਰ ਦੇਖੇ ਹਨ। ਹਰ ਦੁਕਾਨ ਅਤੇ ਸ਼ੋਅ ਰੂਮ ਦਾ ਬੋਰਡ ਪਹਿਲਾਂ ਖੇਤਰੀ ਭਾਸ਼ਾ ਭਾਵ ਮਰਾਠੀ ਤੇ ਬੰਗਾਲੀ ਵਿਚ ਲਿਖਿਆ ਹੋਵੇਗਾ ਤੇ ਫਿਰ ਅੰਗਰੇਜ਼ੀ ਵਿਚ। ਇਕ ਸ਼ੋਅ ਰੂਮ ਦੇ ਮਾਲਕ ਨੇ ਪੁੱਛਣ 'ਤੇ ਦੱਸਿਆ ਕਿ ਜੇ ਬੋਰਡ ਮਾਤ ਭਾਸ਼ਾ ਵਿਚ ਨਾ ਲਿਖਿਆ ਹੋਵੇ ਤਾਂ ਸਾਡੇ ਇਥੇ ਲੋਕ ਇਕੱਠੇ ਹੋ ਕੇ ਆ ਜਾਂਦੇ ਹਨ। ਸਾਡੇ ਲਈ ਮਰਾਠੀ ਪਹਿਲਾਂ ਤੇ ਅੰਗਰੇਜ਼ੀ ਬਾਅਦ ਵਿਚ ਹੈ। ਪੰਜਾਬ ਵਿਚ ਮਾਲ ਤਾਂ ਛੱਡੋ ਆਮ ਦੁਕਾਨਾਂ ਦੇ ਬੋਰਡ ਵੀ ਅੰਗਰੇਜ਼ੀ ਵਿਚ ਲਿਖੇ ਹੋਏ ਹਨ। ਜੇ ਅਸੀਂ ਆਪਣੀ ਭਾਸ਼ਾ ਨੂੰ ਦੁਰਕਾਰਾਂਗੇ ਤਾਂ ਦੂਜਿਆਂ ਤੋਂ ਉਸ ਦੇ ਸਤਿਕਾਰ ਦੀ ਆਸ ਕਿਵੇਂ ਕਰ ਸਕਦੇ ਹਾਂ ? ਇਸ ਨੂੰ ਬਚਾਉਣਾ ਸਾਡਾ ਸਾਰਿਆਂ ਦਾ ਫਰਜ਼ ਹੈ ਨਾ ਕਿ ਕਿਸੇ ਇਕ ਬੰਦੇ ਜਾਂ ਇਕੱਲੀ ਸਰਕਾਰ ਦਾ।

ਪੰਜਾਬ ਦਾ ਸਭ ਤੋਂ ਵੱਡਾ ਮਾਲ ਇਸ ਵੇਲੇ ਮੁਹਾਲੀ ਵਿਚ ਹੈ। ਦੇਖ ਕੇ ਆਇਓ ਸੌ ਵਿਚੋਂ ਅਠੱਨਵੇਂ ਦੁਕਾਨਾਂ ਦੇ ਬੋਰਡ ਅੰਗਰੇਜ਼ੀ ਵਿਚ ਲਿਖੇ ਹੋਏ ਹਨ। ਉਥੇ ਜਾ ਕੇ ਮਹਿਸੂਸ ਹੁੰਦਾ ਹੈ ਜਿਵੇਂ ਇਹ ਪੰਜਾਬ ਦਾ ਨਹੀਂ ਕੋਈ ਵਿਦੇਸ਼ੀ ਮੁਲਕ ਦਾ ਮਾਲ ਹੈ। ਉਸ ਮਾਲ ਵਿਚ ਇਕ ਸ਼ੋਅ ਰੂਮ ਹੈ, ਜਿਸ ਦਾ ਨਾਂਅ ਅੰਗਰੇਜ਼ੀ ਦੇ ਨਾਲ-ਨਾਲ ਜਾਪਾਨੀ ਭਾਸ਼ਾ ਵਿਚ ਵੀ ਲਿਖਿਆ ਹੋਇਆ ਹੈ ਪਰ ਪੰਜਾਬੀ ਭਾਸ਼ਾ ਵਿਚ ਨਹੀਂ। ਮੈਂ ਸਟੋਰ ਦੇ ਮੈਨੇਜਰ ਨੂੰ ਪੁੱਛਿਆ ਕਿ ਪੰਜਾਬੀ ਭਾਸ਼ਾ ਵਿਚ ਕਿਉਂ ਨਹੀਂ ਲਿਖਿਆ ? ਤਾਂ ਉਹਦਾ ਜਵਾਬ ਸੀ ਕਿ ਸਾਨੂੰ ਪੰਜਾਬੀ ਭਾਸ਼ਾ ਵਿਚ ਲਿਖਣ ਲਈ ਕੋਈ ਹਦਾਇਤ ਨਹੀਂ ਹੈ।

ਬਹੁਤੇ ਪੰਜਾਬੀ ਸ਼ਬਦ ਸਾਡੀ ਬੋਲਚਾਲ ਵਿਚੋਂ ਮਨਫ਼ੀ ਹੁੰਦੇ ਜਾ ਰਹੇ ਹਨ। ਧੰਨਵਾਦ ਤੇ ਸ਼ੁਕਰੀਆ ਦੀ ਥਾਂ 'ਥੈਂਕਸ', ਮੁਆਫ਼ ਕਰਨਾ ਦੀ ਥਾਂ 'ਸੌਰੀ', ਸ਼ਕੰਜਵੀ ਦੀ ਥਾਂ 'ਲੈਮਨ', ਜੀ ਆਇਆਂ ਨੂੰ ਦੀ ਥਾਂ 'ਵੈੱਲਕਮ', ਕ੍ਰਿਪਾ ਕਰਕੇ ਦੀ ਥਾਂ 'ਪਲੀਜ਼', ਠੀਕ ਐ ਦੀ ਥਾਂ 'ਓ ਕੇ', ਚਟਣੀ ਦੀ ਥਾਂ 'ਸੌਸ', ਮੱਖਣ ਦੀ ਥਾਂ 'ਬਟਰ' ਆ ਗਿਆ ਹੈ। ਉਦਾਸ ਹਾਂ ਤਾਂ 'ਫੀਲਿੰਗ ਲੋਅ', ਖ਼ੁਸ਼ ਹਾਂ ਤਾਂ 'ਫੀਲਿੰਗ ਹਾਈ'। ਮਾਂ, ਮਾਤਾ, ਬੀਬੀ, ਬੇਬੇ, ਪਾਪਾ, ਭਾਪਾ, ਪਿਤਾ ਜੀ, ਬਾਪੂ ਤੇ ਭਾਈਆ ਬੋਲਦਿਆਂ ਸਾਨੂੰ ਸ਼ਰਮ ਆਉਂਦੀ ਹੈ। ਚਾਚੀ, ਮਾਸੀ, ਭੂਆ, ਤਾਈ ਇਕ ਸ਼ਬਦ 'ਆਂਟ' ਨੇ ਖਾ ਲਏ ਹਨ। ਇਨਾਂ ਸ਼ਬਦਾਂ ਨੂੰ ਅਸੀਂ ਆਪਣੀਆਂ ਸਹੂਲਤਾਂ ਲਈ ਬੋਲਦੇ ਹਾਂ। ਜੇ ਕੋਈ ਪੰਜਾਬੀ ਵਿਚ ਸ਼ੁਕਰੀਆ ਜਾਂ ਮਿਹਰਬਾਨੀ ਕਹਿੰਦਾ ਹੈ ਤਾਂ ਸਾਨੂੰ ਅਜੀਬ ਲਗਦਾ ਹੈ। ਹਾਂ ਜੇਕਰ ਕੋਈ 'ਥੈਂਕਸ' ਜਾਂ 'ਥੈਂਕਸ ਏ ਲੌਟ' ਕਹੇਗਾ ਤਾਂ ਸਾਨੂੰ ਉਹ ਜ਼ਿਆਦਾ ਸੱਭਿਅਕ ਲੱਗੇਗਾ। ਦੇਖਣ ਨੂੰ ਤਾਂ ਇਹ ਮਾਮੂਲੀ ਗੱਲ ਲਗਦੀ ਹੈ ਪਰ ਅਸਲੀਅਤ ਇਹ ਹੈ ਕਿ ਅੰਗਰੇਜ਼ੀ ਸਾਡੇ ਆਮ ਵਿਹਾਰ ਦਾ ਹਿੱਸਾ ਬਣ ਗਈ ਹੈ ਜਦਕਿ ਸਾਡੇ ਵਿਹਾਰ ਵਿਚ ਤਾਂ ਪੰਜਾਬੀ ਹੋਣੀ ਚਾਹੀਦੀ ਹੈ। ਸਮੱਸਿਆ ਇਹ ਨਹੀਂ ਕਿ ਅੰਗਰੇਜ਼ੀ ਦੇ ਸ਼ਬਦ ਬੋਲਣੇ ਨਹੀਂ ਚਾਹੀਦੇ, ਜਿੱਥੇ ਲੋੜ ਹੈ ਜ਼ਰੂਰ ਬੋਲੋ ਪਰ ਆਪਣੇ ਲੋਕਾਂ ਵਿਚ ਤੇ ਆਪਣੇ ਲੋਕਾਂ ਨਾਲ ਸਾਨੂੰ ਪੰਜਾਬੀ ਵਿਚ ਹੀ ਗੱਲ ਕਰਨੀ ਚਾਹੀਦੀ ਹੈ। ਚੀਨੀ ਲੋਕ ਨਿੱਜੀ ਗੱਲਬਾਤ, ਸਮਾਜਿਕ ਅਦਾਨ-ਪ੍ਰਦਾਨ, ਪੱਤਰ-ਵਿਹਾਰ, ਮੋਬਾਈਲ ਤੇ ਈ-ਮੇਲ ਵਿਚ ਕੇਵਲ ਆਪਣੀ ਭਾਸ਼ਾ ਦੀ ਵਰਤੋਂ ਕਰਦੇ ਹਨ। ਯੂਰਪੀ ਦੇਸ਼ ਆਪਣੀਆਂ ਭਾਸ਼ਾਵਾਂ ਵਿਚ ਕੰਮ ਕਰਦੇ ਹਨ। ਏਸ਼ੀਆ ਦੇ ਬਹੁਤੇ ਦੇਸ਼ ਆਪਣੀਆਂ ਭਾਸ਼ਾਵਾਂ ਵਿਚ ਕੰਮ ਕਾਜ ਕਰਦੇ ਹਨ। ਅੰਗਰੇਜ਼ੀ ਭਾਰਤੀਆਂ ਤੇ ਵਿਸ਼ੇਸ਼ ਕਰ ਕੇ ਪੰਜਾਬੀਆਂ ਲਈ ਟੌਹਰ ਟਪੱਕੇ ਦਾ ਚਿੰਨ ਬਣ ਗਈ ਹੈ। ਇਹ ਵਰਤਾਰਾ ਸਾਨੂੰ ਸਾਡੇ ਮੂਲ ਤੋਂ ਦੂਰ ਲਿਜਾ ਰਿਹਾ ਹੈ।

ਪੰਜਾਬ ਨਾਲੋਂ ਵੱਧ ਪੰਜਾਬੀ ਏਸ ਵੇਲੇ ਕੈਨੇਡਾ ਵਿਚ ਲਿਖੀ ਦਿਖਾਈ ਦਿੰਦੀ ਹੈ। ਕੈਨੇਡਾ ਦੇ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀਆਂ ਕਈ ਦੁਕਾਨਾਂ ਵਿਚ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿਚ ਲਿਖੇ ਬੋਰਡ ਮਿਲਦੇ ਹਨ। ਇਸ ਦਾ ਮੰਤਵ ਇਹ ਹੈ ਕਿ ਉਥੇ ਵੱਸਦੇ ਪੰਜਾਬੀ ਲੋਕਾਂ ਨੂੰ ਚੀਜ਼ਾਂ ਖਰੀਦਣ ਵੇਲੇ ਭਾਸ਼ਾ ਕਰਕੇ ਕੋਈ ਸਮੱਸਿਆ ਨਾ ਆਵੇ। ਬਰੈਂਪਟਨ ਸ਼ਹਿਰ ਦੀ ਇਕ ਬੈਂਕ ਦੇ ਬਾਹਰ ਪੰਜਾਬੀ ਵਿਚ ਲਿਖਿਆ ਹੋਇਆ ਹੈ 'ਬੈਂਕ ਸੱਤੇ ਦਿਨ ਖੁੱਲਾ ਹੈ।' ਮੇਰੇ ਦੋਸਤ ਨੇ ਪੁੱਛਣ 'ਤੇ ਦੱਸਿਆ ਕਿ ਇਥੇ ਪੰਜਾਬੀ ਵਸੋਂ ਸਭ ਤੋਂ ਵੱਧ ਹੈ ਤੇ ਬਹੁਤੇ ਪੰਜਾਬੀ ਘੱਟ ਪੜੇ ਲਿਖੇ ਹੁੰਦੇ ਹਨ। ਉਹ ਅੰਗਰੇਜ਼ੀ ਵਿਚ ਗੱਲਬਾਤ ਨਹੀਂ ਕਰ ਸਕਦੇ। ਪੱਛਮੀ ਦੇਸ਼ ਹਾਲਾਂ ਕਿ ਪੰਜਾਬੀ ਦੀ ਸਹੂਲਤ ਰਾਹੀਂ ਆਪਣੀ ਸਿਰਦਰਦੀ ਘਟਾਉਂਦੇ ਹਨ ਪਰੰਤੂ ਉਹ ਇਹ ਵੀ ਸਮਝਦੇ ਹਨ ਕਿ ਕਿਸੇ ਭਾਈਚਾਰੇ ਨੂੰ ਖ਼ੁਸ਼ ਕਰਨ ਤੇ ਗੱਲ ਛੇਤੀ ਸਮਝਣ ਸਮਝਾਉਣ ਵਿਚ ਮਾਤ ਭਾਸ਼ਾ ਸਹਾਇਕ ਸਿੱਧ ਹੋ ਸਕਦੀ ਹੈ। ਪੰਜਾਬ ਦੀ ਵਸੋਂ ਦਾ ਵੱਡਾ ਹਿੱਸਾ ਪਿੰਡਾਂ ਵਿਚ ਵੱਸਦਾ ਹੈ। ਪਿੰਡਾਂ ਦੇ ਦਰਮਿਆਨੇ ਤੇ ਨਿਮਨ ਦਰਜੇ ਦੇ ਲੋਕ ਜਾਂ ਤਾਂ ਅਨਪੜ ਹਨ ਤੇ ਜਾਂ ਫਿਰ ਮਿਡਲ ਸਕੂਲ ਹੀ ਪਾਸ ਹੁੰਦੇ ਹਨ। ਜ਼ਿਆਦਾਤਰ ਪੰਜਾਬੀ ਭਾਸ਼ਾ ਹੀ ਪੜ ਲਿਖ ਸਕਦੇ ਹਨ। ਇਹ ਲੋਕ ਬੈਂਕਾਂ ਵਿਚ ਜਾ ਕੇ ਡੌਰ ਭੌਰ ਹੋਏ ਖੜੇ ਹੁੰਦੇ ਹਨ। ਉਨਾਂ ਨੂੰ ਕੁਝ ਪਤਾ ਨਹੀਂ ਲੱਗਦਾ ਕਿ ਕਿਥੇ ਤੇ ਕਿਹੜੀ ਖਿੜਕੀ 'ਤੇ ਜਾ ਕੇ ਕੀ ਕਰਵਾਉਣਾ ਹੈ ? ਉਹ ਆਪਣੇ ਦੇਸ਼ ਤੇ ਆਪਣੇ ਸ਼ਹਿਰ ਵਿਚ ਹੀ ਓਪਰਿਆਂ ਵਾਂਗ ਮਹਿਸੂਸ ਕਰਦੇ ਹਨ। ਇਸ ਦਾ ਮੁੱਖ ਕਾਰਨ ਪੰਜਾਬੀ ਭਾਸ਼ਾ ਵਿਚ ਹਦਾਇਤਾਂ ਦਾ ਨਾ ਲਿਖਿਆ ਹੋਣਾ ਹੈ।

ਬਾਕੀ ਸਫ਼ਾ 32 'ਤੇ

# ਪੰਥਕ ਯੋਧਿਆਂ ਦੀ ਦਾਸਤਾਨ - ਸਾਕਾ ਨਨਕਾਣਾ ਸਾਹਿਬ

**- ਤੇਜ ਪ੍ਰਤਾਪ ਸਿੰਘ**





ਅੰਗਰੇਜ਼ ਹਕੂਮਤ ਦੌਰਾਨ ਗੁਰਦੁਆਰਿਆਂ ਦਾ ਪ੍ਰਬੰਧ ਮਹੰਤ ਚਲਾਉਂਦੇ ਸਨ। ਗੁਰਦੁਆਰਾ ਨਨਕਾਣਾ ਸਾਹਿਬ 'ਤੇ ਮਹੰਤ ਨਰਾਇਣ ਦਾਸ ਦਾ ਕਬਜ਼ਾ ਸੀ। ਉਸ ਵੱਲੋਂ ਗੁਰਦੁਆਰੇ ਵਿੱਚ ਨਸ਼ੇ ਦਾ ਪ੍ਰਵਾਹ, ਅਚਾਰਹੀਣਤਾ ਵਾਲੇ ਸਾਰੇ ਕੰਮ ਕੀਤੇ ਜਾ ਰਹੇ ਸਨ। ਗੁਰਦੁਆਰੇ ਵਿੱਚ ਦਰਸ਼ਨ ਕਰਨ ਆਈਆਂ ਔਰਤਾਂ ਤੇ ਨੌਜਵਾਨ ਲੜਕੀਆਂ ਦੇ ਅਗਵਾ ਦੀਆਂ ਘਟਨਾਵਾਂ ਵੀ ਵਾਪਰਨ ਲੱਗੀਆਂ ਸਨ। ਮਹੰਤ ਵੱਲੋਂ ਅਜਿਹੀਆਂ ਕੁਰੀਤੀਆਂ ਲੁਕ ਛਿਪ ਕੇ ਨਹੀਂ ਸਗੋਂ ਖੁੱਲੇਆਮ ਕੀਤੀਆਂ ਜਾਣ ਲੱਗੀਆਂ ਸਨ, ਜਿਸ ਲਈ ਉਸ ਨੇ ਬਦਮਾਸ਼ਾਂ ਦੀ ਵੱਡੀ ਟੋਲੀ ਵੀ ਪਾਲੀ ਹੋਈ ਸੀ। ਸਿੱਖ ਆਗੂਆਂ, ਉਸ ਵੇਲੇ ਦੇ ਸਿੱਖ ਅਖ਼ਬਾਰਾਂ ਤੇ ਸਭਾਵਾਂ ਨੇ ਮਹੰਤ ਖ਼ਿਲਾਫ਼ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਸੀ। ਉਨਾਂ ਨੇ ਗੁਰਦੁਆਰੇ ਦਾ ਪ੍ਰਬੰਧ ਮਹੰਤ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਦੀ ਮੰਗ ਕੀਤੀ ਪਰ ਮਹੰਤ ਦੇ ਅੰਗਰੇਜ਼ ਹਕੂਮਤ ਦੇ ਹਮਾਇਤੀ ਹੋਣ ਕਾਰਨ ਹਕੂਮਤ ਨੇ ਇਸ ਆਵਾਜ਼ ਨੂੰ ਅਣਗੌਲਿਆਂ ਕਰ ਦਿੱਤਾ।

ਸਿੱਖਾਂ ਨੇ 1921 ਦੀ 23 ਜਨਵਰੀ ਅਤੇ 6 ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਚ ਸਮਾਗਮ ਕੀਤੇ। ਇਨਾਂ ਸਮਾਗਮਾਂ ਵਿੱਚ ਮਹੰਤ ਨਰਾਇਣ ਦਾਸ ਨੂੰ ਚਿੱਠੀ ਲਿਖ ਕੇ ਗੁਰਦੁਆਰਾ ਸਾਹਿਬ ਵਿੱਚ ਕੀਤੇ ਜਾ ਰਹੇ ਸਾਰੇ ਕੁਕਰਮਾਂ ਤੋਂ ਹਟਣ ਅਤੇ ਸੁਧਰਨ ਦੀ ਤਾੜਨਾ ਕੀਤੀ ਗਈ। ਇਸ ਦੇ ਡਰੋਂ ਮਹੰਤ ਨੇ ਬਦਮਾਸ਼ਾਂ ਦੀ ਗਿਣਤੀ ਵਧਾਉਣੀ ਸ਼ੁਰੂ ਕਰ ਦਿੱਤੀ। ਸਿੱਖ ਆਗੂਆਂ ਭਾਈ ਲਛਮਣ ਸਿੰਘ, ਭਾਈ ਤੇਜਾ ਸਿੰਘ, ਭਾਈ ਕਰਤਾਰ ਸਿੰਘ ਝੱਬਰ ਆਦਿ ਵੱਲੋਂ ਮਤਾ ਪਾਇਆ ਗਿਆ ਕਿ ਚੁੱਪ ਚੁਪੀਤੇ ਜਥੇ ਲੈ ਕੇ ਗੁਰਦੁਆਰੇ ਪਹੁੰਚਿਆ ਜਾਵੇ ਅਤੇ ਮਹੰਤ ਕੋਲੋਂ ਗੁਰਦੁਆਰੇ ਦਾ ਪ੍ਰਬੰਧ ਲਿਆ ਜਾਵੇ। ਉਲੀਕੇ ਪ੍ਰੋਗਰਾਮ ਅਨੁਸਾਰ ਵੱਖ-ਵੱਖ ਥਾਵਾਂ ਤੋਂ ਜਥੇ 19 ਫਰਵਰੀ ਨੂੰ ਗੁਰਦੁਆਰਾ ਨਨਕਾਣਾ ਸਾਹਿਬ ਵੱਲ ਤੁਰ ਪਏ। ਇਸ ਦੀ ਭਿਣਕ ਮਹੰਤ ਨਰਾਇਣ ਦਾਸ ਨੂੰ ਪੈ ਗਈ। ਉਸ ਨੇ ਵੱਡੀ ਗਿਣਤੀ ਵਿੱਚ ਬਦਮਾਸ਼ ਬੁਲਾ ਲਏ ਅਤੇ ਭਾਰੀ ਮਾਤਰਾ ਵਿੱਚ ਅਸਲਾ ਅਤੇ ਹਥਿਆਰ ਇਕੱਠੇ ਕਰ ਲਏ। ਸਿੱਖ ਆਗੂਆਂ ਨੇ ਇਸ ਟਕਰਾਅ ਦੀ ਸਥਿਤੀ ਨੂੰ ਭਾਂਪਦਿਆਂ ਉਲੀਕੇ ਪ੍ਰੋਗਰਾਮ ਨੂੰ ਅੱਗੇ ਪਾਉਣ ਦਾ ਫ਼ੈਸਲਾ ਲਿਆ। ਉਨਾਂ ਨੇ ਸਾਰੇ ਜਥਿਆਂ ਨੂੰ ਰੋਕਣ ਲਈ ਸੁਨੇਹੇ ਦੇਣ ਲਈ ਵੱਖ ਵੱਖ ਪਿੰਡਾਂ ਵਿੱਚ ਸਿੰਘਾਂ ਨੂੰ ਭੇਜਿਆ ਪਰ ਸੁਨੇਹਾ ਪਹੁੰਚਣ ਤੋਂ ਪਹਿਲਾਂ ਹੀ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਾਲਾ ਜਥਾ ਅਰਦਾਸਾ ਸੋਧ ਕੇ ਚਾਲੇ ਪਾ ਚੁੱਕਾ ਸੀ। ਇਹ ਸ਼ਾਂਤਮਈ ਸਿੰਘਾਂ ਦਾ ਜਥਾ ਵੱਖ ਵੱਖ ਪਿੰਡਾਂ ਵਿੱਚੋਂ ਲੰਘਦਾ ਹੋਇਆ 20 ਫਰਵਰੀ ਨੂੰ ਸਵੇਰੇ ਗੁਰਦੁਆਰਾ ਨਨਕਾਣਾ ਸਾਹਿਬ ਪਹੁੰਚ ਗਿਆ।

ਗੁਰਦੁਆਰੇ ਵਿੱਚ ਭਾਈ ਸਾਹਿਬ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਬੈਠੇ ਸਨ ਤੇ ਗੁਰਬਾਣੀ ਦਾ ਪ੍ਰਵਾਹ ਚੱਲ ਰਿਹਾ ਸੀ। ਸੰਗਤਾਂ ਸ਼ਾਂਤਮਈ ਢੰਗ ਨਾਲ ਬੈਠ ਕੇ ਗੁਰਬਾਣੀ ਪੜ-ਸੁਣ ਰਹੀਆਂ ਸਨ ਕਿ ਮਹੰਤ ਦੇ ਹਥਿਆਰਬੰਦ ਗੁੰਡਿਆਂ ਨੇ ਹੱਲਾ ਬੋਲ ਦਿੱਤਾ। ਗੰਡਾਸੇ, ਕਿਰਪਾਨਾਂ, ਛੁਰਿਆਂ, ਬਰਛਿਆਂ ਤੇ ਬੰਦੂਕਾਂ ਆਦਿ ਨਾਲ ਤਿਆਰੀ ਕਰ ਕੇ ਆਏ ਬਦਮਾਸ਼ਾਂ ਨੇ ਨਿਹੱਥੇ ਅਤੇ ਸ਼ਾਂਤਮਈ ਢੰਗ ਨਾਲ ਗੁਰਬਾਣੀ ਪੜ ਰਹੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਕੀਤੀ ਗਈ। ਜ਼ਖ਼ਮੀ ਸਿੰਘਾਂ ਉੱਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਗਈ। 12 ਸਾਲਾਂ ਦੇ ਬੱਚੇ ਨੂੰ ਵੀ ਅੱਗ ਵਿੱਚ ਸੁੱਟ ਦਿੱਤਾ ਗਿਆ। ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਜ਼ਖ਼ਮੀ ਹਾਲਤ ਵਿੱਚ ਜੰਡ ਨਾਲ ਬੰਨ ਕੇ ਜਿਉਂਦੇ ਸਾੜ ਦਿੱਤਾ ਗਿਆ। ਜਥੇ ਦੇ ਪਿੱਛੇ ਰਹਿ ਗਏ ਭਾਈ ਲਛਮਣ ਸਿੰਘ ਦੇ ਭਤੀਜੇ ਭਾਈ ਈਸ਼ਰ ਸਿੰਘ ਨੇ ਗੁਰਦੁਆਰੇ ਦੇ ਬਾਹਰੋਂ ਹੀ ਇਸ ਵਰਤਾਰੇ ਨੂੰ ਦੇਖਦਿਆਂ ਆਪਣੀ ਘੋੜੀ ਨੂੰ ਪਿੰਡ ਵੱਲ ਖਾਲੀ ਤੋਰ ਦਿੱਤਾ ਤੇ ਗੁਰਦੁਆਰੇ ਵਿੱਚ ਪ੍ਰਵੇਸ਼ ਕਰ ਕੇ ਜਥੇ ਵਿੱਚ ਜਾ ਸ਼ਾਮਲ ਹੋਏ ਅਤੇ ਸ਼ਹੀਦੀ ਪ੍ਰਾਪਤ ਕੀਤੀ।

ਸਿਰਲੱਥ ਯੋਧਿਆਂ ਵੱਲੋਂ ਬਾਬਾ ਦੀਪ ਸਿੰਘ ਦੀਆਂ ਪੈੜਾਂ ਅਤੇ ਸੋਧੀ ਗਈ ਅਰਦਾਸ ਦੀ ਮਹੱਤਤਾ 'ਤੇ ਚਲਦਿਆਂ ਗੁਰਦੁਆਰੇ ਦੀ ਪਵਿੱਤਰਤਾ ਦੀ ਬਹਾਲੀ ਲਈ ਦਿੱਤੀ ਸ਼ਹਾਦਤ ਨੇ ਅੰਗਰੇਜ਼ ਹਕੂਮਤ ਨੂੰ ਹਿਲਾ ਕੇ ਰੱਖ ਦਿੱਤਾ। ਇਸ ਸ਼ਹਾਦਤ ਪਿੱਛੋਂ ਸਿੱਖ ਸੰਗਤਾਂ ਦੇ ਰੋਹ ਨੂੰ ਦੇਖਦਿਆਂ ਹਕੂਮਤ ਨੇ ਮਹੰਤ ਖ਼ਿਲਾਫ਼ ਕੇਸ ਦਰਜ ਕਰ ਲਿਆ ਅਤੇ ਗੁਰਦੁਆਰੇ ਦੀਆਂ ਚਾਬੀਆਂ ਸਿੱਖ ਆਗੂਆਂ ਦੇ ਹਵਾਲੇ ਕਰ ਦਿੱਤੀਆਂ। ਮਹੰਤ ਨਰਾਇਣ ਦਾਸ ਨੂੰ ਕਾਲੇ ਪਾਣੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਸਾਕਾ ਨਨਕਾਣਾ ਸਾਹਿਬ ਨੂੰ ਬੀਤਿਆਂ ਭਾਵੇਂ ਕਈ ਦਹਾਕੇ ਬੀਤ ਗਏ ਹਨ ਪਰ ਹੁਣ ਵੀ ਜਦੋਂ ਕਿਧਰੇ ਹਕੂਮਤਾਂ ਵੱਲੋਂ ਗੁਰਧਾਮਾਂ ਦੀ ਆਜ਼ਾਦੀ ਅਤੇ ਧਰਮ ਸੰਕਟ ਲਈ ਸ਼ਾਂਤਮਈ ਢੰਗ ਨਾਲ ਰੋਸ ਵਿੱਚ ਬੈਠੀਆਂ ਸੰਗਤਾਂ 'ਤੇ ਹਮਲਾ ਕੀਤਾ ਜਾਂਦਾ ਹੈ ਤਾਂ ਇਹ ਜ਼ਖ਼ਮ ਫਿਰ ਤਾਜ਼ਾ ਹੋ ਜਾਂਦੇ ਹਨ। ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਉਨਾਂ ਦੇ ਪਰਿਵਾਰਾਂ ਤੇ ਸੰਗਤਾਂ ਵੱਲੋਂ ਥਾਂ-ਥਾਂ ਸ਼ਹੀਦੀ ਸਮਾਗਮ ਕਰਵਾਏ ਜਾ ਰਹੇ ਹਨ ਪਰ ਕਿਸੇ ਵੀ ਸਰਕਾਰ ਨੇ ਇਨਾਂ ਸ਼ਹੀਦਾਂ ਦੀ ਯਾਦਗਾਰ ਬਣਾਉਣ ਤੇ ਰਾਜ ਪੱਧਰੀ ਸਮਾਗਮ ਕਰਵਾਉਣ ਨੂੰ ਕੋਈ ਤਰਜੀਹ ਨਹੀਂ ਦਿੱਤੀ।

# ਬਹਾਦਰ ਸਿੱਖ ਜਰਨੈਲ: ਸਰਦਾਰ ਜੋਧ ਸਿੰਘ ਰਾਮਗੜ੍ਹੀਆ

**- ਬਿਕਰਮਜੀਤ ਸਿੰਘ ਜੀਤ**

ਸਿੱਖ ਮਿਸਲ ਕਾਲ ਦੌਰਾਨ 'ਰਾਮਗੜ੍ਹੀਆ' ਮਿਸਲ ਦੇ ਜਥੇਦਾਰ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ 'ਦਲ ਖਾਲਸਾ' ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਉਂਦਿਆਂ ਜਿੱਥੇ ਕਾਂਗੜੇ ਦੇ ਪਹਾੜੀ ਰਾਜਿਆਂ ਤੋਂ ਖਿਰਾਜ ਵਸੂਲੀ ਕੀਤੀ, ਉੱਥੇ ਹੋਰਾਂ ਮਿਸਲਦਾਰਾਂ ਨਾਲ ਮਿਲ ਕੇ ਅਹਿਮਦਸ਼ਾਹ ਦੁਰਾਨੀ ਨਾਲ ਕਈ ਲੜਾਈਆਂ ਲੜੀਆਂ ਅਤੇ ਹੋਰ ਅਨੇਕਾਂ ਕਾਰਨਾਮੇ ਕੀਤੇ, ਜਿਨਾਂ ਦਾ ਆਪਣਾ ਵੱਖਰਾ ਮਾਣਮੱਤਾ ਇਤਿਹਾਸ ਹੈ।

1803 ਈਸਵੀ ਵਿੱਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਦੇਹਾਂਤ ਪਿੱਛੋਂ ਉਨਾਂ ਦੇ ਦੋ ਪੁੱਤਰਾਂ, ਸਰਦਾਰ ਜੋਧ ਸਿੰਘ ਤੇ ਸਰਦਾਰ ਵੀਰ ਸਿੰਘ ਵਿੱਚੋਂ ਵੱਡੇ ਪੁੱਤਰ ਸਰਦਾਰ ਜੋਧ ਸਿੰਘ ਰਾਮਗੜ੍ਹੀਆ (ਜਿਨਾਂ ਦਾ ਜਨਮ 1757 ਈਸਵੀ ਨੂੰ ਹੋਇਆ ਸੀ) ਮਿਸਲ ਦੇ ਜਥੇਦਾਰ ਬਣੇ। ਸਰਦਾਰ ਜੋਧ ਸਿੰਘ ਵੀ ਆਪਣੇ ਪਿਤਾ ਵਾਂਗ ਬਹੁਤ ਬਹਾਦਰ, ਦਲੇਰ, ਦੂਰ-ਅੰਦੇਸ਼ੀ ਅਤੇ ਸਿਆਣੇ ਯੋਧੇ ਸਨ। ਉਨਾਂ ਨੇ ਆਪਣੇ ਪਿਤਾ ਦੀ ਜਗਾ ਸੰਭਾਲਦਿਆਂ ਹੀ ਗੜ੍ਹੋਂ ਮਾਲਾ, ਭੰਗਾ ਤੇ ਹੁਸ਼ਿਆਰਪੁਰ ਆਦਿ ਪਰਗਣਿਆਂ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਇਸ ਤੋਂ ਇਲਾਵਾ ਉਨਾਂ ਨੇ ਪਟਿਆਲੇ ਦੇ ਰਾਜਾ ਅਮਰ ਸਿੰਘ ਦੀ ਵੀ ਕਈ ਲੜਾਈਆਂ ਵਿੱਚ ਮਦਦ ਕੀਤੀ।

ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੀ ਬਹਾਦਰੀ, ਦਲੇਰੀ ਅਤੇ ਸਿਆਣਪ ਨੂੰ ਵੇਖਦਿਆਂ ਸਰਦਾਰ ਜੋਧ ਸਿੰਘ ਨਾਲ ਮਿੱਤਰਤਾ ਗੰਢਣ ਲਈ ਵਿਚਾਰ ਬਣਾਇਆ। ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਲਿਖਦੇ ਹਨ, 'ਸਰਕਾਰ ਨੇ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਦੇ ਵਰਿਆਮਤਾ ਦੇ ਕਾਰਨਾਮਿਆਂ ਬਾਰੇ ਬਹੁਤ ਕੁਝ ਸੁਣਿਆ ਸੀ। 1803 ਵਿੱਚ ਜਦ ਖਾਲਸਾ ਰਾਜ ਦੀ ਇਮਾਰਤ ਅਜੇ ਨੀਹਾਂ ਵਿੱਚੋਂ ਨਿਕਲੀ ਹੀ ਸੀ, ਇਸ ਨੂੰ ਮਜ਼ਬੂਤ ਬਣਾਇਆ ਅਤੇ ਸੁਰੱਖਿਅਤ ਬਣਾਉਣ ਲਈ ਸਰਦਾਰ ਜੋਧ ਸਿੰਘ ਵਰਗੇ ਕਈ ਜੋਧਿਆਂ ਦੀ ਸਹਾਇਤਾ ਤੇ ਕੁਰਬਾਨੀਆਂ ਦੀ ਲੋੜ ਸੀ, ਜੋ ਸ਼ੇਰ-ਏ-ਪੰਜਾਬ ਨੇ ਇਸ ਬਾਰੇ ਸ੍ਰੀ ਬਾਬਾ ਸਾਹਿਬ ਸਿੰਘ ਨੂੰ ਆਪਣੇ ਵਿਚਾਰ ਦੱਸੇ।'

ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਦੀ ਸਹਾਇਤਾ ਨਾਲ 'ਰਾਮਗੜ੍ਹੀਆ ਮਿਸਲ' ਵੱਲ ਦੋਸਤੀ ਦਾ ਹੱਥ ਅੱਗੇ ਵਧਾਇਆ। ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ ਦੇ ਸਾਬਕਾ ਰਿਸਰਚ ਸਕਾਲਰ ਕਿਰਪਾਲ ਸਿੰਘ ਆਪਣੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ ਜੀਵਨ ਅਤੇ ਘਾਲਣਾ' ਵਿੱਚ ਅੰਗਰੇਜ਼ ਲਿਖਾਰੀ ਸਰ ਲੈਪਲ ਗ੍ਰਿਫਨ ਦੇ ਹਵਾਲੇ ਨਾਲ ਲਿਖਦੇ ਹਨ, "ਮਹਾਰਾਜਾ ਰਣਜੀਤ ਸਿੰਘ ਨੇ 'ਰਾਮਗੜ੍ਹੀਆ ਮਿਸਲ' ਨਾਲ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਆਪਣੇ ਹੱਥ ਦਾ ਪੰਜਾ ਕੇਸਰ ਨਾਲ ਰੰਗ ਕੇ ਮਿੱਤਰਤਾ ਦੇ ਪਰਚੇ 'ਤੇ ਮੋਹਰ ਲਾਈ।' ਇਸ ਤਰਾਂ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਜੋਧ ਸਿੰਘ ਦੀ ਅਗਵਾਈ ਵਾਲੀ 'ਰਾਮਗੜ੍ਹੀਆ ਮਿਸਲ' ਨੂੰ ਆਪਣੇ ਨਾਲ ਰਲਾ ਕੇ ਆਪਣੀ ਰਾਜਨੀਤਿਕ ਸਥਿਤੀ ਨੂੰ ਹੋਰ ਮਜ਼ਬੂਤ ਕਰ ਲਿਆ।"



ਮਹਾਰਾਜਾ ਰਣਜੀਤ ਸਿੰਘ ਨੇ ਜਦ ਲਾਹੌਰ ਤੋਂ ਬਾਅਦ ਸਿੱਖਾਂ ਦੀ ਧਾਰਮਿਕ ਅਤੇ ਅਧਿਆਤਮਿਕ ਰਾਜਧਾਨੀ ਅੰਮ੍ਰਿਤਸਰ ਉੱਪਰ ਕਬਜ਼ਾ ਕਰਨ ਦਾ ਫੈਸਲਾ ਕੀਤਾ ਤਾਂ ਅੰਮ੍ਰਿਤਸਰ 'ਤੇ ਅਧਿਕਾਰ ਸਥਾਪਿਤ ਕਰਨ ਲਈ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੀ ਬੜੀ ਅਹਿਮ ਭੂਮਿਕਾ ਰਹੀ। ਸਰਦਾਰ ਜੋਧ ਸਿੰਘ ਨੇ ਕਸੂਰ ਅਤੇ ਮੁਲਤਾਨ ਦੀਆਂ ਲੜਾਈਆਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਬਹੁਤ ਮਦਦ ਕੀਤੀ। ਸਰਦਾਰ ਜੋਧ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੀ ਵੀਰਤਾ ਦੇ ਜੌਹਰ ਪਹਿਲੀ ਵਾਰ ਕਸੂਰ ਦੀ ਵੱਡੀ ਲੜਾਈ ਸਮੇਂ ਦਿਖਾਏ, ਜਿਹੜੀ ਕਸੂਰੀਏ ਪਠਾਣਾਂ ਕੁਤਬਦੀਨ ਖ਼ਾਨ ਆਦਿ ਨਾਲ ਲੜੀ ਗਈ। ਇਸ ਸੰਗਰਾਮ ਵਿੱਚ ਸਰਦਾਰ ਜੋਧ ਸਿੰਘ ਆਪਣੇ 2 ਹਜ਼ਾਰ ਚੋਣਵੇਂ ਜਵਾਨਾਂ ਨਾਲ ਸ਼ਾਮਲ ਹੋਏ, ਇਸ ਦੌਰਾਨ ਉਨਾਂ ਦੀ ਤੇਗ ਦੇ ਜੌਹਰ ਦੇਖ ਕੇ ਸ਼ੇਰ-ਏ-ਪੰਜਾਬ ਵਾਹ ਵਾਹ ਕਰ ਉੱਠੇ। ਇੰਨੀ ਭਾਰੀ ਸਹਾਇਤਾ ਨੂੰ ਮੁੱਖ ਰੱਖਦਿਆਂ ਮਹਾਰਾਜਾ ਰਣਜੀਤ ਸਿੰਘ ਨੇ 25 ਹਜ਼ਾਰ ਰੁਪਏ ਦੀ ਸਾਲਾਨਾ ਆਮਦਨ ਦੇ ਪਰਗਣੇ ਘੁਮਣ ਨੂੰ ਗੁਲਾਬ ਸਿੰਘ ਪਾਸੋਂ ਲੈ ਕੇ ਸਰਦਾਰ ਜੋਧ ਸਿੰਘ ਨੂੰ ਦੇ ਦਿੱਤੇ। ਇਸ ਤੋਂ ਇਲਾਵਾ ਸ਼ੇਖੂਪੁਰ ਇਲਾਕੇ ਦੇ 11 ਪਿੰਡ, ਜਿਨਾਂ ਦੀ ਆਮਦਨ 12 ਹਜ਼ਾਰ ਰੁਪਏ ਸਾਲਾਨਾ ਸੀ; ਵੀ ਦਿੱਤੇ।

ਸਰਦਾਰ ਜੋਧ ਸਿੰਘ ਮੈਦਾਨ-ਏ-ਜੰਗ ਦੇ ਨਿਡਰ ਯੋਧਾ ਦੇ ਨਾਲ ਨਾਲ ਮਨ ਦੇ ਵੀ ਬੜੇ ਸਾਫ਼ ਸਨ। ਜਦੋਂ ਉਨਾਂ ਦੇਖਿਆ ਕਿ ਸ਼ੇਰ-ਏ-ਪੰਜਾਬ ਉਨਾਂ ਨਾਲ ਦਿਲੋਂ ਪਿਆਰ ਕਰਦੇ ਹਨ ਤਾਂ ਉਹ ਮਹਾਰਾਜਾ ਰਣਜੀਤ ਸਿੰਘ ਨਾਲ ਐਸੇ ਘੁਲ-ਮਿਲ ਗਏ ਕਿ ਇੱਕ-ਦੂਜੇ ਨੂੰ ਦੇਖੇ ਬਿਨਾਂ ਰਹਿ ਨਹੀਂ ਸਨ ਸਕਦੇ। ਖ਼ਾਲਸਾ ਦਰਬਾਰ ਦੇ ਰਿਕਾਰਡ ਅਨੁਸਾਰ ਪਤਾ ਲੱਗਦਾ ਹੈ ਕਿ 1803 ਤੋਂ 1816 ਤਕ ਖ਼ਾਲਸਾ ਰਾਜ ਦੇ ਵਾਧੇ ਲਈ ਜਿੰਨੀਆਂ ਲੜਾਈਆਂ ਲੜੀਆਂ ਗਈਆਂ, ਸਾਰੀਆਂ ਵਿੱਚ ਸਰਦਾਰ ਜੋਧ ਸਿੰਘ ਨੇ ਵੱਧ ਚੜ ਕੇ ਹਿੱਸਾ ਲਿਆ। ਮਹਾਰਾਜਾ ਰਣਜੀਤ ਸਿੰਘ, ਸਰਦਾਰ ਜੋਧ ਸਿੰਘ ਦੀ ਇੰਨੀ ਇੱਜ਼ਤ ਕਰਦੇ ਸਨ ਕਿ ਸ਼ਾਹੀ ਦਰਬਾਰ ਵਿੱਚ ਇਨਾਂ ਨੂੰ ਆਪਣੇ ਬਰਾਬਰ ਬਿਠਾਉਂਦੇ ਸਨ ਅਤੇ ਉਨਾਂ ਨੂੰ 'ਬਾਬਾ ਜੀ' ਕਹਿ ਕੇ ਬੁਲਾਉਂਦੇ ਸਨ।

ਸਰਦਾਰ ਜੋਧ ਸਿੰਘ ਰਾਮਗੜ੍ਹੀਆ ਜਿੱਥੇ ਦਲੇਰ ਅਤੇ ਬਹਾਦਰ ਯੋਧੇ ਸਨ, ਉੱਥੇ ਗੁਰੂ-ਘਰ ਦੇ ਵੀ ਅਨਿਨ ਸਿੱਖ ਸਨ। ਉਨਾਂ ਨੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ 'ਬੁੰਗਾ ਰਾਮਗੜ੍ਹੀਆਂ' ਬਣਵਾਇਆ ਅਤੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾਣ ਵਾਸਤੇ ਬਣਾਏ ਗਏ ਪੁਲ ਦੇ ਕਿੰਗਰਿਆਂ ਲਈ ਦਿੱਲੀ ਅਤੇ ਆਗਰੇ ਤੋਂ ਪੱਚੀਕਾਰੀ ਵਾਲੇ ਪੱਥਰ ਮੰਗਵਾ ਕੇ ਦਿੱਤੇ। ਗੁਰੂ-ਘਰ ਪ੍ਰਤੀ ਆਪਣੀ ਸ਼ਰਧਾ ਮੁੱਖ ਰੱਖਦਿਆਂ ਉਨਾਂ ਅੰਮ੍ਰਿਤਸਰ ਵਿੱਚ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਦੀਆਂ ਕੁਝ ਮੰਜ਼ਿਲਾਂ ਦੀ ਉਸਾਰੀ ਵੀ ਕਰਵਾਈ। ਇਸ ਤੋਂ ਇਲਾਵਾ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਬਣੇ ਗੁਰਦੁਆਰਾ ਗਰਨਾ ਸਾਹਿਬ, ਬੋਦਲ (ਹੁਸ਼ਿਆਰਪੁਰ) ਦੀ ਸਭ ਤੋਂ ਪਹਿਲੀ ਸੇਵਾ ਵੀ ਸਰਦਾਰ ਜੋਧ ਸਿੰਘ ਨੇ ਕੀਤੀ ਸੀ।

1816 ਵਿੱਚ ਕੁਝ ਕੁ ਦਿਨ ਬਿਮਾਰ ਹੋਣ ਤੋਂ ਬਾਅਦ ਪੂਰੀ ਤਰਾਂ ਧਰਮੀ ਅਤੇ ਸਾਦਗੀ ਭਰਪੂਰ ਇਸ ਬਹਾਦਰ ਸਿੱਖ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦਾ ਦੇਹਾਂਤ ਹੋ ਗਿਆ। ਉਨਾਂ ਦੇ ਦੇਹਾਂਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਉਨਾਂ ਦੇ ਅਧੀਨ ਸਾਰਾ ਇਲਾਕਾ ਜ਼ਬਤ ਕਰ ਕੇ ਉਨਾਂ ਦੀ ਪਤਨੀ, ਭਰਾ ਸਰਦਾਰ ਵੀਰ ਸਿੰਘ ਅਤੇ ਚਾਚਾ ਸਰਦਾਰ ਤਾਰਾ ਸਿੰਘ ਦੇ ਪੁੱਤਰ ਸਰਦਾਰ ਦੀਵਾਨ ਸਿੰਘ ਨੂੰ ਜਾਗੀਰ ਦੇ ਦਿੱਤੀ। ਉਨਾਂ ਦਾ ਯਾਦਗਾਰੀ ਸਥਾਨ ਛੋਟੇ ਜਿਹੇ ਅੱਠ-ਨੁੱਕਰੀ ਗੁਰਦੁਆਰਾ ਸਾਹਿਬ ਦੇ ਰੂਪ ਵਿੱਚ ਅੰਮ੍ਰਿਤਸਰ ਵਿਖੇ ਗੁਰਦੁਆਰਾ 'ਸ਼ਹੀਦ ਗੰਜ' ਬਾਬਾ ਦੀਪ ਸਿੰਘ ਜੀ ਵਿੱਚ ਬਣਿਆ ਹੋਇਆ ਹੈ। ਇਹ ਸਥਾਨ ਉਨਾਂ ਵੱਲੋਂ ਕੀਤੀਆਂ ਪੰਥ ਪ੍ਰਤੀ ਸੇਵਾਵਾਂ ਦੀ ਯਾਦ ਦਿਵਾਉਂਦਾ ਹੈ।

# ਜਸਵੰਤ ਸਿੰਘ ਕੰਵਲ ਦਾ ਸਾਹਿਤਕ ਵਾਰਿਸ ?

- ਗੁਰਦੀਪ ਕੌਰ
916-695-0035

ਭਾਈ ਕਾਨ ਸਿੰਘ ਨਾਭਾ ਨੇ ਆਪਣੇ ਮਹਾਨ ਸ਼ਬਦ ਕੋਸ਼ ਵਿਚ ਵਾਰਿਸ ਦਾ ਅਰਥ 'ਵਿਰਸਾ (ਮੀਰਾਸ) ਲੈਣ ਵਾਲਾ, ਮਾਲਿਕ ਲਿਖਿਆ ਹੈ। ਦੁਨੀਆ ਤੋਂ ਰੁਖਸਤ ਹੋ ਜਾਵਣ ਤੋਂ ਬਾਅਦ ਵਸੀਅਤ ਅਨੁਸਾਰ ਜਾਂ ਪਰਿਵਾਰ ਦੀ ਦਰਜਾਬੰਦੀ ਮੁਤਾਬਕ ਪੁੱਤਰ, ਪੋਤਰੇ ਜਾਂ ਧੀਆਂ ਵਾਰਿਸ ਬਣਦੀਆਂ ਹਨ। ਜਾਇਦਾਦ ਦਾ ਰੰਗ ਢੰਗ ਜਾਂ ਸਵਰੂਪ ਭਾਵੇਂ ਵੱਖਰਾ ਹੋ ਸਕਦਾ ਹੈ ਪਰ ਵਾਰਿਸ, ਮ੍ਰਿਤਕ ਦੀ ਜਾਇਦਾਦ ਦਾ ਮਾਲਿਕ ਬਣ ਜਾਂਦਾ ਹੈ।

ਪੰਜਾਬੀ ਦਾ ਹਰਫ਼ਨਮੌਲਾ, ਹਰਮਨਪਿਆਰਾ ਅਤੇ ਪਸੰਦੀਦਾ ਨਾਵਲਕਾਰ ਜਸਵੰਤ ਸਿੰਘ ਕੰਵਲ 1 ਫਰਵਰੀ 2020 ਨੂੰ ਜਹਾਨੇ-ਫਾਨੀ ਤੋਂ ਕੂਚ ਕਰ ਗਿਆ। ਉਹ ਆਪਣੇ ਪਿੱਛੇ ਇਕ ਵੱਡਾ ਸਾਹਿਤਕ ਖਜ਼ਾਨਾ ਛੱਡ ਗਿਆ ਜੋ ਲਿਖਤਾਂ ਵਿਚ ਹੈ ਤੇ ਸਦੀਵੀ ਅਮਰ ਹੈ। ਪਾਠਕਾਂ ਦੀ ਜਾਣਕਾਰੀ ਮੁਤਾਬਕ ਪਹਿਲਾਂ ਹੀ ਦਸ ਦੇਵਾਂ ਕਿ ਮੈਂ ਉਸ ਦੇ ਕਿਸੇ ਵੀ ਮਾਇਕ ਜਾਂ ਪਦਾਰਥਕ ਸੋਮੇ ਦੀ ਗੱਲ ਨਹੀ ਕਰ ਰਹੀ ਹਾਂ ਅਤੇ ਨਾ ਹੀ ਕਰਾਂਗੀ ਅਤੇ ਨਾ ਹੀ ਉਹ ਅਜਿਹੀ ਆਸ ਕਰਨ।

ਜਸਵੰਤ ਸਿੰਘ ਕੰਵਲ ਆਪਣੀ ਉਮਰ ਦੀ ਵੀਹ ਕੁ ਵਰੇ ਦੇ ਲਾਗੇ ਛਾਗੇ ਮਲਾਇਆ ਚਲਾ ਗਿਆ ਸੀ, ਆਪਣੀ ਰੋਜ਼ੀ ਰੋਟੀ ਕਮਾਉਣ। ਮਲਾਇਆ ਦੇ ਜੰਗਲਾਂ ਵਿਚ ਘੁੰਮਦਿਆਂ ਹੀ ਉਨਾਂ ਨੂੰ ਲਿਖਣ ਦੀ ਚੇਟਕ ਲੱਗੀ। ਉਹ ਆਪਣੀ ਲਿਖਣ ਕਲਾ ਨੂੰ ਹਮੇਸ਼ਾ ਮਲਾਇਆ ਦੀ ਸੌਗਾਤ ਆਖਦੇ ਸਨ।

ਜੇਕਰ ਅਸੀਂ ਰਤਾ ਕੁ ਪਿਛਾਂਹ ਝਾਤੀ ਮਾਰੀਏ, ਜਿੱਥੋਂ ਕੰਵਲ ਨੇ ਲਿਖਣਾ ਸ਼ੁਰੂ ਕੀਤਾ ਤਾਂ ਇਹ ਗੱਲ ਪਹਿਲਾਂ ਕਰਨੀ ਬਣਦੀ ਹੈ ਕਿ ਉਸ ਨੇ ਸਾਹਿਤ ਪੜਿਆ ਕਿੰਨਾ ਹੈ। ਕੰਵਲ ਦੇ ਦੱਸਣ ਅਨੁਸਾਰ ਉਸ ਨੇ ਮੈਕਸਿਮ ਗੋਰਕੀ, ਡਾਨ ਵਹਿੰਦਾ ਰਿਹਾ, ਟਾਲਸਟਾਏ, ਚੈਖਵ, ਹਾਰਡੀ, ਵਿਕਟਰ ਹਿਊਗੋ, ਲੈਨਿਲ ਮਾਰਕਸਵਾਦ ਤੇ ਆਪਣੇ ਤੋਂ ਪਹਿਲਾਂ ਦਾ ਬਹੁਤਾ ਸਾਹਿਤ ਪੜਿਆ ਸੀ। ਸ਼ਾਇਦ ਇਸੀ ਪੜਨ ਦਾ ਅਰਥ ਸੀ ਕਿ ਕੰਵਲ ਨੇ 20 ਕੁ ਸਾਲ ਦੀ ਉਮਰ ਵਿਚ ਹੀ ਕਵਿਤਾਵਾਂ, ਛੰਦ ਬੰਦੀ ਕਰਕੇ ਗੁਰਦੁਆਰਿਆਂ ਵਿਚ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਆਪਣੀ ਮਹਿਜ ਪੰਚੀ ਤੋਂ ਤੀਹ ਸਾਲ ਦੀ ਉਮਰ ਵਿਚ ਉਸ ਨੇ ਨਾਲ ਨਾਲ ਪੂਰਨਮਾਸੀ, ਸੱਚ ਨੂੰ ਫਾਂਸੀ ਅਤੇ ਪਾਲੀ ਨਾਵਲ ਪਾਠਕਾਂ ਨੂੰ ਪੜਨ ਲਈ ਦੇ ਦਿੱਤੇ ਸਨ ਤੇ ਫਿਰ ਚੱਲ ਸੋ ਚੱਲ। ਤੇ ਫਿਰ ਕੰਵਲ ਸੌ ਕਿਤਾਬਾਂ ਸੌ ਸਾਲ ਦਾ ਸੈਂਕੜਾ ਮਾਰ ਕੇ ਰੁਖਸਤ ਹੋ ਗਿਆ ਅਤੇ ਪਿੱਛੇ ਸਾਡੇ ਲਈ ਛੱਡ ਗਿਆ ਕੁਝ ਸਵਾਲ ਜਿਨਾਂ ਦੇ ਜਵਾਬ ਸਾਨੂੰ ਲੱਭਣੇ ਪੈਣਗੇ। ਉਂਝ ਜਵਾਬ ਸਾਡੇ ਕੋਲ ਕੋਈ ਹੈਗੇ ਨਹੀਂ ਹਨ। ਜਸਵੰਤ ਸਿੰਘ ਕੰਵਲ ਦੇ ਕੁਝ ਸਮਕਾਲੀ ਅਤੇ ਕੁਝ ਵਡੇਰੇ ਲੇਖਕ ਜਿਵੇਂ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰੋ. ਪੂਰਨ ਸਿੰਘ, ਸੋਹਣ ਸਿੰਘ ਸੀਤਲ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤ ਲੜੀ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ, ਖੁਸ਼ਵੰਤ ਸਿੰਘ, ਗੁਰਦਿਆਲ ਸਿੰਘ, ਬਲਵੰਤ ਗਾਰਗੀ, ਰਾਮ ਸਰੂਪ ਅਣਖੀ,




ਕਰਨਲ ਨਰਿੰਦਰ ਪਾਲ ਸਿੰਘ, ਅਜੀਤ ਕੌਰ ਅਤੇ ਹੋਰ ਅਨੇਕਾਂ ਨਾਮਵਰ ਲੇਖਕ ਕੰਵਲ ਦੇ ਨਾਲ ਸਾਹਿਤਕ ਤੌਰ 'ਤੇ ਤੁਰਦੇ ਰਹੇ ਹਨ। ਕੁਝ ਅੱਗੇ ਅਤੇ ਕੁੱਝ ਪਿੱਛੇ, ਸਭਨਾਂ ਲੇਖਕਾਂ ਨੇ ਆਪਣੇ ਆਪਣੇ ਮੁਤਾਬਕ ਆਪਣੀਆਂ ਰਚਨਾਵਾਂ ਦੀ ਰਚਨਾ ਕਰਕੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਅਤੇ ਆਪਣੇ ਪਾਠਕਾਂ ਨੂੰ ਸੇਧ ਦਿੰਦੇ ਹੋਏ ਉਨਾਂ ਦਾ ਮਨ ਪ੍ਰਚਾਵਾ ਕੀਤਾ ਹੈ। ਕੁਝ ਸਾਹਿਤਕਾਰਾਂ ਦੀਆਂ ਸਾਹਿਤਕ ਚੋਟਾਂ ਅੱਜ ਵੀ ਸਮਾਜ ਦੇ ਸ਼ੀਸ਼ੇ 'ਤੇ ਉਂਝ ਹੀ ਜਿਉਂਦੀਆਂ ਜਾਗਦੀਆਂ ਹਨ ਜਿਵੇਂ ਉਹ ਲਿਖਣ ਵਾਲੀ ਰੁੱਤੇ ਸਨ।

ਕੰਵਲ ਨੇ ਰੱਜਵਾ ਵਾਹਿਆ ਤੇ ਰੱਜਵਾਂ ਖਾਧਾ ਹੈ। ਇੰਝ ਹੀ ਉਸ ਨੇ ਰੱਜਵਾਂ ਪੜਿਆ ਤੇ ਰੱਜ ਕੇ ਲਿਖਿਆ ਹੈ। ਪਿੰਡ ਢੁੱਡੀਕੇ ਉਸ ਦੇ ਬਾਹਰਲੇ ਘਰ ਕਹਿ ਲਵੋ ਜਾਂ ਪਿੰਡ ਵਾਲੇ ਘਰ ਵਿਚ ਦੇਖ ਲਵੋ, ਉਸ ਨੇ ਦੇਸੀ ਪ੍ਰਦੇਸੀ ਨਵੇਂ ਪੁਰਾਣੇ ਸਭ ਲੇਖਕਾਂ ਦੀਆਂ ਕਿਤਾਬਾਂ ਪੜੀਆਂ ਹਨ ਅਤੇ ਸਾਂਭੀ ਰੱਖੀਆਂ ਹਨ। ਉਸ ਦੇ ਪਾਸਪੋਰਟ ਦੀਆਂ ਮੋਹਰਾਂ ਦੱਸਦੀਆਂ ਹਨ ਕਿ ਉਸ ਨੇ ਪਰਦੇਸ਼ਾਂ ਦਾ ਸਫ਼ਰ ਤੈਅ ਕੀਤਾ ਹੋਇਆ ਹੈ, ਜਿੱਥੇ ਕਿਤੇ ਗਿਆ ਉਥੋਂ ਕਹਾਣੀ ਚੁੱਕ ਲਿਆਇਆ ਅਤੇ ਪੰਜਾਬ ਦੇ ਖੇਤਾਂ ਵੱਟਾਂ, ਬੰਨਿਆਂ, ਸਿਵਿਆਂ ਵਿਚ ਬੈਠ ਕੇ ਨਾਵਲ ਲਿਖ ਦਿੱਤਾ। ਇਕ ਹੋਰ ਹੈਲਨ ਨਾਵਲ ਦੀ ਪਿੱਠ ਭੂਮਿਕਾ ਜਰਮਨ ਦੀ ਹੈ। ਉੜੀਸਾ ਦੇ ਮੰਦਰਾਂ ਵਿਚ ਘੁੰਮਦਿਆਂ ਅਸ਼ੋਕ ਦੀ ਕਲਿੰਗਾ ਉੱਤੇ ਜਿੱਤ ਉਸ ਨੂੰ ਯਾਦ ਆ ਗਈ ਤੇ ਉਸ ਨੇ ਨਾਵਲ ਰਚ ਦਿੱਤਾ। ਤੋਸ਼ਾਲੀ ਦੀ ਹੰਸੋ, ਇਹ ਨਾਵਲ ਉਂਜ ਹੀ ਨਹੀਂ ਲਿਖ ਹੋਇਆ। ਸੁਭਾਵਿਕ ਹੈ ਕਿ ਕੰਵਲ ਨੇ ਪਹਿਲਾਂ ਇਤਿਹਾਸ ਪੜਿਆ ਫਰੋਲਿਆ ਹੋਵੇਗਾ ਅਤੇ ਫਿਰ ਲਿਖਿਆ ਹੋਵੇਗਾ।

ਉਪਰੋਕਤ ਦੀ ਸਾਰੀ ਕਹਾਣੀ ਤੋਂ ਬਾਅਦ ਚਰਚਾ ਦਾ ਵਿਸ਼ਾ ਤਾਂ ਇਹ ਹੈ ਕਿ ਹੁਣ ਕਿਹੜਾ ਲੇਖਕ ਪੰਜਾਬੀ ਪਾਠਕਾਂ ਦੀ ਸਾਹਿਤਕ ਭੁੱਖ ਪੂਰੀ ਕਰੇਗਾ। ਲੇਖਕ ਤਾਂ ਬਹੁਤ ਹਨ ਪਰ ਪਾਠਕਾਂ ਦੀ ਨਬਜ ਪਛਾਨਣ ਵਾਲਾ ਨਹੀਂ ਮਿਲ ਰਿਹਾ। ਆਪਣੀ ਉਮਰ ਦੇ ਸੌ ਸਾਲ ਬਿਤਾਣੇ ਤੇ ਅੱਸੀ ਸਾਲ ਲਿਖਣ ਵਾਲਾ ਕੰਵਲ, ਪੰਜਾਬੀ ਦਾ ਸ਼ਾਹ ਨਾਵਲਕਾਰ ਸੀ। ਹੁਣ ਉਸ ਦੇ ਤੁਰ ਜਾਣ ਪਿਛੋਂ ਖਲਾਅ ਦੀ ਪੂਰਤੀ ਕੌਣ ਕਰੇਗਾ ? ਪਹਿਲੀ ਗੱਲ ਕੌਣ ਉਸ ਜਿੰਨਾ ਪੜੇਗਾ, ਕੌਣ ਉਸ ਜਿੰਨਾ ਲਿਖੇਗਾ ਅਤੇ ਕੌਣ ਆਪਣੇ ਦੇਸ਼ ਕੌਮ ਦੀ ਪੀੜ ਨੂੰ ਆਪਣੀ ਪੀੜ ਸਮਝ ਕੇ ਹੋਕਾ ਦੇਵੇਗਾ। ਸਮੇਂ ਦੀ ਸਰਕਾਰ ਨਾਲ ਆਹਡਾ ਲਾ ਕੇ ਪੰਜਾਬ ਦੇ ਡੁੱਬਦੇ ਭਵਿੱਖ ਦੀਆਂ ਦੁਹਾਈਆਂ ਕੌਣ ਪਾਵੇਗਾ।

ਪਾਠਕਾਂ ਨੂੰ ਚੁਆਤੀ ਲਾਣੀ ਹਾਰੇ-ਸਾਰੇ ਦੇ ਵਸ ਦਾ ਕੰਮ ਨਹੀਂ ਹੈ। ਸਾਹਿਤਕ ਖੇਤਰ ਵਿਚ ਹੋਣ ਕਰਕੇ, ਸਿਰਫ਼ ਕੁਝ ਕੁ ਲੇਖਕਾਂ ਦੀਆਂ ਰਚਨਾਵਾਂ ਤੋਂ ਬਿਨਾਂ ਬਾਕੀਆਂ ਨੂੰ ਪੜਨਾ ਸਮਾ ਖਰਾਬ ਕਰਨ ਵਾਲੀ ਗੱਲ ਲਗਦਾ ਹੈ। ਆਪੂੰ ਬਣੇ ਲੇਖਕ, ਪੈਸੇ ਦੇ ਕੇ ਕਿਤਾਬਾਂ ਛਪਵਾਉਣ ਵਾਲੇ ਸਾਹਿਤ ਦਾ ਰੋਜ਼ ਹੀ ਮੂੰਹ ਮੱਥਾ ਵਿਗਾੜ ਰਹੇ ਹਨ।

ਪਾਠਕਾਂ ਲਈ ਇਹ ਪ੍ਰਸ਼ਨ ਹੈ ਕਿ ਕੰਵਲ ਦੀਆਂ ਲਿਖਤਾਂ ਦੇ ਅਸੀਂ ਵਾਰਸ ਬਣ ਸਕਦੇ ਹਾਂ, ਹਾਲ ਦੀ ਘੜੀ ਉਨਾਂ ਨੂੰ ਸਾਂਭ ਕੇ ਤੇ ਆਪਣੇ ਬੱਚਿਆਂ ਤੇ ਆਰ-ਪਰਿਵਾਰ ਦੇ ਪੜਨ ਲਈ ਨਿੱਜੀ ਲਾਇਬ੍ਰੇਰੀ ਵਿਚ ਸੰਜੋ ਕੇ ਰੱਖ ਸਕਦੇ ਹਾਂ। ਬਾਕੀ ਸਮਾਂ ਦੱਸੇਗਾ ਕਿ ਸਾਹਿਤਕ ਪਿੜ ਵਿਚ ਕੌਣ ਕੰਵਲ ਦੀ ਘਾਟ ਪੂਰੀ ਕਰੇਗਾ। ਮੈਨੂੰ ਸਮੇਂ ਦੀ ਤੇ ਲੇਖ ਕੇ ਸਿਰਲੇਖ ਦੇ ਜਵਾਬ ਦੀ ਉਡੀਕ ਰਹੇਗੀ।

ਕਹਾਣੀ

# ਜੀਵੇ ਪੰਜਾਬੀ

- ਇਕਵਾਕ ਸਿੰਘ ਪੱਟੀ

ਸ਼ਹਿਰ ਦੀਆਂ ਛੋਟੀਆਂ ਤੰਗ ਗਲੀਆਂ ਮੁਹੱਲਿਆਂ ਵਿੱਚੋਂ ਨਿਕਲ ਕੇ ਸ਼ਹਿਰ ਦੇ ਬਾਹਰਵਰ ਕੱਟੀਆਂ ਜਾ ਰਹੀਆਂ ਨਵੀਆਂ ਕਲੋਨੀਆਂ ਵਿੱਚ ਸ਼ਹਿਰ ਦੇ ਕਹੇ ਜਾਂਦੇ ਉੱਚ ਵਰਗ ਦੇ ਪੜੇ ਲਿਖੇ ਲੋਕਾਂ ਨੇ ਆਪੋ-ਆਪਣੀਆਂ ਥਾਵਾਂ ਲੈ ਕੇ ਮਨਮਰਜ਼ੀ ਦੀਆਂ ਕੋਠੀਆਂ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ। ਵਿਦੇਸ਼ਾਂ ਵਿੱਚ ਪੜਨ ਭੇਜੇ ਬੱਚਿਆਂ ਦੀਆਂ ਸਲਾਹਾਂ ਨਾਲ ਵਿਦੇਸ਼ੀ ਰੰਗ-ਢੰਗ ਦੀਆਂ ਕੋਠੀਆਂ ਉਸਰ ਰਹੀਆਂ ਸਨ। ਇੱਕ ਵਧੀਆ ਅਤੇ ਸਾਫ ਸੁਥਰਾ ਮਾਹੌਲ ਬਣ ਗਿਆ। ਸਾਫ ਸੁਥਰੀ ਪਾਰਕ, ਸੁਪਰ ਮਾਰਕੀਟ, ਕਾਰਾਂ ਗੱਡੀਆਂ ਖੜੀਆਂ ਕਰਨ ਲਈ ਖੁੱਲੀ ਡੁੱਲੀ ਥਾਂ, ਹਰ ਘਰ ਦੇ ਮੂਹਰੇ ਹਰਿਆਵਲ ਲਈ ਰੁੱਖ-ਬੂਟੇ ਵਗੈਰਾ ਲੱਗੇ ਹੋਏ। ਕਲੋਨੀ ਦੇ ਅੰਦਰ ਹੀ ਸ਼ਹਿਰ ਦੇ ਮਹਿੰਗੇ ਸਕੂਲਾਂ ਦੀਆਂ ਬੱਸਾਂ ਬੱਚਿਆਂ ਨੂੰ ਲੈਣ ਅਤੇ ਛੱਡਣ ਆਉਂਦੀਆਂ। ਪਰ ਪਿਛਲੇ ਕੁੱਝ ਦਿਨਾਂ ਤੋਂ ਕਲੋਨੀ ਵਿੱਚ ਨਵੀਂ ਨਕੋਰ ਕੋਠੀ ਬਣਵਾ ਕੇ ਰਹਿਣ ਆਏ ਨਵੇਂ ਪਰਵਾਰ ਤੋਂ ਸਾਰੀ ਕਲੋਨੀ ਕੁੱਝ ਦੁਖੀ ਸੀ। ਹਰ ਕੋਈ ਉਹਨਾਂ ਵੱਲ ਬੜੀ ਕੈਰੀ ਜਿਹੀ ਅੱਖ ਨਾਲ ਤੱਕਦਾ ਸੀ। ਜਿਵੇਂ ਸਾਰੇ ਉਹਨਾਂ ਤੋਂ ਗੁੱਸੇ/ਨਾਰਾਜ਼ ਹੋਣ। ਆਖਿਰ ਕਲੋਨੀ ਵਿੱਚੋਂ ਹੀ ਇੱਕ ਸਿਆਣੇ ਬਜ਼ੁਰਗ ਨੇ ਆਉਂਦੇ ਐਤਵਾਰ ਸਾਰਿਆਂ ਦੀ ਇਕੱਤਰਤਾ ਸੱਦ ਲਈ ਤਾਂ ਕਿ ਮਸਲਾ ਵਿਚਾਰਿਆ ਅਤੇ ਸੁਲਝਾਇਆ ਜਾ ਸਕੇ। ਆਖਿਰ ਰਿਸ਼ਤੇਦਾਰਾਂ ਤੋਂ ਵੀ ਪਹਿਲਾਂ ਸੁੱਖ ਦੁੱਖ ਵੇਲੇ ਸੱਭ ਤੋਂ ਪਹਿਲਾਂ ਤਾਂ ਆਂਢ-ਗੁਆਂਢ ਨੇ ਹੀ ਕੰਮ ਆਉਣਾ ਹੁੰਦਾ।

ਐਤਵਾਰ ਦੀ ਸ਼ਾਮ ਸਬੰਧਿਤ ਪਰਵਾਰ ਜੋ ਇਸ ਗੱਲ ਤੋਂ ਹੈਰਾਨ ਸੀ ਕਿ ਲੋਕ ਉਹਨਾਂ ਤੋਂ ਔਖੇ ਕਿਉਂ ਹਨ, ਉਹ ਵੀ ਪੁੱਜ ਚੁੱਕਾ ਸੀ ਅਤੇ ਕਲੋਨੀ ਦੇ ਅਗਾਂਹਵਧੂ ਮੰਨੇ ਜਾਂਦੇ ਲੋਕ ਵੀ ਕੁਰਸੀਆਂ ਤੇ ਸੱਜ ਚੁੱਕੇ ਸਨ। ਸੱਭ ਤੋਂ ਪਹਿਲਾ ਸ਼ਿਕਾਇਤ ਕਰਤਾ ਉਠਿਆ ਅਤੇ ਬਾਕੀਆਂ ਦੀ ਨੁਮਾਇੰਦਗੀ ਕਰਦਾ ਹੋਇਆ ਬੜੀ ਹਲੀਮੀ ਨਾਲ ਸ਼ਬਦਾਂ ਦਾ ਸੰਘਣਾ ਜਾਲ ਬੁਣਦਿਆ ਕਹਿਣ ਲੱਗਾ, ਕਿ ਇਸ ਕਲੌਨੀ ਵਿੱਚ ਹਰ ਘਰ ਦਾ ਹਰ ਮੈਂਬਰ ਪੜਿਆ ਲਿਖਿਆ ਹੈ ਅਤੇ ਆਪਣੇ ਬੱਚਿਆਂ ਨੂੰ ਵੀ ਸਮੇਂ ਦਾ ਹਾਣੀ ਬਣਾਉਣ ਲਈ ਚੰਗੇ ਅਤੇ ਮਹਿੰਗੇ ਸਕੂਲ ਵਿੱਚ ਪੜਾ ਰਿਹਾ ਹੈ ਤਾਂ ਕਿ ਬੱਚੇ ਵੀ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਬਣ ਸਕਣ। ਕਲੋਨੀ ਵਿੱਚ ਆਏ ਇਸ ਨਵੇਂ ਪਰਵਾਰ ਤੋਂ ਸਾਨੂੰ ਕੋਈ ਬਹੁਤਾ ਇਤਰਾਜ਼ ਨਹੀਂ ਹੈ, ਕਿਉਂਕਿ ਇਹ ਵੀ ਸਾਡੇ ਵਾਂਗ ਪੜੇ-ਲਿਖੇ ਹਨ। ਭਾਜੀ ਹੁਣੀ ਆਪਣੀ ਆਰਕੀਟੈਕਚਰ ਹਨ ਅਤੇ ਭਰਜਾਈ ਜੀ ਵੀ ਪੀ.ਐੱਚ.ਡੀ ਹੋਲਡਰ ਹਨ। ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਇਹ ਸਾਡੀ ਕਲੋਨੀ ਵਿੱਚ ਹਨ, ਪਰ ਹੈਰਾਨਗੀ ਹੈ ਕਿ ਐਨਾ ਪੜ ਲਿਖ ਕੇ ਵੀ ਇਹਨਾਂ ਨੇ ਆਪਣੇ ਬੱਚੇ ਸਰਕਾਰੀ ਸਕੂਲ ਵਿੱਚ ਪਾਏ ਹੋਏ ਹਨ। ਉੱਥੇ ਦੇ ਬੱਚਿਆਂ ਦੀਆਂ ਆਦਤਾਂ ਸਿੱਖ ਕੇ ਆ ਰਹੇ ਇਹਨਾਂ ਦੇ ਬੱਚੇ ਪੂਰੇ ਮੁਹੱਲੇ ਦੇ ਬੱਚਿਆਂ ਦੀ ਆਦਤਾਂ ਵੀ ਵਿਗਾੜ ਸਕਦੇ ਹਨ। ਇਸੇ ਗੱਲ ਦਾ ਸਾਰੀ ਕਲੋਨੀ ਨੂੰ ਇਤਰਾਜ਼ ਹੈ ਕਿ ਅਸੀਂ ਸਾਰੇ ਮਿਹਨਤਾਂ ਕਰਕੇ ਬੜੀ ਮੁਸ਼ਕਲ ਨਾਲ ਮਹਿੰਗੇ ਸਕੂਲਾਂ ਵਿੱਚ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਲਈ ਭੇਜਦੇ ਹਾਂ। ਜੇ ਇਹ ਪਰਵਾਰ ਕਲੋਨੀ ਵਿੱਚ ਰਹੇਗਾ ਤਾਂ ਸਾਡੇ ਬੱਚਿਆਂ ਦਾ ਭਵਿੱਖ ਕੀ ਹੋਵੇਗਾ ? ਐਨਾ ਕਹਿੰਦੇ ਹੋਏ ਉਹ ਧੰਨਵਾਦ ਕਰਕੇ ਬੈਠ ਗਿਆ।



ਬਜ਼ੁਰਗ ਸਾਰਾ ਮਸਲਾ ਸਮਝ ਚੁੱਕਿਆ ਸੀ ਅਤੇ ਸਬੰਧਿਤ ਪਰਿਵਾਰ ਦੇ ਮੁਖੀ ਨੂੰ ਬੋਲਣ ਦਾ ਮੌਕਾ ਦਿੱਤਾ ਗਿਆ, ਤਾਂ ਉਸਨੇ ਬੜੀ ਪਿਆਰ ਭਰੀ ਬੋਲੀ ਅਤੇ ਮਿੱਠੇ ਲਹਿਜੇ ਵਿੱਚ ਆਪਣੀ ਗੱਲ ਕਰਨੀ ਸ਼ੁਰੂ ਕੀਤੀ ਕਿ ਜਿਵੇਂ ਮੇਰੇ ਤੋਂ ਪਹਿਲਾਂ ਸ਼ਿਕਾਇਤ ਕਰਤਾ ਨੇ ਦੱਸਿਆ ਕਿ ਮੈਂ ਇੱਕ ਆਰਕੀਟੈਕਚਰ ਹਾਂ ਇਸ ਲਈ ਇਹ ਦੱਸਦਾ ਜਾਵਾਂ ਕਿ ਮੇਰੀ ਵੀ ਬਾਰਵੀਂ ਜਮਾਤ ਤੱਕ ਦੀ ਪੜਾਈ ਸਰਕਾਰੀ ਸਕੂਲ ਦੀ ਹੀ ਹੈ। ਅਤੇ ਮੇਰੀ ਘਰਵਾਲੀ ਜੋ ਪੀ.ਐੱਚ.ਡੀ ਹੋਲਡਰ ਹੈ ਦੀ ਪੜਾਈ ਵੀ ਸਰਕਾਰੀ ਸਕੂਲ ਦੀ ਹੈ ਅਤੇ ਮੈਰਿਟ ਵਿੱਚ ਆਉਣ ਕਰਕੇ ਮਿਲੇ ਵਜੀਫਿਆਂ ਦੇ ਸਿਰ ਤੇ ਹੀ ਉਹ ਪੀ.ਐੱਚ.ਡੀ ਕਰ ਸਕੀ ਹੈ। ਸਾਨੂੰ ਇਹ ਮਾਣ ਬਿਨਾਂ ਸ਼ੱਕ ਵਿੱਦਿਆ ਨੇ ਦਿਵਾਇਆ ਹੈ। ਵਿੱਦਿਆ ਤਾਂ ਵਿੱਦਿਆ ਹੀ ਹੈ ਉਹ ਸਰਕਾਰੀ ਸਕੂਲ ਦੀ ਹੋਵੇ ਜਾਂ ਨਿੱਜੀ ਸਕੂਲਾਂ ਦੀ। ਸਿਰਫ ਉਸ ਵਿੱਦਿਆ ਨੂੰ ਪ੍ਰਾਪਤ ਕਰਨ ਦਾ ਕੋਈ ਫਾਇਦਾ ਨਹੀਂ ਜਿਸ ਨੂੰ ਪ੍ਰਾਪਤ ਕਰਕੇ ਅਸੀਂ ਆਪਣੀ ਮਾਂ ਬੋਲੀ ਭੁੱਲ ਜਾਈਏ, ਆਪਣੀ ਵਿਰਾਸਤ, ਆਪਣਾ ਵਿਰਸਾ, ਆਪਣਾ ਸੱਭਿਆਚਾਰ, ਆਪਣਾ ਇਤਿਹਾਸ ਭੁੱਲ ਜਾਈਏ। ਭਾਜੀ ਨੇ ਸ਼ੱਕ ਜ਼ਾਹਰ ਕੀਤਾ ਹੈ ਕਿ ਸਾਡੀ ਕਲੋਨੀ ਦੇ ਬੱਚੇ ਵਿਗੜ ਜਾਣਗੇ, ਜੇ ਬੱਚੇ ਵਿਗੜ ਜਾਣਗੇ ਤਾਂ ਜਿਹੜੀ ਮਹਿੰਗੀ ਅਤੇ ਚਮਕਦੀਆਂ ਇਮਾਰਤਾਂ ਵਿੱਚੋਂ ਉਹ ਵਿੱਦਿਆ ਸਿੱਖ ਕੇ ਆ ਰਹੇ ਹਨ ਕੀ ਉਹ ਐਨੀਂ ਹੌਲੀ/ਹਲਕੀ ਹੈ ਜੋ ਚੰਗੇ ਬੁਰੇ ਦੀ ਪਹਿਚਾਣ ਕਰਨ ਤੋਂ ਅਸੱਮਰਥ ਹੈ। ਅਸੀਂ ਤਾਂ ਇਹ ਸੋਚ ਕੇ ਇਸ ਕਲੋਨੀ ਵਿੱਚ ਕੋਠੀ ਪਾਈ ਸੀ ਕਿ ਇੱਥੇ ਕਾਫੀ ਪੜੇ ਲਿਖੇ ਹੋਣਗੇ ਪਰ ਅਫਸੋਸ ਹੋਇਆ। ਇਸ ਨਾਲੋਂ ਤਾਂ ਅਸੀਂ ਸ਼ਹਿਰ ਦੀਆਂ ਤੰਗ ਗਲੀਆਂ ਬਾਜ਼ਾਰਾਂ ਵਿੱਚ ਹੀ ਚੰਗੇ ਸੀ, ਜਿੱਥੇ ਬੱਚੇ ਇਕੱਠੇ ਖੇਡਦੇ ਸੀ, ਇੱਕ ਦੂਜੇ ਨਾਲ ਖਾਣ-ਪੀਣ ਤੋਂ ਇਲਾਵਾ ਆਪਣੇ ਖਿਡੌਣੇ ਤੱਕ ਸਾਂਝੇ ਕਰ ਲੈਂਦੇ ਸੀ। ਨਾ ਰੰਗ ਦੇਖਦੇ ਸੀ ਨਾ ਜਾਤ-ਪਾਤ ਦੇਖਦੇ ਸੀ, ਨਾ ਅਮੀਰੀ ਦੇਖਦੇ ਸੀ ਨਾ ਗਰੀਬੀ ਦੇਖਦੇ ਸੀ। ਬੱਸ ਆਪਣੇ ਬਚਪਨ ਨੂੰ ਜਿਉਂਦੇ ਸੀ, ਕੁਦਰਤ ਦੇ ਰੰਗਾਂ ਨੂੰ ਮਾਣਦੇ ਸੀ।

ਸਿਆਣੇ ਬਜ਼ੁਰਗ ਨੇ ਵਿਚੋਂ ਹੀ ਟੋਕਦਿਆਂ ਕਿਹਾ ਸਰਦਾਰ ਸਾਹਿਬ ਬੈਠ ਜਾਉ! ਸਾਰੀ ਕਲੋਨੀ ਵਾਲਿਆਂ ਦੀਆਂ ਝੁਕੀਆਂ ਹੋਈਆਂ ਗਰਦਨਾਂ ਅਤੇ ਨੀਵੀਆਂ ਹੋਈਆਂ ਅੱਖਾਂ, ਹੁਣ ਤੁਹਾਡੇ ਨਾਲ ਹੀ ਉੱਪਰ ਉੱਠਣਾ ਚਾਹੁੰਦੀਆਂ ਹਨ। ਬੱਸ ਫਿਰ ਕੀ ਸੀ ਹੁਣ ਤੱਕ ਸੱਭ ਸਾਂਝੇ ਤੌਰ ਤੇ ਰਹਿੰਦੇ ਹਨ। ਕਲੋਨੀ ਦਾ ਨਾਮ ਦੱਸਦੀ ਤਖਤੀ ਵੀ ਪੰਜਾਬੀ ਵਿੱਚ ਹੈ ਅਤੇ ਘਰਾਂ ਦੇ ਬਾਹਰ ਲੱਗੀਆਂ ਤਖਤੀਆਂ ਉੱਤੇ ਵੀ ਪੰਜਾਬੀ ਉਕਰੀ ਹੋਈ ਹੈ। ਗੁਰਦੁਆਰਾ ਸਾਹਿਬ ਦੇ ਭਾਈ ਕੋਲੋਂ ਵੀ ਹਰ ਹਫਤੇ ਕਲੋਨੀ ਦੇ ਬੱਚਿਆਂ ਲਈ ਪੰਜਾਬੀ ਦੀ ਕਲਾਸ ਲਗਾਉਣ ਦਾ ਵਾਅਦਾ ਕਰ ਲਿਆ ਹੈ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਦੇਵ ਜੀ ਦੀ ਧਰਮ-ਸਾਧਨਾ ਦੇ ਕੇਂਦਰ ਗੁਰਦੁਆਰਾ ਸੰਸਥਾ



- ਡਾ. ਰਤਨ ਸਿੰਘ ਜੱਗੀ

ਗੁਰੂ ਨਾਨਕ ਦੇਵ ਜੀ ਦੀ ਧਰਮ-ਸਾਧਨਾ ਨਾਲ ਸਬੰਧਤ ਜਿਸ ਵੀ ਧਰਮ-ਧਾਮ ਜਾਂ ਸਰਬ-ਸਾਂਝੇ ਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੋਵੇ, ਉਸ ਨੂੰ 'ਸਿੱਖ ਸ਼ਬਦਾਵਲੀ' ਵਿਚ 'ਗੁਰਦੁਆਰਾ' ਕਿਹਾ ਜਾਂਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ: ਗੁਰੂ ਦਾ ਘਰ।

ਗੁਰਦੁਆਰਾ ਸੰਸਥਾ ਅਥਵਾ ਪਰੰਪਰਾ ਦਾ ਆਪਣਾ ਇਤਿਹਾਸ ਹੈ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਜਨਮ-ਸਾਖੀ ਸਾਹਿਤ ਵਿਚ ਅਜਿਹੇ ਉਲੇਖ ਮਿਲਦੇ ਹਨ ਜਿਨਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਜਿੱਥੇ ਵੀ ਜਾ ਕੇ ਉਥੋਂ ਦੇ ਕਿਸੇ ਧਾਰਮਿਕ ਸਾਧਕ ਜਾਂ ਸਮਾਜਿਕ ਅਨਾਚਾਰੀ ਨਾਲ ਸੰਵਾਦ ਰਚਾ ਕੇ ਉਸ ਨੂੰ ਪ੍ਰਭਾਵਿਤ ਕਰਦੇ ਸਨ, ਤਾਂ ਉਥੇ 'ਧਰਮਸ਼ਾਲਾ' ਜਾਂ 'ਮੰਜੀ' ਸਥਾਪਿਤ ਕਰਨ ਦੀ ਵਿਵਸਥਾ ਕਰਦੇ ਸਨ, ਜਿਵੇਂ:- (1) ਤਬਿ ਸੇਖ ਸਜਨਿ ਹੁਕਮੁ ਮੰਨਿਆ ਨਾਉ ਧਰੀਕ ਸਿਖ ਹੋਆ।

ਪਹਿਲੀ ਧਰਮਸਾਲ ਉਥੇ ਬਧੀ। (ਪੁਰਾਤਨ ਜਨਮਸਾਖੀ, ਸਾਖੀ 13)

2. ਤਬ ਧਨਾਸਰੀ ਦੇਸਿ ਬਹੁਤ ਨਾਉ ਧਰੀਕ ਸਿਖ ਹੋਏ।

ਇਕ ਮੰਜੀ ਊਹਾ ਭੀ ਹੈ (ਉਹੀ ਸ਼ਾਖਾ 43) ਇਸ ਤੋਂ ਇਲਾਵਾ ਕਰੋੜੀਆ ਨਾਲ ਸਬੰਧਤ ਸਾਖੀ (ਅੰਕ 40) ਵਿਚ ਕਰਤਾਰਪੁਰ ਚੱਕ ਅਥਵਾ ਪਿੰਡ ਵਸਾਉਣ ਵੇਲੇ ਵੀ ਇਕ 'ਧਰਮਸਾਲ' ਪਾਉਣ ਦਾ ਉਲੇਖ ਹੋਇਆ ਹੈ, ਜਿਵੇਂ

ਤਾਂ ਕਰੋੜੀ ਅਰਜ ਕੀਤੀ ਬਾਬਾ ਜੀ ਤੇਰਾ ਹੁਕਮ ਹੋਵੈ ਤਾਂ ਇਕ ਚਕ ਬਨਾਵਾਂ

ਤੇਰੇ ਨਾਂਵ ਦਾ, ਕਰਤਾਰਪੁਰ ਨਾਉਂ ਰਖੀਐ, ਧਰਮਸਾਲ ਪਾਈਐ।

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਜਾਂ ਉਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਅਨੁਯਾਈਆਂ ਦੇ ਇਕੱਠੇ ਹੋਣ ਦੇ ਸਥਾਨ ਨੂੰ 'ਧਰਮਸਾਲ' ਜਾਂ 'ਮੰਜੀ' ਕਿਹਾ ਜਾਂਦਾ ਸੀ।

ਧਰਮਸਾਲ (ਧਰਮਸ਼ਾਲਾ) ਸੰਸਕ੍ਰਿਤ ਭਾਸ਼ਾ ਸ਼ਬਦ ਹੈ ਅਤੇ ਇਸ ਤੋਂ ਭਾਵ ਹੈ 'ਧਰਮ ਕਮਾਉਣ ਦਾ ਸਥਾਨ'। 'ਜਪੁਜੀ' ਵਿਚ ਗੁਰੂ ਨਾਨਕ ਦੇਵ ਜੀ ਨੇ 'ਧਰਤੀ' ਨੂੰ 'ਧਰਮਸਾਲ' ਕਿਹਾ ਹੈ ਕਿਉਂਕਿ ਇਹੀ ਸਥਾਨ ਹੈ ਜਿਵੇਂ ਕੋਈ ਜੀਵ ਮਨੁੱਖ ਦੇਹ ਧਾਰਣ ਕਰਕੇ ਧਰਮ-ਕਰਮ ਵਿਚ ਰੁਚਿਤ ਹੁੰਦਾ ਹੈ'ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ/ਗੁਰੂ ਅਰਜਨ ਦੇਵ ਜੀ ਨੇ ਇਸ ਧਾਰਮਿਕ ਕੇਂਦਰ (ਹਰਿਮੰਦਰ ਸਾਹਿਬ) ਦੀ ਸਥਾਪਨਾ ਕੀਤੀ, ਉਸ ਬਾਰੇ ਉਨਾਂ ਨੇ ਗੁਰੂ ਗ੍ਰੰਥ ਸਾਹਿਬ (ਪੰਨਾ 73) ਵਿਚ ਪ੍ਰਕਾਸ਼ ਪਾਇਆ - ਮੈ ਬਧੀ ਸਚੁ ਧਰਮਸਾਲ ਹੈ। ਗੁਰਸਿਖਾ ਲਹਦਾ ਭਾਲਿ ਕੈ। ਇਸ ਤੋਂ ਇਲਾਵਾ ਗੋਇੰਦਵਾਲ ਜਾ ਕੇ, ਬਾਣੀ ਦੀਆਂ ਪੋਥੀਆਂ ਦੀ ਪ੍ਰਾਪਤੀ ਲਈ ਬਾਬੇ ਮੋਹਨ ਨੂੰ ਮੁਤਾਖਬ ਹੋ ਕੇ ਜੋ ਸ਼ਬਦ ਉਚਾਰਿਆ, ਉਸ ਵਿਚ ਉਸ ਦੇ ਨਿਵਾਸ ਨੂੰ 'ਧਰਮਸਾਲ' ਕਿਹਾ:-

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।

ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ।

ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ।

(ਪੰਨਾ: 248)

ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ ਧਰਮ-ਪ੍ਰਚਾਰ ਕੇਂਦਰਾਂ ਲਈ 'ਧਰਮਸਾਲ' ਸ਼ਬਦ ਦੀ ਵਰਤੋਂ ਕੀਤੀ ਹੈ-ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ (40/11) ਉਨਾਂ ਨੇ ਪਹਿਲੀ ਵਾਰ ਵਿਚ ਗੁਰਸਿੱਖਾਂ ਦੇ ਘਰਾਂ ਨੂੰ ਵੀ 'ਧਰਮਸਾਲ' ਤੁੱਲ ਕਹਿ ਦਿੱਤਾ ਹੈ- ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ। ਸਪੱਸ਼ਟ ਹੈ ਕਿ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਥਾਪਿਤ ਧਰਮ ਕੇਂਦਰ ਸ਼ੁਰੂ ਵਿਚ 'ਧਰਮਸਾਲ' ਨਾਂ ਨਾਲ ਪ੍ਰਸਿੱਧ ਹੋਏ।

ਜਨਮਸਾਖੀ ਸਾਹਿਤ ਵਿਚ ਗੁਰੂ ਨਾਨਕ ਦਾ ਵੀ ਜ਼ਿਕਰ ਆਉਂਦਾ ਹੈ। 'ਮੰਜੀ' ਦਾ ਸ਼ਾਬਦਿਕ ਅਰਥ ਹੈ 'ਚਾਰਪਾਈ'। ਪਰ ਸਿੱਖ ਧਰਮ ਵਿਚ ਇਸ ਦਾ ਸਰੂਪ ਪ੍ਰਯੋਗ ਪਰਿਭਾਸ਼ਿਕ ਹੈ। ਜਦੋਂ ਕੋਈ ਸਤਿਕਾਰਯੋਗ ਪੁਰਸ਼ ਜਾਂ ਧਰਮ-ਸਾਧਕ ਸਿੱਖਾਂ ਦੀ ਸਭਾ ਵਿਚ ਪ੍ਰਚਾਰ ਲਈ ਜਾਂਦਾ ਸੀ ਤਾਂ ਉਸ ਨੂੰ ਮੰਜੀ ਉਤੇ ਬਿਠਾ ਕੇ ਸ਼ਰਧਾਲੂ ਜਾਂ ਜਿਗਿਆਸੂ ਉਸ ਦੇ ਪ੍ਰਵਚਨ ਸੁਣਦੇ ਸਨ। ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਜਿੱਥੇ ਧਰਮਸਾਲਾਂ ਬੰਨੀਆਂ ਜਾਂ ਕਾਇਮ ਕੀਤੀਆਂ, ਉੱਥੇ ਮੰਜੀਆਂ ਵੀ ਬਖ਼ਸ਼ੀਆਂ। ਜਿਵੇਂ ਰਾਜਾ ਸ਼ਿਵ ਨਾਭ ਨਾਲ ਸਬੰਧਤ ਸਾਖੀ ਵਿਚ ਲਿਖਿਆ ਹੈ:- ਰਾਜੇ ਸਿਉ ਨਾਭਿ ਜੋਗੁ ਇਕ ਮੰਜੀ ਮਿਲੀ। ਰਾਜੇ ਸਿਉ ਨਾਭਿ ਜੋਗੁ ਗੁਰੂ ਕੀ ਖੁਸੀ ਹੋਈ (ਪੁਰਾਤਨ ਜਨਮਸਾਖੀ, ਸਾਖੀ-47)

ਗੁਰੂ ਅਮਰਦਾਸ ਜੀ ਦੇ ਸਮੇਂ ਤਕ ਸਿੱਖੀ ਦਾ ਕਾਫ਼ੀ ਵਿਸਤਾਰ ਹੋ ਚੁੱਕਾ ਸੀ, ਵੱਖ-ਵੱਖ ਇਲਾਕਿਆਂ ਦੇ ਸਿੱਖਾਂ ਵਿਚ ਪਰਸਪਰ ਸਬੰਧ ਬਣਾਏ ਰੱਖਣ ਅਤੇ ਪ੍ਰਚਾਰ ਸਿਲਸਿਲੇ ਨੂੰ ਵਿਵਸਥਿਤ ਰੂਪ ਵਿਚ ਜਾਰੀ ਰੱਖਣ ਲਈ ਗੁਰੂ ਅਮਰਦਾਸ ਜੀ ਨੇ ਆਪਣੇ ਵਿਸ਼ਵਸਤ ਧਰਮ-ਸਾਧਕਾਂ ਨੂੰ ਵੱਖਰੇ-ਵੱਖਰੇ ਇਲਾਕਿਆਂ ਵਿਚ ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਸੌਂਪੀ ਅਤੇ ਉਨਾਂ ਨੂੰ ਮੰਜੀ ਉਤੇ ਬੈਠ ਕੇ ਪ੍ਰਵਚਨ ਕਰਨ ਦੀ ਆਗਿਆ ਦਿੱਤੀ। ਇਸ ਪ੍ਰਕਾਰ ਦੇ ਧਰਮ-ਸਾਧਕਾਂ ਅਤੇ ਉਨਾਂ ਦੇ ਕੇਂਦਰਾਂ ਦੀ ਗਿਣਤੀ 22 ਦੱਸੀ ਜਾਂਦੀ ਹੈ। ਇਹ ਧਰਮ ਕੇਂਦਰ ਬਾਅਦ ਵਿਚ '22 ਮੰਜੀਆਂ' ਦੇ ਨਾਂ ਨਾਲ ਪ੍ਰਸਿੱਧ ਹੋਏ। ਇਸਤਰੀਆਂ ਵਿਚ ਪ੍ਰਚਾਰ ਕਰਨ ਲਈ ਪੀੜ੍ਹੀਆਂ ਦੀ ਸਥਾਪਨਾ ਦਾ ਵੀ ਇਤਿਹਾਸ ਵਿੱਚੋਂ ਹਵਾਲਾ ਮਿਲਦਾ ਹੈ। ਜਿਨਾਂ ਉਤੇ ਬੈਠ ਕੇ ਧਰਮ-ਪ੍ਰਾਇਣ ਮੁੱਖ ਸਾਧਿਕਾਵਾਂ ਇਸਤਰੀਆਂ ਨੂੰ ਧਰਮ ਉਪਦੇਸ਼ ਕਰਦੀਆਂ ਸਨ। ਇਸ ਤੋਂ ਇਲਾਵਾ ਜਿੱਥੇ ਕਿੱਥੇ ਵੀ ਕਿਸੇ ਗੁਰੂ ਸਾਹਿਬ ਨੇ 'ਮੰਜੀ' ਉਪਰ ਬੈਠ ਕੇ ਸੰਗਤ ਨੂੰ ਉਪਦੇਸ਼ ਦਿੱਤਾ, ਉਹ ਥਾਵਾਂ ਵੀ ਕਾਲਾਂਤਰ ਵਿਚ 'ਮੰਜੀ ਸਾਹਿਬ' ਵਜੋਂ ਪ੍ਰਸਿੱਧ ਹੋਈਆਂ।

ਗੁਰੂ ਅਰਜਨ ਦੇਵ ਜੀ ਨੇ 'ਮੰਜੀ' ਪਰੰਪਰਾ ਨੂੰ ਹੋਰ ਵਿਵਸਥਿਤ ਕਰਨ ਲਈ ਇਨਾਂ ਨੂੰ ਮਸਨਦਾਂ ਵਿਚ ਬਦਲ ਦਿੱਤਾ। ਇਹੀ ਸ਼ਬਦ ਲੋਕ ਮੁੱਖ ਦੀ ਟਕਸਾਲ ਵਿਚ ਢਲ ਕੇ 'ਮਸੰਦ' ਬਣ ਗਿਆ ਜੋ ਮਸਨਦ-ਨਸ਼ੀਨ ਵਿਅਕਤੀਆਂ ਲਈ ਵਰਤਿਆ ਜਾਣ ਲੱਗਾ। ਕਾਲਾਂਤਰ ਵਿਚ ਮਸੰਦਾਂ ਦੀਆਂ ਮਨਮਾਨੀਆਂ ਅਤੇ ਖ਼ੁਦਮੁਖ਼ਤਿਆਰੀਆਂ ਦੇ ਫਲਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ 'ਮਸੰਦ ਪ੍ਰਥਾ' ਖ਼ਤਮ ਕਰ ਦਿੱਤੀ। ਇਹ ਮੰਜੀਆਂ ਜਾਂ ਮਸਨਦਾਂ ਸਿੱਖ ਧਰਮ ਦੇ ਪ੍ਰਚਾਰ ਕੇਂਦਰ ਸਨ ਜਿੱਥੇ ਸਿੱਖ ਸ਼ਰਧਾਲੂ ਇਕੱਠੇ ਰਹਿੰਦੇ ਸਨ ਅਤੇ ਉੱਥੋਂ ਦੇ ਪ੍ਰਬੰਧਕ ਉਨਾਂ ਦਾ ਸੰਪਰਕ ਕਿਸੇ ਨਾ ਕਿਸੇ ਰੂਪ ਵਿਚ ਗੱਦੀ-ਨਸ਼ੀਨ ਜੀ ਨਾਲ ਬਣਾਈ ਰੱਖਦੇ। ਇਨਾਂ ਧਰਮ-ਕੇਂਦਰਾਂ ਉਤੇ ਸਦਾਚਰਣ, ਸੇਵਾ, ਸਿਮਰਨ, ਕਥਾ-ਕੀਰਤਨ ਦੇ ਨਾਲ-ਨਾਲ ਬਾਣੀ ਦਾ ਪਠਨ-ਪਾਠਨ ਕੀਤਾ ਜਾਂਦਾ ਸੀ। ਜਿਗਿਆਸੂਆਂ ਨੂੰ ਗੁਰੂ ਨਾਲ ਜੋੜਿਆ ਜਾਂਦਾ ਸੀ-ਆਪਿ ਜਪੈ ਅਵਰਹ ਨਾਮੁ ਜਪਾਵੈ (ਪੰਨਾ 1206) ਦੇ ਗੁਰਵਾਕ ਅਨੁਸਾਰ ਦੀਪਕ ਨਾਲ ਦੀਪਕ ਜਗਾ ਕੇ ਸਿੱਖੀ ਦਾ ਵਿਸਤਾਰ ਕੀਤਾ ਜਾਂਦਾ ਸੀ।

ਸਿੱਖ ਧਰਮ ਪ੍ਰਚਾਰ ਕੇਂਦਰਾਂ ਲਈ ਉਦੋਂ ਤਕ 'ਗੁਰਦੁਆਰਾ' ਸ਼ਬਦ ਦੀ ਵਰਤੋਂ ਨਹੀਂ ਸੀ ਹੁੰਦੀ। ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ ਇਹ ਸ਼ਬਦ ਕੁਝ ਸੰਦਰਭਾਂ ਵਿਚ ਦੋ ਅਰਥਾਂ ਵਿਚ ਵਰਤਿਆ ਹੋਇਆ ਜ਼ਰੂਰ ਮਿਲਦਾ ਹੈ। ਇਕ, ਗੁਰੂ ਦੇ ਰਾਹੀਂ ਜਾਂ ਮਾਰਫ਼ਤ ਅਤੇ ਦੂਜਾ ਗੁਰੂ ਦਾ ਦਰ/ਘਰ। 'ਗੁਰਦੁਆਰਾ' ਦਾ ਅਜੋਕਾ ਰੂੜ ਰੂਪ ਉਦੋਂ ਪ੍ਰਚਲਿਤ ਨਹੀਂ ਸੀ ਹੋਇਆ।

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ, ਤਰਨ ਤਾਰਨ ਦਾ ਸਰੋਵਰ ਖੁਦਵਾਇਆ ਅਤੇ ਕਰਤਾਰਪੁਰ (ਜ਼ਿਲਾ ਜਲੰਧਰ) ਦਾ ਨਗਰ ਵਸਾਇਆ। ਪਰ ਧਰਮ-ਕੇਂਦਰ ਵਜੋਂ ਕਿਸੇ ਇਮਾਰਤ ਦੀ ਉਸਾਰੀ ਨਹੀਂ ਕਰਵਾਈ, ਨਾ ਹੀ ਗੁਰੂ-ਧਾਮਾਂ ਦੀ ਨਿਸ਼ਾਨਦੇਹੀ ਕੀਤੀ ਗਈ। ਉਨਾਂ ਤੋਂ ਬਾਅਦ ਛੇਵੇਂ ਗੁਰੂ ਸਾਹਿਬ ਨੇ ਬਾਬਾ ਸਿਰੀ ਚੰਦ ਦੁਆਰਾ ਪ੍ਰਚਾਰੇ ਜਾ ਰਹੇ ਉਦਾਸੀ ਮਤ ਨੂੰ ਜਾਰੀ ਰੱਖਣ ਲਈ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਅਰਪਿਤ ਕੀਤਾ ਜਿਨਾਂ ਨੇ ਚਾਰ ਧੂਣਿਆਂ ਦੀ ਸਥਾਪਨਾ ਕੀਤੀ ਅਤੇ ਪਰਵਰਤੀ ਗੁਰੂ ਸਾਹਿਬਾਨ ਵੱਲੋਂ ਛੇ ਬਖ਼ਸ਼ਿਸ਼ਾਂ ਦੀ ਵਿਵਸਥਾ ਵੀ ਕੀਤੀ ਗਈ। ਜੋ ਬਾਅਦ ਵਿਚ ਦਸਨਾਮੀ ਉਦਾਸੀ ਸਾਧ ਅਖਵਾਏ। ਗੁਰੂ ਹਰਿਗੋਬਿੰਦ ਸਾਹਿਬ ਨੇ ਖ਼ੁਦ ਅਕਾਲ ਤਖ਼ਤ, ਕੌਲਸਰ, ਬਿਬੇਕਸਰ, ਗੁਰੂ ਅਰਜਨ ਦੇਵ ਜੀ ਦਾ ਦੇਹੁਰਾ ਆਦਿ ਸਰੋਵਰਾਂ ਅਤੇ ਇਮਾਰਤਾਂ ਦਾ ਨਿਰਮਾਣ ਕਰਵਾਇਆ। ਗੁਰੂ-ਧਾਮਾਂ ਦੀ ਨਿਸ਼ਾਨਦੇਹੀ ਦੇ ਕੰਮ ਲਈ ਚਾਰ ਧੂਣਿਆਂ ਵਾਲੇ ਸਾਧਾਂ ਨੂੰ ਪ੍ਰੇਰਿਆ। ਸਭ ਤੋਂ ਪਹਿਲਾਂ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀ ਯਾਦ ਨਾਲ ਸਬੰਧਤ ਸਥਾਨ ਲੱਭੇ। ਇਨਾਂ ਦਸਨਾਮੀ ਉਦਾਸੀ ਸਾਧਾਂ ਨੇ ਗੁਰੂ ਧਾਮਾਂ ਦੀ ਨਿਸ਼ਾਨਦੇਹੀ ਕਰਨੀ ਅਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਹੀ ਆਪਣੀ ਸੰਪ੍ਰਦਾਇ ਦਾ ਮਨੋਰਥ ਬਣਾ ਲਿਆ। ਸੱਚ ਤਾਂ ਇਹ ਹੈ ਕਿ ਜੇ ਉਦਾਸੀ ਸੰਤ ਉੱਦਮ ਨਾ ਕਰਦੇ ਤਾਂ ਅੱਜ ਸਾਨੂੰ ਬਹੁਤ ਘੱਟ ਗੁਰੂ-ਧਾਮ ਨਜ਼ਰ ਆਉਂਦੇ। ਗੁਰੂ ਨਾਨਕ ਦੇਵ ਜੀ ਸਬੰਧੀ ਜਿੰਨੇ ਵੀ ਗੁਰੂ-ਧਾਮ ਬਣੇ, ਦੇਸ਼ ਦੇ ਜਿਸ ਕੋਨੇ ਵਿਚ ਬਣੇ, ਦੇਸ ਤੋਂ ਬਾਹਰ ਵੀ ਇਹ ਸਭ ਉਦਾਸੀ ਸੰਤਾਂ ਦੀ ਦੇਣ ਹੈ। ਘਰ-ਬਾਰ ਦੀ ਚਿੰਤਾ ਤੋਂ ਮੁਕਤ ਹੋ ਕੇ ਇਨਾਂ ਸਾਧਾਂ ਨੇ ਜਨਮਸਾਖੀਆਂ ਵਿਚ ਉਲਿਖਤ ਸਥਾਨਾਂ ਨੂੰ ਲੱਭਿਆ ਅਤੇ ਉਥੋਂ ਦੇ ਨਿਵਾਸੀਆਂ ਤੋਂ ਪੁੱਛ-ਪੜਤਾਲ ਕਰ ਕੇ ਬਾਬੇ ਨਾਨਕ ਦੇ ਝੰਡੇ ਗੱਡ ਦਿੱਤੇ। ਇਸ ਤਰਾਂ ਉਨਾਂ ਨੇ ਗੁਰੂ-ਧਾਮਾਂ ਦਾ ਉਧਾਰ ਕੀਤਾ ਅਤੇ ਕਥਾਵਾਰਤਾ ਦੀ ਵਿਵਸਥਾ ਕਰਕੇ ਗੁਰੂ ਨਾਨਕ ਦੇਵ ਜੀ ਦੀ ਧਾਰਮਿਕਤਾ ਨੂੰ ਦੂਰ-ਦੂਰ ਤਕ ਪਹੁੰਚਾਇਆ ਅਤੇ ਗੁਰੂ ਨਾਨਤ ਮਤ ਦਾ ਵਿਆਪਕ ਪ੍ਰਚਾਰ ਕੀਤਾ।

ਉਦਾਸੀ ਸੰਤਾਂ ਨੇ ਜੋ ਜੋ ਗੁਰੂ ਧਾਮ ਲੱਭੇ, ਪਹਿਲਾਂ ਉੱਥੇ ਥੜੇ ਬਣਵਾਏ। ਹੌਲੀ-ਹੌਲੀ ਅਨੁਯਾਈਆਂ ਦੇ ਮਿਲ ਬੈਠਣ ਲਈ ਕੋਠੇ ਜਾਂ ਕੱਚੇ ਕਮਰੇ ਹੋਂਦ ਵਿਚ ਆਉਣ ਲੱਗੇ। ਇਨਾਂ ਦਾ ਨਾਂ ਇਲਾਕਾਈ ਭਾਸ਼ਾਵਾਂ ਅਨੁਸਾਰ ਥੜਾ ਸਾਹਿਬ, ਮੰਜੀ ਸਾਹਿਬ, ਦੇਹੁਰਾ ਸਾਹਿਬ, ਮਟ/ਮੱਠ ਆਦਿ ਪ੍ਰਚਲਿਤ ਹੋਏ। ਉੱਤਰ ਪ੍ਰਦੇਸ਼, ਬਿਹਾਰ ਆਦਿ ਸੂਬਿਆਂ ਵਿਚ ਸਿੱਖ ਸੇਵਕਾਂ ਦੇ ਜੁੜ ਬੈਠਣ ਵਾਲੇ ਇਨਾਂ ਧਰਮ-ਧਾਮਾਂ ਨੂੰ 'ਸੰਗਤ' ਕਿਹਾ ਜਾਣ ਲੱਗਾ। ਪਹਿਲਾਂ-ਪਿਛੋਂ ਬਣੀਆਂ ਸੰਗਤਾਂ ਨੂੰ ਬੜੀ ਸੰਗਤ, ਨਈ ਸੰਗਤ ਆਦਿ ਨਾਂ ਦਿੱਤੇ ਗਏ। 'ਧਰਮਸਾਲ' ਨਾਂ ਵੀ ਨਾਲ ਨਾਲ ਪ੍ਰਚੱਲਤ ਰਿਹਾ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮਹਾ-ਪ੍ਰਸਥਾਨ ਕਰਨ ਵੇਲੇ ਗੁਰਬਾਣੀ ਦੇ ਸੰਗ੍ਰਹਿ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਪਦ ਅਥਵਾ ਗੁਰੂਤਾ ਪ੍ਰਦਾਨ ਕੀਤੀ। ਉਸ ਤੋਂ ਬਾਅਦ ਧਰਮ-ਧਾਮਾਂ ਅਥਵਾ ਕੇਂਦਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸਥਾਪਤ ਹੋਣ ਲੱਗੀਆਂ। ਗੁਰੂ ਗ੍ਰੰਥ ਸਾਹਿਬ ਦੀ ਸਥਾਪਤੀ ਨਾਲ ਧਰਮ ਧਾਮਾਂ ਨੂੰ 'ਗੁਰਦੁਆਰਾ' ਕਿਹਾ ਜਾਣ ਲੱਗਿਆ ਅਤੇ ਇਹ ਨਾਂ ਹੌਲੀ ਹੌਲੀ ਸਰਬ ਪ੍ਰਚਲਿਤ ਹੋ ਗਿਆ। ਹੁਣ ਇਸ ਤੋਂ ਭਾਵ ਹੈ ਸਿੱਖ ਧਰਮ ਦੀ ਉਹ ਟਕਸਾਲ, ਜਿੱਥੇ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਵਿਚ ਸਿੱਖ ਜਗਿਆਸੂਆਂ ਦੇ ਵਿਅਕਤਿਤਵ ਨੂੰ ਗੁਰਮਤਿ ਦੇ ਆਸ਼ੇ ਅਨੁਸਾਰ ਸੰਵਾਰਨ ਤੋਂ ਇਲਾਵਾ ਅਨੇਕ ਪ੍ਰਕਾਰ ਦੀਆਂ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਦੀ ਵਿਵਸਥਾ ਹੁੰਦੀ ਹੈ।

ਗੁਰੂ ਧਾਮਾਂ ਦੀ ਨਿਸ਼ਾਨਦੇਹੀ ਦਾ ਦੂਜਾ ਦੌਰ ਸਿੱਖ ਮਿਸਲਾਂ ਦੇ ਸਮੇਂ ਸ਼ੁਰੂ ਹੋਇਆ। ਸਿੱਖ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਕਈ ਸਿੱਖ ਮਿਸਲਾਂ ਦੇ ਮੁਖੀਆਂ ਨੇ ਮਿਲ ਕੇ 11 ਮਾਰਚ 1783 ਈ. ਨੂੰ ਦਿੱਲੀ ਜਿੱਤ ਕੇ ਲਾਲ ਕਿਲੇ ਵਿਚ ਪ੍ਰਵੇਸ਼ ਕੀਤਾ। ਪਰ ਸ਼ਾਹ ਆਲਮ ਤੋਂ, ਬੇਗਮ ਸਮਰੂ ਦੀ ਵਿਚੋਲਗੀ ਰਾਹੀਂ ਤਿੰਨ ਲੱਖ ਰੁਪਏ ਹਰਜਾਨਾ ਲੈ ਕੇ ਦਿੱਲੀ ਤੋਂ ਸਿੱਖ ਜਰਨੈਲ ਇਸ ਸ਼ਰਤ ਉੱਤੇ ਪਰਤਣ ਨੂੰ ਮੰਨੇ ਕਿ ਮੁਗਲ ਬਾਦਸ਼ਾਹ ਸਿੱਖ ਗੁਰੂ ਧਾਮਾਂ ਦੀ ਨਿਸ਼ਾਨਦੇਹੀ ਕਰਵਾਏਗਾ। ਸਿੱਖ ਸੈਨਾ ਦੇ ਪਰਤਣ ਤੋਂ ਬਾਅਦ ਸ. ਬਘੇਲ ਸਿੰਘ ਚਾਰ ਹਜ਼ਾਰ ਘੋੜ-ਸਵਾਰਾਂ ਸਹਿਤ ਅੱਠ ਮਹੀਨੇ ਦਿੱਲੀ ਰਹੇ ਅਤੇ ਸੱਤ ਗੁਰੂ ਧਾਮਾਂ ਸੀਸ ਗੰਜ, ਬੰਗਲਾ ਸਾਹਿਬ, ਬਾਲਾ ਸਾਹਿਬ, ਰਕਾਬ ਗੰਜ, ਮਜਨੂੰ ਟਿੱਲਾ, ਮੋਤੀ ਬਾਗ ਅਤੇ ਤੇਲੀਵਾੜਾ ਦੀ ਉਸਾਰੀ ਕਰਵਾ ਕੇ ਦਸੰਬਰ 1783 ਈ. ਨੂੰ ਪੰਜਾਬ ਵਿਚ ਪਰਤੇ। ਹੋਰਨਾਂ ਇਲਾਕਿਆਂ ਵਿਚ ਵੀ ਰਾਜਨੈਤਿਕ ਸਥਿਰਤਾ ਕਰਕੇ ਗੁਰੂ ਧਾਮਾਂ ਦੀ ਬਹੁਤ ਉਸਾਰੀ ਹੋਈ। ਇਤਿਹਾਸਕ ਗੁਰੂ ਧਾਮਾਂ ਨਾਲ ਮਹਾਰਾਜਾ ਰਣਜੀਤ ਸਿੰਘ ਅਤੇ ਕਈ ਹੋਰ ਸਰਦਾਰਾਂ ਨੇ ਨਿੱਤ ਦੇ ਖਰਚਿਆਂ ਅਤੇ ਲੰਗਰ ਦੀ ਸੇਵਾ ਲਈ ਬੜੀ ਉਦਾਰਤਾ ਨਾਲ ਜਾਗੀਰਾਂ ਲਗਵਾਈਆਂ ਪਰ ਖੇਦ ਹੈ ਕਿ ਘੋੜਿਆਂ ਦੀਆਂ ਕਾਠੀਆਂ ਉੱਤੇ ਬੈਠਣ ਵਾਲੇ ਸਿੱਖ ਸੁਖ ਸੁਵਿਧਾਵਾਂ ਕਾਰਨ ਸਿੱਖੀ ਦੇ ਅਸੂਲਾਂ ਤੋਂ ਡਿੱਗਦੇ ਗਏ। ਸ਼ਹਾਦਤ ਦਾ ਜਾਮ ਪੀਣ ਵਾਲੇ ਸੁਰਾਪਾਨ ਵੱਲ ਰੁਚਿਤ ਹੋ ਗਏ। ਪਰਿਸਥਿਤੀਆਂ ਅਨੁਸਾਰ ਆਪਣੇ ਸੁਆਰਥਾਂ ਨੂੰ ਸਾਹਮਣੇ ਰੱਖਦੇ ਹੋਏ ਲੱਖਾਂ ਦੀ ਗਿਣਤੀ ਵਿਚ ਹੋਰ ਲੋਕ ਸਿੱਖੀ ਸਰੂਪ ਵੱਲ ਖਿੱਚੇ ਗਏ। ਉਹ ਭਾਵੇਂ ਦਰਸ਼ਨੀ ਸਿੱਖ ਬਣ ਗਏ ਪਰ ਉਹ ਮਨ ਅੰਦਰੋਂ ਬ੍ਰਾਹਮਣੀ ਰੁਚੀਆਂ ਵਾਲੇ ਸਨ। ਫਲਸਰੂਪ ਸਿੱਖੀ ਦਾ ਸ਼ੁੱਧ ਸਰੂਪ ਵਿਗੜ ਗਿਆ। ਗੁਰਦੁਆਰਿਆਂ ਵਿਚ ਗੁਰਮਤਿ ਅਨੁਸਾਰ ਸੇਵਾ ਹੋਣੀ ਬੰਦ ਹੋ ਗਈ। ਸਿੱਖ ਰਾਜ ਦੀ ਸਮਾਪਤੀ ਨਾਲ ਅਜਿਹੇ ਸਿੱਖਾਂ ਦਾ ਅਸਲੀ ਚਿਹਰਾ ਨੰਗਾ ਹੋ ਗਿਆ ਅਤੇ ਉਹ ਮੁੜ ਆਪਣੇ ਵਿਰਸੇ ਨਾਲ ਜਾ ਜੁੜੇ।

ਗੁਰਦੁਆਰਿਆਂ ਨਾਲ ਲੱਗੀਆਂ ਜ਼ਮੀਨਾਂ ਅਤੇ ਜਾਇਦਾਦਾਂ ਦੀ ਆਮਦਨ ਨੇ ਪੁਜਾਰੀਆਂ ਨੂੰ ਵਿਲਾਸਤਾ ਵੱਲ ਰੁਚਿਤ ਕੀਤਾ ਅਤੇ ਧਾਰਮਿਕ ਪ੍ਰਚਾਰ ਨੂੰ ਬ੍ਰਾਹਮਣਵਾਦ ਨੇ ਆਪਣੇ ਘੇਰੇ ਵਿਚ ਲੈ ਲਿਆ। ਸਿੱਖ ਰਾਜ ਦੀ ਸਮਾਪਤੀ ਨਾਲ ਗੁਰਦੁਆਰਿਆਂ ਵਿਚ ਧਰਮ ਪ੍ਰਚਾਰ ਦਾ ਕੰਮ ਰੁਕ ਗਿਆ। ਪੁਜਾਰੀ, ਸੰਤ, ਮਹੰਤ ਗੁਰ-ਮਰਿਆਦਾ ਤੋਂ ਲਾਪਰਵਾਹ ਹੋ ਗਏ ਅਤੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਨੂੰ ਨਿਜੀ ਮਲਕੀਅਤ ਸਮਝ ਕੇ ਆਪਣੇ ਫਰਜ਼ਾਂ ਤੋਂ ਕੋਤਾਹੀ ਕਰਨ ਲੱਗੇ। ਇਸੇ ਦੌਰਾਨ ਅੰਗਰੇਜ਼ ਸਰਕਾਰ ਨੇ ਇਕ ਨਵਾਂ ਕਾਨੂੰਨ ਬਣਾ ਦਿੱਤਾ ਕਿ 12 ਸਾਲ ਤੋਂ ਜੋ ਜਾਇਦਾਦ ਜਿਸ ਦੇ ਕਬਜ਼ੇ ਵਿਚ ਚਲੀ ਆ ਰਹੀ ਹੋਵੇ, ਉਹ ਉਸੇ ਦੀ ਮਲਕੀਅਤ ਰਹੇਗੀ। ਇਸ ਮਲਕੀਅਤ ਦੀ ਓਟ ਵਿਚ ਪੁਜਾਰੀ ਮਹੰਤਾਂ ਨੇ ਗੁਰਦੁਆਰਿਆਂ ਨੂੰ ਐਸ਼-ਪ੍ਰਸਤੀ ਦੇ ਅੱਡੇ ਬਣਾਉਣ ਤੋਂ ਇਲਾਵਾ ਜਾਇਦਾਦਾਂ ਨੂੰ ਵੇਚਣਾ ਅਤੇ ਖੁਰਦ-ਬੁਰਦ ਕਰਨਾ ਵੀ ਸ਼ੁਰੂ ਕਰ ਦਿੱਤਾ। ਧਰਮ-ਪ੍ਰਚਾਰ ਵਿਚ ਆਏ ਨਿਘਾਰ ਦੇ ਪ੍ਰਤੀਕਰਮ ਵਜੋਂ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਅਤੇ ਸਿੰਘ ਸਭਾ ਲਹਿਰ ਹੋਂਦ ਵਿਚ ਆਈਆਂ ਅਤੇ ਗੁਰਦੁਆਰਾ ਸੰਸਥਾ ਵਿਚ ਆਈ ਗਿਰਾਵਟ ਅਥਵਾ ਭ੍ਰਿਸ਼ਟਾਚਾਰ ਨੂੰ ਦੂਰ ਕਰਨ ਦੇ ਯਤਨ ਕੀਤੇ।

ਚੀਫ ਖਾਲਸਾ ਦੀਵਾਨ ਨੇ ਸਿੱਖਾਂ ਦੀ ਵਿਦਿਅਕ ਉੱਨਤੀ ਵੱਲ ਵੀ ਧਿਆਨ ਦਿੱਤਾ। ਪਰ ਇਨਾਂ ਯਤਨਾਂ ਨਾਲ ਇਤਿਹਾਸਕ ਗੁਰੂ ਧਾਮਾਂ ਦੀ ਵਿਵਸਥਾ ਵਿਚ ਕੋਈ ਸੁਧਾਰ ਨਾ ਹੋਇਆ। ਕਾਰਨ ਇਹ ਸੀ ਕਿ ਅੰਗਰੇਜ਼ ਸਰਕਾਰ ਦੇ ਪੁਜਾਰੀਆਂ, ਸੰਤਾਂ, ਮਹੰਤਾਂ ਦੀ ਪਿੱਠ ਠੋਕ ਰਹੀ ਸੀ ਕਿਉਂਕਿ ਅਜਿਹਾ ਕਰਨ ਨਾਲ ਉਹ ਗੁਰਦੁਆਰਿਆਂ/ਗੁਰੂ ਧਾਮਾਂ ਨੂੰ ਆਪਣੀ ਇੱਛਾ ਅਨੁਸਾਰ ਵਰਤ ਸਕਦੀ ਸੀ ਅਤੇ ਉਨਾਂ ਵਿਚ ਆਧੁਨਿਕ ਚੇਤਨਾ ਦੀ ਥਾਂ ਸਨਾਤਨੀ ਮਾਨਤਾਵਾਂ ਨੂੰ ਜਾਰੀ ਰੱਖ ਸਕਦੀ ਸੀ। ਅੰਗਰੇਜ਼ ਸਰਕਾਰ ਚੰਗੀ ਤਰਾਂ ਜਾਣਦੀ ਸੀ ਕਿ ਜੇ ਗੁਰੂ ਧਾਮਾਂ ਵਿਚ ਨਵੀਂ ਚੇਤਨਾ ਪ੍ਰਚਾਰੀ ਜਾਣ ਲੱਗੀ ਤਾਂ ਸਿੱਖ ਕੌਮ ਜਾਗ੍ਰਿਤ ਹੋ ਜਾਵੇਗੀ ਅਤੇ ਕਈ ਪ੍ਰਕਾਰ ਦੀਆਂ ਨਵੀਆਂ ਸਮੱਸਿਆਵਾਂ ਖੜੀਆਂ ਹੋ ਜਾਣਗੀਆਂ ਪਰ ਨਵੀਂ ਚੇਤਨਾ ਨੂੰ ਪੈਦਾ ਹੋਣੋਂ ਸਰਕਾਰ ਕਦ ਤਕ ਦਬਾ ਕੇ ਰੱਖ ਸਕਦੀ ਸੀ। ਆਖਰ ਇਸ ਨੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋਣਾ ਹੀ ਸੀ। ਸਿੱਖ ਧਰਮੀਆਂ ਤੋਂ ਗੁਰੂ ਧਾਮਾਂ ਵਿਚ ਹੋ ਰਹੇ ਅਨਾਚਾਰ ਸਹਿਨ ਨਾ ਹੋ ਸਕੇ। ਇਨਾਂ ਸੋਚਾਂ ਨੇ 'ਗੁਰਦੁਆਰਾ ਸੁਧਾਰ ਲਹਿਰ' ਨੂੰ ਜਨਮ ਦਿੱਤਾ ਅਤੇ ਇਸ ਲਹਿਰ ਨੂੰ ਜਥੇਬੰਧਕ ਢੰਗ ਨਾਲ ਚਲਾਉਣ ਲਈ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ। ਸੰਨ 1920 ਤੋਂ 1925 ਈ. ਤੱਕ ਗੁਰਦੁਆਰਾ ਸੁਧਾਰ ਲਹਿਰ ਦਾ ਸੰਘਰਸ਼ਸ਼ੀਲ ਸਮਾਂ ਸੀ। ਇਸ ਕਾਲ ਵਿਚ ਸਿੱਖਾਂ ਨੇ ਬੇਮਿਸਾਲ ਕੁਰਬਾਨੀਆਂ ਦੇ ਕੇ ਗੁਰਦੁਆਰੇ ਆਜ਼ਾਦ ਕਰਵਾਏ। ਉਨਾਂ ਦੀ ਵਿਵਸਥਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ ਅਤੇ ਸੰਨ 1925ਈ. ਵਿਚ ਸਿੱਖ ਗੁਰਦੁਆਰਾ ਐਕਟ ਹੋਂਦ ਵਿਚ ਆਇਆ। ਇਸ ਐਕਟ ਅਧੀਨ ਸਥਾਨਕ ਕਮੇਟੀਆਂ ਦੁਆਰਾ ਗੁਰਦੁਆਰਿਆਂ ਦੀ ਪ੍ਰਬੰਧਕ ਵਿਵਸਥਾ ਕੀਤੀ ਜਾਣ ਲੱਗੀ। ਉਦੋਂ ਸਿੱਧੇ ਤੌਰ 'ਤੇ ਕਿਸੇ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਅਧੀਨ ਨਹੀਂ ਸੀ। ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਚਲਾਉਣ ਲਈ ਵਿੱਤੀ ਸਹਾਇਤਾ ਵਜੋਂ ਸਥਾਨਕ ਕਮੇਟੀਆਂ ਨੂੰ ਆਪਣੀ ਆਮਦਨ ਦਾ ਦਸਵਾਂ ਹਿੱਸਾ ਸ਼੍ਰੋਮਣੀ ਕਮੇਟੀ ਪਾਸ ਭੇਜਣਾ ਹੁੰਦਾ ਸੀ। ਪਰ ਗੁਰਦੁਆਰਿਆਂ ਦੀਆਂ ਸਥਾਨਕ ਕਮੇਟੀਆਂ ਕਈ ਵਾਰ ਸ਼੍ਰੋਮਣੀ ਕਮੇਟੀ ਪਾਸ ਦਸਵੰਧ ਜਮਾਂ ਨਹੀਂ ਕਰਾਉਂਦੀਆਂ ਸਨ ਜਾਂ ਸਮੇਂ ਸਿਰ ਨਿਯਮ ਅਨੁਸਾਰ ਨਹੀਂ ਭੇਜਦੀਆਂ ਸਨ। ਇਸ ਨਾਲ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਅਤੇ ਕਿਸੇ ਪ੍ਰਕਾਰ ਦਾ ਧਾਰਮਿਕ ਪ੍ਰਚਾਰ ਕਰਨ ਲਈ ਕੋਈ ਵਿਵਸਥਾ ਕਰਨੀ ਔਖੀ ਹੋ ਜਾਂਦੀ। ਧਰਮ ਪ੍ਰਚਾਰ ਦਾ ਕੰਮ ਸਥਾਨਕ ਕਮੇਟੀਆਂ ਦੇ ਵੱਸ ਵਿਚ ਸੀ। ਸ਼੍ਰੋਮਣੀ ਕਮੇਟੀ ਦੀ ਹੈਸੀਅਤ ਉਦੋਂ ਕੇਵਲ ਸਿੱਖਾਂ ਦੀ ਕੇਂਦਰ ਸੱਤਾ ਵਾਲੀ ਸੀ, ਸੁਧਾਰ ਲਈ ਖਰਚ ਕੀਤੇ ਜਾਣ ਵਾਲੇ ਧਨ ਤੋਂ ਇਹ ਵੰਚਿਤ ਸੀ।

ਬਾਕੀ ਸਫ਼ਾ 31 'ਤੇ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 5**

## - ਬਲਦੇਵ ਸਿੰਘ ਬੁੱਧ ਸਿੰਘ ਵਾਲਾ

ਦਿਨ ਚੜਿਆ ਸੂਰਜ ਨੇ ਆਪਣੀਆਂ ਸੁਨਹਿਰੀ ਕਿਰਨਾਂ ਛੱਡੀਆਂ। ਚਿੜੀਆਂ ਚੂਕੀਆਂ, ਇਹ ਸਾਰੇ ਕੋਈ ਦੋ ਕੁ ਸੋ ਦੇ ਲਗਭਗ ਅਲੱਗ-ਅਲੱਗ ਯੂਨਿਟਾਂ ਤੋਂ ਭੱਜੇ ਸਨ ਤੇ ਦੋ ਦੋ ਸੋ ਦੇ ਗਰੁੱਪਾਂ ਵਿੱਚ ਅਲੱਗ-ਅਲੱਗ ਥਾਵਾਂ ਤੇ ਰੱਖੇ ਸਨ। ਦੁੱਧ ਵਾਲੇ ਡਰੰਮ ਵਿੱਚ ਚਾਹ ਸੀ, ਸਾਰਿਆਂ ਨੇ ਚਾਹ ਪੀਤੀ। ਚਾਹ ਵੀ ਛਵਕਲ ਪਾਣੀ ਸੀ ਪਰ ਪੀਣੀ ਤਾਂ ਪੈਣੀ ਸੀ। ਫਿਰ ਪੰਦਰਾਂ-ਪੰਦਰਾਂ ਨੂੰ ਇਸ਼ਨਾਨ ਪਾਣੀ ਵਾਸਤੇ ਲਿਜਾਇਆ ਗਿਆ। ਜਿਵੇਂ ਪੰਜਾਬ ਵਿੱਚ ਥਾਣਿਆਂ ਵਿੱਚੋਂ ਲਿਜਾਂਦੇ ਹਨ। ਬੈਰਕ ਵਿੱਚ ਜਗਾ ਇੱਕ ਸੋ ਦੀ ਸੀ ਪਰ ਉਥੇ ਦੋ ਸੋ ਫੌਜੀ ਤੁੰਨੇ ਹੋਏ ਸਨ।

'ਯਾਰ ਮੈਂ ਪਿਸ਼ਾਬ ਕਰਨਾ ਸੀ' ਦੂਜੀਆਂ ਯੂਨਿਟਾਂ ਵਿੱਚੋਂ ਆਏ ਇੱਕ ਨੇ ਕਿਹਾ।

'ਭਰਾਵਾ ਏਥੇ ਕੇੜਾ ਬਾਥਰੂਮ ਆ ਸਾਰ ਸੂਰ ਲਾ ਕਿਵੇਂ ਨਾ ਕਿਵੇਂ' ਅੱਗੋਂ ਜਵਾਬ ਮਿਲਿਆ।

'ਨਈਂ ਯਾਰ ਮੈਥੋਂ ਨੀ ਰੁਕਿਆ ਜਾਂਦਾ ਮੈਂ ਤਾਂ ਏਥੇ ਕਰਦਾਂ!'

'ਜੁੱਤੀਆਂ ਨਾ ਖਾਲੀਂ ਕਿਤੇ' ਅੱਗੋਂ ਉੱਤਰ ਮਿਲਿਆ।

'ਭਰਾਵੋ ਕਿਉਂ ਜੁੱਤੀਓ ਜੁੱਤੀ ਹੁੰਦੇ ਓ? ਹੁਣ ਏਨੂੰ ਆਇਆ ਫਿਰ ਸਾਰਿਆਂ ਨੂੰ ਆਊ' ਵਿੱਚੋਂ ਕਿਸੇ ਨੇ ਕਿਹਾ।

'ਲੋੜ ਕਾਢ ਦੀ ਮਾਂ ਹੈ ਆਜਾ ਚੜ ਮੇਰੇ ਮੋਢਿਆਂ ਤੇ ਤੇ ਬਾਰੀ ਵਿਚਦੀ ਸ਼ਰਲਾ ਛੱਡ ਦੇ' ਇੱਕ ਨਿਹੰਗ ਸਿੰਘ ਟਾਈਪ ਦੇ ਫੌਜੀ ਨੇ ਕਿਹਾ। ਉਸਨੇ ਮੋਢਿਆਂ ਤੇ ਚੜਕੇ ਬਾਰੀ ਥਾਣੀ ਪਿਸ਼ਾਬ ਕਰ ਦਿਤਾ। ਫਿਰ ਸਾਰਿਆਂ ਨੂੰ ਪਿਸ਼ਾਬ ਆ ਗਿਆ ਜਿਵੇਂ ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ। ਉਹੋ ਗੱਲ ਬਣੀ ਜਿਸਨੂੰ ਨਹੀਂ ਪਿਸ਼ਾਬ ਆਉਂਦਾ ਉਸਨੇ ਵੀ ਕੀਤਾ। ਇਸੇ ਤਰਾਂ ਹਰ ਰੋਜ਼ ਹੀ ਬਾਰੀਆਂ ਵਿੱਚਦੀ ਪਿਸ਼ਾਬ ਕਰਨਾ ਪੈਂਦਾ। ਕੁਛ ਦਿਨ ਬਾਅਦ ਫੌਜੀ ਟਰੱਕ ਆ ਗਏ।

'ਮੂਵ ਟਰੱਕੋਂ ਮੇਂ ਬੈਠੋ' ਰਾਤ ਨੂੰ ਖਾਣੇ ਤੋਂ ਬਾਅਦ ਸੀਟੀ ਮਾਰਕੇ ਹੌਲਦਾਰ ਨੇ ਕਿਹਾ ਸਾਰੇ ਕੁੱਕੜਾਂ ਵਾਂਗੂੰ ਟਰੱਕਾਂ ਵਿੱਚ ਤਾੜ ਦਿੱਤੇ। ਟਰੱਕ ਸਾਰੇ ਫੌਜੀਆਂ ਨੂੰ ਰੇਲਵੇ ਸਟੇਸ਼ਨ ਦੇ ਯਾਰਡ ਵਿੱਚ ਲੈ ਗਏ ਚਾਰ ਚੁਫੇਰੇ ਸਖ਼ਤ ਪਹਿਰਾ ਲੱਗਾ ਹੋਇਆ ਸੀ।

'ਸਾਰੇ ਬੈਠੋ ਰੇਲ ਗਾੜੀ ਮੇਂ!' ਕੈਪਟਨ ਨੇ ਆਡਰ ਦਿੱਤਾ, ਜੋ ਹਿੰਦੂ ਸੀ। ਬੈਠਦਿਆਂ ਸਾਰ ਗੱਡੀ ਸੀਟੀ ਮਾਰਕੇ ਤੁਰ ਪਈ। ਰੇਲ ਗੱਡੀ ਦੇ ਸ਼ੀਸ਼ੇ ਕਾਲੇ ਸਨ, ਬਾਰੀਆਂ ਜਿੰਦੇ ਲਾ ਕੇ ਬੰਦ ਕੀਤੀਆਂ ਸਨ। ਕਈ ਪਤਾ ਨਹੀਂ ਸੀ ਲੱਗ ਰਿਹਾ ਕਿ ਗੱਡੀ ਕਿੱਧਰ ਜਾ ਰਹੀ ਹੈ ਕਿਸੇ ਸ਼ਟੇਸ਼ਨ ਤੇ ਰੁਕਦੀ ਵੀ ਨਹੀਂ ਸੀ। ਸਾਰੀ ਰਾਤ ਗੱਡੀ ਚੱਲਦੀ ਰਹੀ। ਸਾਰੇ ਫੌਜੀ ਭੁੱਖੇ ਪਿਆਸੇ ਸਨ। ਆਖਰ ਰਾਤ ਨੂੰ ਗੱਡੀ ਰੁਕ ਗਈ ਸਾਰਿਆਂ ਨੇ ਸੁਖ ਦਾ ਸਾਹ ਲਿਆ। ਅੱਗੇ ਫ਼ੌਜੀ ਟਰੱਕ ਸਨ। ਰਾਤ ਦੇ ਹਨੇਰੇ ਵਿੱਚ ਸਾਰਿਆਂ ਨੂੰ ਟਰੱਕਾਂ ਵਿੱਚ ਬਿਠਾ ਕੇ ਲੈ ਗਏ ਕੋਈ ਪਤਾ ਨਹੀਂ ਲੱਗਣ ਦਿੱਤਾ ਕਿ ਕਿਹੜਾ ਸ਼ਹਿਰ ਹੈ। ਰਾਤ ਨੂੰ ਉਤਾਰ ਕੇ ਇੱਕ ਵੱਡੀ ਸਾਰੀ ਬੈਰਕ ਵਿੱਚ ਵਾੜ ਦਿੱਤਾ। ਜਿਸ ਵਿੱਚ ਕੋਈ ਲਾਈਟ ਨਹੀਂ ਸੀ। ਸੀਟੀ ਵੱਜੀ! ਸੂਬੇਦਾਰ ਨੇ ਕਿਹਾ।

'ਆ ਕੇ ਬ੍ਰੇਕ ਫਸਟ ਲੇ ਲੋ' ਸਾਰੇ ਖਾਣੇ ਵਾਸਤੇ ਦੌੜ ਪਏ ਕਿਉਂਕਿ ਭੁੱਖੇ ਤਿਹਾਏ ਸਨ। ਦੁਪਹਿਰੇ ਫ਼ੌਜੀਆਂ ਨੂੰ ਇਕੱਠੇ ਕਰ ਲਿਆ ਅਤੇ ਛੋਟੀਆਂ ਛੋਟੀਆਂ ਕਾਲ ਕੋਠੜੀਆਂ ਵਿੱਚ ਬੰਦ ਕਰ ਦਿੱਤਾ। ਐਨੀ ਪ੍ਰਮਾਤਮਾ ਦੀ ਬਖਸ਼ਿਸ਼ ਹੋਈ ਕਿ ਕਾਮਰੇਡ, ਦਰਸ਼ਨ, ਮੀਕਾ ਤੇ ਕੇਵਲ ਅਤੇ ਚਾਰ ਪੰਜ ਹੋਰ ਇੱਕ ਕਾਲ ਕੋਠੜੀ ਵਿੱਚ ਬੰਦ ਸਨ। ਰਾਤ ਦਾ ਖਾਣਾ ਖਾ ਕੇ ਸੌਂ ਗਏ।

'ਯਾਰ ਅਜੇ ਦਿਨ ਨੀ ਚੜਿਆ' ਕਿਉਂਕਿ ਕੇਵਲ ਦੇ ਗੁੱਟ ਤੇ ਬੰਨੀ ਘੜੀ ਨੇ ਅੱਠ ਵਜਾ ਦਿੱਤੇ ਸਨ।

'ਤੇਰੀ ਘੜੀ ਰਾਤ ਦੀ ਖੜੀ ਹੋਣੀ ਆ' ਮੀਕੇ ਨੇ ਕਿਹਾ। ਕੇਵਲ ਨੇ ਮੀਕੇ ਦੇ ਕੰਨ ਨੂੰ ਲਾ ਦਿੱਤੀ, ਘੜੀ ਚੱਲ ਰਹੀ ਸੀ।

'ਹੈਂ ਏਹ ਕੀ? ਕੋਈ ਨਾ ਬਾਰੀ ਨਾ ਰੋਸ਼ਨਦਾਨ' ਮੀਕੇ ਨੇ ਚਾਰ ਚੁਫੇਰੇ ਦੇਖ ਕੇ ਕਿਹਾ। ਕਿਉਂਕਿ ਕੁਛ ਨਹੀਂ ਸੀ ਦਿਸ ਰਿਹਾ।

'ਮੈਂ ਵੀ ਸੋਚ ਰਿਹਾ ਸੀ ਕਿ ਰਾਤ ਐਡੀ ਲੰਮੀ ਹੋਗੀ' ਦਰਸ਼ਨ ਨੇ ਉਬਾਸੀ ਲੈ ਕੇ ਕਿਹਾ। ਦਰਵਾਜਾ ਖੜਕਿਆ ਸਾਰੇ ਖੜੇ ਹੋ ਗਏ। ਦਰਵਾਜਾ ਖੁੱਲ ਗਿਆ ਥੋੜਾ ਜਿਹਾ ਚਾਨਣ ਅੰਦਰ ਆਇਆ। ਕੀ ਦੇਖਦੇ ਹਨ ਕਿ ਪੰਜ ਫੌਜੀਆਂ ਕੋਲ ਟੀਨ ਦੇ ਡੱਬੇ ਹਨ ਉਹ ਇਹ ਡੱਬੇ ਸਾਰੇ ਫੌਜੀਆਂ ਨੂੰ ਦੇ ਰਹੇ ਹਨ।

'ਯੇ ਪਕੜੋ ਦੋ ਡਿੱਬੇ ਏਕ ਡਿੱਬਾ ਪਿਸ਼ਾਬ ਕੇ ਲੀਏ ਔਰ ਦੂਸਰਾ ਡਿੱਬਾ ਲੈਟਰੀਨ ਕੇ ਲੀਏ' ਅਤੇ ਨਾਲ ਹੀ ਦੋ ਡੱਬੇ ਦੇ ਕੇ ਅੱਗੇ ਦੂਜੇ ਫੌਜੀਆਂ ਨੂੰ ਦੇਣ ਚਲੇ ਗਏ ਬਾਰ ਬੰਦ ਕਰ ਦਿੱਤਾ ਕਾਲ ਕੋਠੜੀ ਵਿੱਚ ਫਿਰ ਹਨੇਰਾ ਹੋ ਗਿਆ।

'ਆਹ ਕੀ ਯਾਰ ਕੋਈ ਲੈਟ ਨੀ ਕੋਈ ਬਾਰ ਬਾਰੀ ਨੀ' ਕਾਮਰੇਡ ਨੇ ਕਿਹਾ, ਕੋਠੜੀ ਦੇ ਕੋਨੇ ਵਿੱਚ ਇਕ ਬਾਥਰੂਮ ਬਣਾਇਆ ਸੀ। ਉਹ ਗੱਲ ਵੱਖਰੀ ਸੀ ਕਿ ਦਿਸਦਾ ਕੁਛ ਨਹੀਂ ਸੀ ਬੱਸ ਫਰਕ ਐਨਾ ਸੀ ਕਿ ਦਿਨ ਵੇਲੇ ਜਦੋਂ ਰਾਸ਼ਨ ਪਾਣੀ ਦੇਣ ਆਉਂਦੇ ਤਾਂ ਮਾੜਾ ਮੋਟਾ ਦਿਸ ਪੈਂਦਾ ਸੀ ਨਹੀਂ ਤਾਂ ਭਾਲਣਾ ਪੈਂਦਾ ਸੀ। ਫਿਰ ਦਰਵਾਜੇ ਵਿੱਚਦੀ ਬ੍ਰੇਕ ਫਾਸਟ ਦੇ ਗਏ। ਇਹਨਾ ਦਾ ਦਿਲ ਕਰਦਾ ਸੀ ਕਿ ਬਾਰ ਨਾ ਬੰਦ ਕਰਨ ਪਰ ਕਿਉਂਕਿ ਬਾਰ ਖੁੱਲਣ ਨਾਲ ਮਾੜਾ ਮੋਟਾ ਸਾਹ ਆਉਂਦਾ ਸੀ ਤੇ ਬੰਦ ਕਰਨ ਤੋਂ ਬਾਅਦ ਸਾਹ ਗੁੱਟ! ਅੰਦਰੋਂ ਪਿਸ਼ਾਬ ਤੇ ਲੈਟਰੀਨ ਦੀ ਸੜੇਹਾਣ ਮਾਰ ਰਹੀ ਸੀ। ਉੱਤੋਂ ਗਰਮੀ ਹੇ ਮੇਰੇ ਮਾਲਕਾ! ਐਸੀ ਭੈੜੀ ਹਾਲਤ ਤਾਂ ਜੇਲ ਵਾਲੇ ਫਾਂਸੀ ਲੱਗਣ ਵਾਲੇ ਬੰਦੇ ਦੀ ਵੀ ਨਹੀਂ ਕਰਦੇ! ਕੁਛ ਚਿਰ ਬਾਅਦ ਭੰਗੀ ਆਕੇ ਦੋਵੇਂ ਡੱਬੇ ਲੈ ਗਿਆ ਤੇ ਹੋਰ ਡੱਬੇ ਰੱਖ ਗਿਆ ਮਾੜਾ ਜਿਹਾ ਸੁਖ ਦਾ ਸਾਹ ਆਇਆ। ਇਸ ਤਰਾਂ ਕਾਲ ਕੋਠੜੀ ਵਿੱਚ ਕਈ ਮਹੀਨੇ ਬੀਤ ਗਏ! ਨਾ ਦਿਨ ਦਾ ਪਤਾ ਲਗਦਾ ਨਾ ਰਾਤ ਦਾ ਬੱਸ ਘੜੀ ਤੋਂ ਪਤਾ ਲੱਗਦਾ ਕਿ ਹੁਣ ਰਾਤ ਹੈ ਜਾਂ ਦਿਨ। ਦੂਰ ਕਿਸੇ ਫੈਕਟਰੀ ਦਾ ਘੁੱਗੂ ਦਿਨ ਵਿੱਚ ਤਿੰਨ ਵਾਰ ਵੱਜਦਾ ਸੀ। ਸਵੇਰੇ 9 ਵਜੇ ਦੁਪਹਿਰੇ ਇੱਕ ਵਜੇ ਤੇ ਸ਼ਾਮ 6 ਵਜੇ ਜਿਹਨਾ ਕੋਲ ਘੜੀਆਂ ਨਹੀਂ ਸਨ ਉਹ ਘੁੱਗੂ ਤੋਂ ਟਾਈਮ ਦਾ ਪਤਾ ਲਾ ਲੈਂਦੇ ਸੀ। ਤੇ ਜਿਸ ਦਿਨ ਨਹੀਂ ਵੱਜਦਾ ਸੀ ਅੰਦਾਜ਼ਾ ਲਾ ਲੈਂਦੇ ਸੀ ਕਿ ਅੱਜ ਐਤਵਾਰ ਹੈ!




'ਯਾਰ ਇਵੇਂ ਤਾਂ ਏਹ ਆਪਾਂ ਨੂੰ ਪਾਗਲ ਕਰ ਦੇਣਗੇ' ਦਰਸ਼ਨ ਕੇ ਉਦਾਸੀ ਦੇ ਆਲਮ ਵਿੱਚ ਕਿਹਾ।

'ਪਾਗਲ ਤਾਂ ਆਪਾਂ ਹਾਂ, ਜੇ ਆਪਾਂ ਪਾਗਲ ਨਾ ਹੁੰਦੇ ਤਾਂ ਕਿਸੇ ਕੰਜਰ ਦੀ ਮੰਨ ਲੈਂਦੇ' ਕਾਮਰੇਡ ਨੇ ਕਿਹਾ।

'ਕੀ ਮੰਨ ਲੈਂਦੇ ਸਾਨੂੰ ਤਾਂ ਦਰਬਾਰ ਸੈਬ ਜਾਨ ਤੋਂ ਪਿਆਰਾ ਹੈ' ਗਿਆਨੀ ਨੇ ਮੁੜਕਾ ਪੂੰਝਦੇ ਹੋਏ ਨੇ ਕਿਹਾ।

'ਯਾਰ ਆਪਣੇ ਨਾਲ ਦੇ ਕਿੱਥੇ ਹੋਣਗੇ?' ਗਿਆਨੀ ਨੇ ਪੁੱਛਿਆ।

'ਨਾਲ ਦੀ ਕਾਲ ਕੋਠੜੀ 'ਚ' ਓਹ ਹੋਣਗੇ ਹੋਰ ਕਿੱਥੇ ਜਾਣੇ ਆ' ਕੇਵਲ ਨੇ ਕਿਹਾ।

'ਸਾਲੇ ਮੇਰੇ ਦਿਆਂ ਨੇ ਨੇਰੇ 'ਚ' ਕੈਦ ਕਰਕੇ ਪਸ਼ੂਆਂ ਤੋਂ ਭੈੜੀ ਹਾਲਤ ਕਰਤੀ' ਕਾਮਰੇਡ ਨੇ ਕਿਹਾ। ਕਿਉਂਕਿ ਨਾ ਕੋਈ ਖਾਣੇ ਦਾ ਟਾਈਮ ਨਾ ਕੋਈ ਨਹਾਉਣ ਦਾ ਸਮਾਂ! ਨਹਾਉਣ ਵਾਸਤੇ ਇੱਕ ਡਰੰਮ ਜੋ ਅੰਦਰ ਹੀ ਸੀ ਪਾਣੀ ਪਾ ਜਾਂਦੇ। ਉਸ ਵਿੱਚੋਂ ਪਾਣੀ ਪੀਂਦੇ ਤੇ ਉਸ ਨਾਲ ਹੀ ਨਹਾਉਂਦੇ! ਕਦੇ ਕਦੇ ਪਾਣੀ ਥੁੜ ਜਾਂਦਾ ਅਤੇ ਇੱਕ ਅੱਧਾ ਨਹਾਉਣ ਤੋਂ ਵਾਂਝਾ ਵੀ ਰਹਿ ਜਾਂਦਾ ਜੋ ਕਿ ਦੂਜੇ ਦਿਨ ਸਭ ਤੋਂ ਪਹਿਲਾਂ ਨਹਾਉਂਦਾ। ਇੱਕ ਦਿਨ ਕੇਵਲ ਪਾਣੀ ਦੇਣ ਆਇਆਂ ਨੂੰ ਬੋਲ ਹੀ ਪਿਆ-

'ਸਾਬ ਕਮ ਸੇ ਕਮ ਨਹਾਨੇ ਕੇ ਲੀਏ ਪਾਨੀ ਤੋ ਪੂਰਾ ਦੇ ਦੀਆ ਕਰੋ'

'ਤੁਮਾਰੀ ਕਿਸ਼ਮਤ ਅੱਛੀ ਤੁਮੇਂ ਪਾਨੀ ਕਾ ਡਰੰਮ ਮਿਲ ਜਾਤਾ ਹੈ, ਗੋਰੇ ਤੋ ਇਸ ਜੇਲ ਮੇਂ ਕਿਸੀ ਕੋ ਪਾਨੀ ਕੀ ਬੂੰਦ ਨਹੀਂ ਦੇਤੇ ਥੇ ਇੱਕ ਵੱਡੀ ਉਮਰ ਦੇ ਕੈਪਟਨ ਨੇ ਕਿਹਾ। ਕੋਈ ਨਾ ਬੋਲਿਆ ਪਰ ਇੰਨਾ ਪਤਾ ਲੱਗ ਗਿਆ ਕਿ ਬ੍ਰਿਟਿਸ਼ ਸਰਕਾਰ ਦੀ ਜੇਲ ਹੈ ਜਿਸ ਵਿੱਚ ਗੋਰਿਆਂ ਦੇ ਵਿਰੁੱਧ ਲੜਨ ਵਾਲਿਆਂ ਕੈਦੀਆਂ ਨੂੰ ਰੱਖਦੇ ਹੋਣਗੇ। ਦਿਨ ਵਿੱਚ ਤਿੰਨ ਵਾਰ ਖਾਣਾ ਪਾਣੀ ਦੇਣ ਫੌਜੀ ਆਉਂਦੇ, ਨਾਲ ਅਫਸਰ ਹੁੰਦਾ ਤਾਂ ਕਿ ਕੋਈ ਕਿਸੇ ਖਾਣਾ ਪਾਣੀ ਦੇਣ ਵਾਲੇ ਨਾਲ ਗੱਲ ਨਾ ਕਰ ਸਕੇ! ਅੰਦਰੋਂ ਬੁਦਬੂ ਮਾਰ ਰਹੀ ਸੀ ਜਦੋਂ ਖਾਣਾ ਦੇਣ ਵਾਲੇ ਆਉਂਦੇ ਤਾਂ ਆਵਦਾ ਮੂੰਹ ਢੱਕ ਕੇ ਆਉਂਦੇ ਕਿਉਂਕਿ ਨਹਾਉਣ ਤੋਂ ਬਾਅਦ ਗਿੱਲੇ ਕੱਛੇ ਬਨੈਨ ਨਹੀਂ ਸਨ ਸੁੱਕਦੇ ਤੇ ਬਦਬੂ ਮਾਰਨ ਲੱਗ ਜਾਂਦੇ ਸਨ। ਪਰ ਹੁਣ ਇਹਨਾ ਨੂੰ ਬਦਬੋ ਤੇ ਵਾਸ਼ਨਾਂ ਦਾ ਪਤਾ ਨਹੀਂ ਸੀ ਲਗਦਾ ਕਿਉਂਕਿ ਨੱਕ ਮਰ ਗਏ ਸਨ। ਹੁਣ ਤਾਂ ਇਹ ਚੰਦ ਤਾਰੇ ਤੇ ਸੂਰਜ ਨੂੰ ਭੁੱਲ ਹੀ ਗਏ ਸਨ! ਪਿੰਡੇ ਫਰਸ਼ ਤੇ ਪੈ ਪੈ ਕੇ ਉੱਚੜ ਗਏ ਸਨ। ਚੰਗੀ ਕਿਸਮਤ ਨੂੰ ਜੇ ਕੋਈ ਬੀਮਾਰ ਹੋ ਜਾਂਦਾ ਤਾਂ ਉਹ ਜਰੂਰ ਕੁਛ ਚਿਰ ਵਾਸਤੇ ਬਾਹਰਲੀ ਦੁਨੀਆ ਦੇਖ ਆਉਂਦਾ ਤੇ ਬਾਹਰ ਦਾ ਮੌਸਮ ਆ ਕੇ ਦੱਸਦਾ। ਇਹਨਾ ਦੀ ਉਹ ਹਾਲਤ ਕਰ ਦਿੱਤੀ ਜੋ ਹਾਲਤ ਕਿਸੇ ਸਮੇਂ ਮੁਹੰਮਦ ਗੌਰੀ ਨੇ ਰਾਜੇ ਪ੍ਰਿਥਵੀ ਰਾਜ ਚੌਹਾਨ ਦੀ ਕੀਤੀ ਸੀ! ਕੇਵਲ ਨੇ ਘੜੀ ਦੇਖੀ, ਦਿਨ ਦੇ ਦਸ ਵਜਾ ਰਹੀ ਸੀ।

'ਯਾਰ ਮੀਕਿਆ ਆਪਾਂ ਨੂੰ ਕਿੰਨੇ ਕੁ ਮੀਨੇ ਹੋਗੇ ਹੋਣਗੇ ਨੇਰੇ 'ਚ' ਬੰਦ ਕੀਤਿਆਂ ਨੂੰ?' ਕੇਵਲ ਨੇ ਉਬਾਸੀ ਲੈ ਕੇ ਪੁੱਛਿਆ।

'ਸੱਤ ਅੱਠ ਮੀਨੇ ਤਾਂ ਹੋਗੇ ਹੋਣੇ ਆ' ਮੀਕੇ ਨੇ ਜਵਾਬ ਦਿੱਤਾ, ਸੁਣਕੇ ਸਾਰਿਆਂ ਦੇ ਕੰਨ ਟੀਂ ਟੀਂ ਕਰਨ ਲੱਗ ਪਏ। ਨਾ ਕੋਈ ਰੁੱਤ ਦਾ ਪਤਾ ਸੀ ਨਾ ਧੁੱਪ ਛਾਂ ਦਾ। ਇਹਨਾ ਦੀ ਹਾਲਅ ਉਹ ਹੋ ਗਈ ਜੋ ਕਿ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਦੀ ਕੀਤੀ ਸੀ! ਸਾਰਿਆਂ ਦੀ ਹਾਲਤ ਬੀਮਾਰਾਂ ਵਰਗੀ ਹੋ ਗਈ! ਬਾਹਰ ਆਦਮੀਆਂ ਦੇ ਬੂਟਾਂ ਦੀ ਪੈੜ ਚਾਲ ਸੁਣਾਈ ਦਿੱਤੀ।

'ਆਹ ਬਾਰ ਕੀ ਰੌਲਾ ਰੱਪਾ ਜਿਆ ਪੈਂਦਾ?' ਦਰਸ਼ਨ ਨੇ ਪੁੱਛਿਆ। ਉਦੋਂ ਨੂੰ ਬਾਰ ਖੁੱਲਿਆ।

'ਤੁਮਾਰੀ ਭਗਵਾਨ ਨੇ ਸੁਨ ਲੀ ਬਾਹਰ ਨਿਕਲੋ' ਕੈਪਟਨ ਨੇ ਆ ਕੇ ਕਿਹਾ। ਸਾਰਿਆਂ ਦੇ ਚੇਹਰੇ ਖਿੜ ਗਏ ਜਿਵੇਂ ਲਾਟਰੀ ਨਿਕਲ ਆਈ ਹੋਵੇ! ਸਾਰਿਆਂ ਨੇ ਆਵਦਾ ਬੋਰੀ ਬਿਸਤਰ ਜਿਵੇਂ ਸੀ ਕੱਛ ਵਿੱਚ ਲਿਆ ਤੇ ਭੱਜਕੇ ਬਾਹਰ ਆ ਗਏ। ਦੂਜੀਆਂ ਕਾਲ ਕੋਠੜੀਆਂ ਵਾਲੇ ਵੀ ਬਾਹਰ ਨੂੰ ਭੱਜ ਰਹੇ ਸਨ। ਸਾਰੇ ਖੁੱਲੇ ਗ੍ਰਾਊਂਡ ਵਿੱਚ ਆ ਗਏ। ਚਾਰ-ਚੁਫੇਰੇ ਉੱਚੀ ਕੰਧ ਸੀ ਜਿਸ ਉੱਤੇ ਕੰਡਿਆਂ ਵਾਲੀਆਂ ਤਾਰਾਂ ਸਨ ਚਾਰ ਚੁਫੇਰੇ ਹਥਿਆਰਬੰਦ ਫੌਜੀ ਖੜੇ ਸਨ। ਬਹੁਤ ਤੇਜ਼ ਧੁੱਪ ਸੀ। ਧੁੱਪ ਦੇਖਕੇ ਅੱਖਾਂ ਨਹੀਂ ਸਨ ਖੁੱਲਦੀਆਂ ਕਿਉਂਕਿ ਅੱਠ ਮਹੀਨੇ ਦੇ ਕਰੀਬ ਸੂਰਜ ਦੇਖਿਆ ਹੀ ਨਹੀਂ ਸੀ। ਕਈ ਫੌਜੀਆਂ ਦੇ ਕਮੀਜ਼ ਲਹੂ ਨਾਲ ਲਿੱਬੜੇ ਸਨ ਕਿਉਂਕਿ ਫਰਸ਼ ਨੇ ਪਿੰਡਾ ਉਚੇੜ ਦਿੱਤਾ ਸੀ। ਕਾਲ ਕੋਠੜੀਆਂ ਵਿੱਚ ਹਨੇਰੇ ਵਿੱਚ ਕੁਛ ਨਹੀਂ ਸੀ ਦਿਸਿਆ ਹੁਣ ਦਿਸ ਰਿਹਾ ਸੀ!

'ਓਏ ਮੀਕਿਆ ਆਪਣਾ ਬਾਬਾ ਜੀ ਵੀ ਆਪਣੇ ਨਾਲ ਈ ਆ' ਕੇਵਲ ਨੇ ਮੀਕੇ ਨੂੰ ਕੂਹਣੀ ਮਾਰਕੇ ਕਿਹਾ।

'ਕਿੱਥੇ ਆ ਮੈਂ ਤਾਂ ਦੇਖਿਆ ਨੀ' ਮੀਕੇ ਨੇ ਚਾਰ ਚੁਫੇਰੇ ਦੇਖਿਆ ਤਾਂ ਗੁਰਦਵਾਰੇ ਦੇ ਬਾਬਾ ਜੀ ਵੀ ਖੜੇ ਸਨ।

'ਚੱਲ ਆਪਾਂ ਪੁੱਛੀਏ' ਕੇਵਲ ਨੇ ਕਿਹਾ। ਦੋਨੋ ਬਾਬਾ ਜੀ ਵੱਲ ਤੁਰ ਪਏ। ਅੱਗੇ ਬਾਬਾ ਜੀ ਧੌਣ ਸਿੱਟੀ ਖੜੇ ਸਨ।

'ਸਾਸਰੀ ਕਾਲ ਬਾਬਾ ਜੀ' ਦੋਨਾ ਨੇ ਹੱਥ ਜੋੜ ਕੇ ਫਤਹਿ ਬੁਲਾਈ।

'ਬਾਬਾ ਜੀ ਤੁਸੀਂ ਤਾਂ ਬੈਰਕ ਨੀ ਸੀ ਛੱਡੀ ਫਿਰ ਥੋਨੂੰ ਕਿਵੇਂ ਫੜ ਲਿਆ' ਮੀਕੇ ਨੇ ਹੈਰਾਨ ਹੋਕੇ ਪੁੱਛਿਆ।

'ਮੈਂ ਅਰਦਾਸ ਜੂ ਕੀਤੀ ਸੀ ਇਹ ਕਰਕੇ, ਮੈਨੂੰ ਕੈਂਦੇ ਜੇ ਤੂੰ ਅਰਦਾਸ ਨਾ ਕਰਦਾ ਤਾਂ ਫੌਜੀ ਨਾ ਭੱਜਦੇ' ਬਾਬਾ ਜੀ ਨੇ ਕਿਹਾ।

'ਕੀ ਗੱਲ ਅਸੀਂ ਅਰਦਾਸ ਵੀ ਨੀ ਕਰ ਸਕਦੇ' ਕੇਵਲ ਨੇ ਕਿਹਾ।

'ਜੀਦਾ ਰਾਜ ਓਦਾ ਤੇਜ ਭਾਈ' ਬਾਬਾ ਜੀ ਨੇ ਕਿਹਾ।

'ਬਾਬਾ ਜੀ ਫਿਕਰ ਨਾ ਕਰੋ ਜੋ ਕਰਮਾਂ 'ਚ' ਲਿਖਿਆ ਓਹੋ ਹੋਣਾ' ਮੀਕੇ ਨੇ ਕਿਹਾ।

'ਮੈਨੂੰ ਮੇਰਾ ਫ਼ਿਕਰ ਨੀ, ਮੈਨੂੰ ਫਿਕਰ ਤਾਂ ਥੋਡਾ ਕਿ ਮੈਂ ਕਿਓਂ ਅਰਦਾਸ ਕੀਤੀ' ਬਾਬੇ ਨੇ ਕਿਹਾ ਤੇ ਉਦਾਸ ਹੋ ਗਿਆ। ਅੱਗੇ ਬਹੁਤ ਸਾਰੇ ਫ਼ੌਜੀ ਟਰੱਕ ਖੜੇ ਸਨ।

'ਮੂਵ' ਕੈਪਟਨ ਨੇ ਕਿਹਾ ਤੇ ਟਰੱਕਾਂ ਵਿੱਚ ਬੈਠਣ ਦਾ ਇਸ਼ਾਰਾ ਕੀਤਾ। ਸਾਰੇ ਟਰੱਕਾਂ ਵਿੱਚ ਬੈਠ ਗਏ ਟਰੱਕਾਂ ਦੇ ਪਰਦੇ ਅੱਗੋਂ ਪਿੱਛੋਂ ਬੰਦ ਕਰ ਦਿੱਤੇ ਤਾਂ ਕਿ ਪਤਾ ਨਾ ਲੱਗੇ ਕਿ ਕਿੱਧਰੋਂ ਆਏ ਹਨ ਤੇ ਕਿੱਧਰ ਨੂੰ ਜਾ ਰਹੇ ਹਨ! ਟਰੱਕ ਸਾਰਾ ਦਿਨ ਚਲਦੇ ਰਹੇ ਰਾਤ ਨੂੰ ਇੱਕ ਜੰਗਲ ਵਿੱਚ ਉਤਾਰ ਦਿੱਤਾ। ਇਹਨਾ ਨੂੰ ਪਛਾਨਣ ਵਿੱਚ ਦੇਰ ਨਾ ਲੱਗੀ ਕਿ ਉਹੋ ਹੀ ਜੰਗਲ ਹੈ ਜਿੱਥੋਂ ਰੇਲ ਗੱਡੀ ਵਿੱਚ ਬਿਠਾਕੇ ਕਾਲ ਕੋਠੜੀਆਂ ਵਿੱਚ ਲੈਕੇ ਗਏ ਸਨ! ਸਾਰਿਆਂ ਨੇ ਸੁਖ ਦਾ ਸਾਹ ਲਿਆ ਕਿ ਕਾਲ ਕੋਠੜੀ ਤੋਂ ਪਿੱਛਾ ਛੁੱਟਿਆ ਚਲੋ ਸੂਰਜ ਤਾਂ ਦਿਸਦਾ ਹੈ! ਤੀਜੇ ਕੁ ਦਿਨ ਇੱਕ ਟਰੱਕ ਵਿੱਚ ਸਮਾਨ ਆ ਗਿਆ।

'ਸਭ ਬਾਹਰ ਆ ਕੇ ਅਪਨੀ ਕਿੱਟ ਲੇ ਲੋ' ਭਈਏ ਹੌਲਦਾਰ ਨੇ ਕਿਹਾ। ਸਾਰੇ ਖੁਸ਼ ਹੋ ਗਏ ਕਿ ਸਾਨੂੰ ਯੂਨਿਟਾਂ ਵਿੱਚ ਜਾਣ ਵਾਸਤੇ ਸਮਾਨ ਦੇ ਰਹੇ ਹਨ। ਜਿਵੇਂ ਨਵੇਂ ਆਏ ਰੰਗਰੂਟ ਨੂੰ ਕਿੱਟ ਦਿੰਦੇ ਹਨ। ਸਾਰਿਆਂ ਨੂੰ ਵੱਡਾ ਪਿੱਠੂ ਛੋਟਾ ਪਿੱਠੂ ਦੇ ਦਿੱਤਾ।

'ਸਭ ਕੋ ਸਾਮਾਨ ਮਿਲ ਗਯਾ' ਹੌਲਦਾਰ ਨੇ ਪੁੱਛਿਆ।

'ਹਾਂ ਜੀ ਮਿਲ ਗਯਾ' ਖੁਸ਼ੀ ਨਾਲ ਸਾਰਿਆਂ ਨੇ ਕਿਹਾ ਸੋਚਦੇ ਸਨ ਸਾਨੂੰ ਯੂਨਿਟਾਂ ਵਿੱਚ ਭੇਜਣਗੇ।

'ਚਲੋ ਪਿੱਠੂਓਂ ਮੇਂ ਬੱਜਰੀ ਭਰੋ!' ਹੌਲਦਾਰ ਨੇ ਕਿਹਾ। ਸਾਹਮਣੇ ਬੱਜਰੀ ਦਾ ਢੇਰ ਲੱਗਾ ਸੀ। ਸਾਰਿਆਂ ਦਾ ਹੇਠਲਾ ਸਾਹ ਹੇਠਾਂ ਤੇ ਉੱਤਲਾ ਉੱਤੇ ਰਹਿ ਗਿਆ। ਖੁਸ਼ੀ ਖੰਭ ਲਾਕੇ ਉੱਡ ਗਈ! ਕਿਉਂਕਿ ਸਾਰਿਆਂ ਨੂੰ ਪਤਾ ਹੀ ਸੀ ਕਿ ਪਿੱਠੂ ਵਿੱਚ ਬੱਜਰੀ ਕਿਉਂ ਭਰਵਾਈ ਜਾ ਰਹੀ ਹੈ!

'ਯਾਰ ਏਹ ਸਾਲੇ ਭਈਏ ਤੇ ਡੋਗਰੇ ਤਾਂ ਬੌਤ ਤੰਗ ਕਰਨਗੇ!' ਕੇਵਲ ਨੇ ਕਿਹਾ।

'ਉਦੋਂ ਤੂੰ ਵੀ ਝੋਨਾ ਲੌਣ ਮੌਕੇ ਝਿੜਕਦਾ ਹੋਏਂਗਾ' ਦਰਸ਼ਨ ਨੇ ਛੇੜਿਆ।

'ਨਈਂ ਯਾਰ ਮੈਂ ਤਾਂ ਝੋਨੇ ਵੇਲੇ ਕਿਤੇ ਛੁੱਟੀ ਨੀਂ ਗਿਆ!' ਬੱਜਰੀ ਭਰਕੇ ਪਿੱਠੂ ਨੂੰ ਪਾਸੇ ਰੱਖਦੇ ਹੋਏ ਕੇਵਲ ਨੇ ਕਿਹਾ।

'ਪੰਦਰਾਂ ਪੰਦਰਾਂ ਕੇ ਗਰੁੱਪ ਮੇਂ ਖੜੇ ਹੋ ਜਾਵੋ' ਹੌਲਦਾਰ ਨੇ ਆਡਰ ਦਿੱਤਾ। ਕੇਵਲ ਹੋਣੀ ਸਾਰੇ ਇੱਕ ਗਰੁੱਪ ਵਿੱਚ ਹੋ ਗਏ। ਕੜਕਦੀ ਧੁੱਪ ਪੈ ਰਹੀ ਸੀ। ਪਿਆਸ ਨਾਲ ਗਲ ਸੁੱਕ ਰਿਹਾ ਸੀ। ਜ਼ਮੀਨ ਆਸਮਾਨ ਤਪ ਰਹੇ ਸਨ ਜਿਵੇਂ ਸੱਸੀ ਵੇਲੇ ਮਾਰੂਥਲ ਤਪ ਰਿਹਾ ਸੀ। ਪਰ ਗਵਾਲੀਅਰ ਦਾ ਇਲਾਕਾ ਰੇਗਸਤਾਨ ਦੇ ਮਾਰੂਥਲ 'ਕਰਬਲਾ' ਨਾਲੋਂ ਕਿਤੇ ਜ਼ਿਆਦਾ ਗਰਮ ਸੀ। ਕਿਉਂਕਿ ਲੋਅ ਚੱਲ ਰਹੀ ਸੀ ਜੋ ਕੰਨ ਸੇਕ ਰਹੀ ਸੀ। ਇਥੇ ਤਾਂ ਦਿਨ-ਰਾਤ ਨੂੰ ਵੀ ਬਾਰਾਂ ਵਜੇ ਤੱਕ ਲੋਅ ਚਲਦੀ ਬੈਰਕ ਵਿੱਚ ਨਾ ਕੋਈ ਪੱਖਾ ਨਾ ਹਵਾ ਵਾਸਤੇ ਬਾਰੀਆਂ, ਬਹੁਤ ਉੱਚੇ ਰੋਸ਼ਨਦਾਨ ਸਨ, ਬੱਸ ਰੱਬ ਕਿਤੇ ਕ੍ਰਿਪਾ ਕਰਕੇ ਹਨੇਰੀ ਚਲਾ ਦਿੰਦਾ ਤਾਂ ਸੁਖ ਦਾ ਸਾਹ ਆ ਜਾਂਦਾ। ਨਹੀਂ ਤਾਂ ਸਾਰੀ ਰਾਤ ਬੈਠਕੇ ਕੱਟਦੇ। ਸਾਰੇ ਗਰੁੱਪਾਂ ਵਿੱਚ ਵੰਡ ਦਿੱਤੇ ਉੱਧਰੋ ਕੋਈ ਪੰਜਾਹ ਕੁ ਹਥਿਆਰਬੰਦ ਹਿੰਦੂ ਫ਼ੌਜੀ ਸਜ਼ਾ ਦੇਣ ਵਾਸਤੇ ਆ ਗਏ। ਦਸਾਂ ਦਸਾਂ ਦੇ ਗਰੁੱਪ ਦੇ ਦੋਹਾਂ ਸਿਰਿਆਂ ਤੇ ਇੱਕ ਪਾਸੇ ਭਈਏ ਤੇ ਦੂਜੇ ਪਾਸੇ ਡੋਗਰੇ ਆਟੋਮੈਟਿਕ ਹਥਿਆਰ ਲੈ ਕੇ ਖੜੇ ਹੋ ਗਏ। ਸਾਰਿਆਂ ਦੀਆਂ ਢੂਹੀਆਂ ਤੇ ਪਿੱਠੂ ਬੰਨ ਦਿੱਤੇ।

'ਤੇਜ ਚੱਲ' ਹੁਕਮ ਹੋਇਆ ਢੂਹੀ ਤੇ ਤੀਹ ਤੀਹ ਕਿੱਲੋ ਬੱਜਰੀ ਸੀ ਤੁਰਨਾ ਮੁਸ਼ਕਲ ਸੀ!

'ਦੌੜੋ' ਹੌਲਦਾਰ ਨੇ ਆਡਰ ਦਿੱਤਾ। ਜਿੱਥੇ ਤੁਰਨਾ ਮੁਸ਼ਕਲ ਸੀ ਉਥੇ ਭੱਜ ਕਿਵੇਂ ਸਕਦੇ ਸਨ! ਥੋੜੇ ਜਿਹੇ ਤੇਜ਼ ਹੋਏ ਜਿਵੇਂ ਕਮਜ਼ੋਰ ਬਲਦ ਦੇ ਚੱਡੇ ਪਰਾਣੀ ਲਾਏ ਤੋਂ ਥੋੜਾ ਬੌਤਾ ਤੇਜ਼ ਤੁਰਦਾ ਹੈ। ਫਿਰ ਉਵੇਂ ਜਦੋਂ ਹੌਲਦਾਰ ਨੇ ਦੇਖਿਆ ਕਿ ਇਹਨਾ ਨੇ ਤੁਰਨਾ ਨਹੀਂ। ਫਿਰ ਬੋਲਿਆ-

'ਕਰੌਲਿੰਗ ਸੁਰੂ ਕਰ' ਮਤਲਬ ਜ਼ਮੀਨ ਤੇ ਲੇਟ ਤੇ ਕੂਹਣੀਆਂ ਤੇ ਗੋਡਿਆਂ ਦੇ ਬਲ ਅੱਗੇ ਵਧਣਾ। ਸਾਰੇ ਲੇਟ ਗਏ ਪਥਰੀਲੀ ਤਵੇ ਵਾਂਗੂੰ ਗਰਮ ਧਰਤੀ ਉੱਤੋਂ ਤੀਹ-ਤੀਹ ਕਿੱਲੋ ਬੱਜਰੀ ਕਰੌਲਿੰਗ ਕਰਦਿਆਂ ਗੋਡੇ ਅਤੇ ਕੂਹਣੀਆਂ ਆਲੂਆਂ ਵਾਂਗੂੰ ਛਿੱਲੀਆਂ ਗਈਆਂ ਲਹੂ ਲੁਹਾਣ ਹੋ ਗਈਆਂ। ਕੁਛ ਬੱਜਰੀ ਪਿੱਠੂਆਂ ਵਿੱਚੋਂ ਨਿਕਲ ਕੇ ਅੱਖਾਂ ਤੇ ਮੂੰਹ ਵਿੱਚ ਪੈ ਰਹੀ ਸੀ। ਸਾਰੇ ਬੁਰੀ ਤਰਾਂ ਥੱਕ ਗਏ ਸਨ। ਕਰੌਲਿੰਗ ਕਰਨੀ ਮੁਸ਼ਕਲ ਹੋ ਰਹੀ ਸੀ ਤੇ ਲੇਟ ਕੇ ਸਾਹ ਲੈ ਰਹੇ ਸਨ।

'ਇਨਕੀ ਗਾਂਡ ਮੇਂ ਦੋ ਡੰਡਾ ਅਗਰ ਨਹੀਂ ਆਗੇ ਬੜਤੇ ਤੋ?' ਸੂਬੇਦਾਰ ਨੇ ਕਿਹਾ। ਕਹਿਣ ਦੀ ਦੇਰ ਸੀ ਸਾਰੇ ਫੌਜੀ ਗਾਰਡ ਚਿੱਤੜਾਂ ਤੇ ਰਾਈਫਲਾਂ ਦੇ ਬੱਟ ਮਾਰਨ ਲੱਗੇ। ਧੋਬੀ ਦੇ ਕੱਪੜੇ ਧੋਣ ਵਾਗੂੰ ਅਵਾਜ਼ਾਂ ਆ ਰਹੀਆਂ ਸਨ। ਕਈ ਦਰਦ ਨਾਲ ਉੱਚੀ ਉੱਚੀ ਚੀਕਾਂ ਮਾਰ ਰਹੇ ਸਨ ਜਿਹਨਾਂ ਨੂੰ ਸੁਣਕੇ ਸੂਬੇਦਾਰ ਹੱਸ ਰਿਹਾ ਸੀ।

'ਅਰੇ ਆਗੇ ਬੜੋ ਉਸ ਵਕਤ ਤੋ ਹੀਰੋ ਬਨਕੇ ਭਾਗ ਖੜੇ ਹੂਏ ਥੇ ਅਬ ਭੀ ਭਾਗੋ' ਸੂਬੇਦਾਰ ਨੇ ਮੀਕੇ ਦੀ ਛਾਤੀ ਵਿੱਚ ਬੂਟ ਦਾ ਠੁੱਡ ਮਾਰਕੇ ਕਿਹਾ। ਉਹ ਸਾਰਿਆਂ ਦੇ ਠੁੱਡ ਮਾਰ ਰਿਹਾ ਸੀ ਇਹ ਨਹੀਂ ਸੀ ਦੇਖਦਾ ਕਿ ਇਸਦਾ ਮੂੰਹ ਹੈ ਜਾਂ ਸਿਰ। ਪਸ਼ੂਆਂ ਨਾਲੋਂ ਵੀ ਭੈੜਾ ਵਰਤਾਓ ਹੋ ਰਿਹਾ ਸੀ। ਇਹਨਾਂ ਨੂੰ ਬੱਕਰਿਆਂ ਵਾਂਗੂੰ ਕੋਹਦਿਆਂ ਨੂੰ ਇੱਕ ਘੰਟਾ ਹੋ ਗਿਆ ਅਤੇ ਥੱਕ ਗਿਆ।

'ਜਾਓ ਪਾਂਚ ਮਿੰਟ ਰਿਸਟ ਕਰੋ' ਸੂਬੇਦਾਰ ਨੇ ਕਿਹਾ ਸਾਰੇ ਆਵਦੇ ਪੈਰਾਂ ਨੂੰ ਖਿੱਚਦੇ ਹੋਏ ਇੱਕ ਬਰਾਂਡੇ ਵਿੱਚ ਬੈਠ ਗਏ ਜਿਸ ਉਤੇ ਟੀਨ ਦੀ ਛੱਤ ਪਾਈ ਸੀ। ਟੀਨ ਤਵੇ ਵਾਂਗੂੰ ਤਪ ਰਹੀ ਸੀ। ਤੇਜ ਹਵਾ ਨਾਲ ਉੱਡਦੀ ਬੱਜਰੀ ਵਾਲੀ ਰੇਤ ਨਾਲ ਛਿੱਲੀਆਂ ਕੂਹਣੀਆ 'ਤੇ ਪੈ ਰਹੀ ਸੀ ਜਿਸ ਨਾਲ ਹੱਦੋਂ ਵੱਧ ਦਰਦ ਹੋ ਰਿਹਾ ਸੀ। ਸਾਰਿਆਂ ਦੇ ਮੂੰਹ ਪਿਆਸ ਨਾਲ ਸੁੱਕ ਗਏ ਪਾਣੀ ਨਹੀਂ ਸੀ। ਸੂਬੇਦਾਰ ਆਰਾਮ ਨਾਲ ਬਰਫ ਵਾਲਾ ਪਾਣੀ ਪੀ ਰਿਹਾ ਸੀ।

'ਸਾਬ ਹਮਕੋ ਭੀ ਪਿਆਸ ਲੱਗੀ ਹੈ ਪਾਨੀ ਮਿਲ ਸਕਤਾ' ਦਰਸ਼ਨ ਨੇ ਹੌਸਲਾ ਕਰਕੇ ਕਿਹਾ।

'ਕਿਓਂ ਨਹੀਂ ਜਾਓ ਵੋ ਕੂਆਂ ਦਿਖਾਈ ਦੇਤਾ ਹੈ ਵਹਾਂ ਸੇ ਲੇ ਆਓ ਔਰ ਸਭਕੋ ਪਿਲਾਓ' ਸੂਬੇਦਾਰ ਨੇ ਕਿਹਾ ਤਾਂ ਸਾਰੇ ਖੁਸ਼ ਹੋ ਗਏ। ਦਰਸ਼ਨ ਇੱਕ ਬੰਦਾ ਨਾਲ ਹੋਰ ਲੈ ਕੇ ਗਿਆ। ਖੂਹ ਤੋਂ ਡੋਲ ਪਾਣੀ ਦਾ ਭਰ ਲਿਆਇਆ ਆਪ ਪੀਤਾ ਤੇ ਸਾਰਿਆਂ ਨੂੰ ਰੱਜ ਰੱਜ ਪਿਆਇਆ।

ਪੰਜ ਮਿੰਟ ਪੂਰੇ ਹੋ ਗਏ ਸੀਟੀ ਵੱਜੀ ਪਹਿਲਾਂ ਵਾਲਾ ਕੰਮ ਫਿਰ ਸੂਰੂ। ਐਨਾ ਤੰਗ ਕੀਤਾ ਕਿ ਸਾਰਿਆਂ ਨੂੰ ਨਿੰਬੂ ਵਾਂਗੂੰ ਨਿਚੋੜ ਦਿੱਤਾ। ਸਗੋਂ ਪਾਣੀ ਨਾ ਪੀਂਦੇ ਤਾਂ ਚੰਗਾ ਸੀ ਪਾਣੀ ਪੀ ਕੇ ਢਿੱਡ ਭਰ ਗਿਆ ਅਤੇ ਭਾਰ ਲੈ ਕੇ ਭੱਜਣਾ ਹੋਰ ਵੀ ਔਖਾ ਹੋ ਗਿਆ। ਕਿਤੇ ਇਹਨਾ ਸਾਰਿਆ ਨੇ ਪੜਿਆ ਕਿ ਦੂਜੇ ਸੰਸਾਰ ਯੁੱਧ ਵੇਲੇ ਹਾਂਗਕਾਂਗ ਵਿੱਚ ਜਪਾਨੀ ਫੌਜੀ, ਜਪਾਨੀਆਂ ਦੇ ਵਿਰੁੱਧ ਲੜਨ ਵਾਲੇ ਫੌਜੀਆਂ ਨੂੰ ਜਿਹਨਾ ਵਿੱਚ ਭਾਰਤੀ ਵੀ ਸ਼ਾਮਲ ਸਨ, ਟੂਟੀ ਨਾਲ ਮੂੰਹ ਲੁਆ ਕੇ ਰੱਜ ਕੇ ਪਾਣੀ ਪਿਆਉਂਦੇ ਸਨ ਤੇ ਫਿਰ ਉਹਨਾਂ ਦੇ ਢਿੱਡਾਂ ਤੇ ਚੜਕੇ ਟੱਪਦੇ ਤੇ ਜਦੋਂ ਪਾਣੀ ਨੱਕ, ਕੰਨ ਥਾਣੀ ਬਾਹਰ ਆਉਂਦਾ ਸੀ ਤਾਂ ਦੇਖਕੇ ਹੱਸਦੇ ਸਨ। ਪਰ ਇਹ ਢਿੱਡ ਦੇ ਭਾਰ ਕਰੋਲਿੰਗ ਕਰ ਰਹੇ ਸਨ ਅਤੇ ਪਾਣੀ ਨਾਲ ਭਰਿਆ ਪੇਟ ਤੰਗ ਕਰ ਰਿਹਾ ਸੀ। ਕਦੇ ਕੋਈ ਕਿਸੇ ਦੇ ਉੱਤੇ ਚੜ ਜਾਂਦਾ ਤਾਂ ਪਾਣੀ ਤੰਗ ਕਰਦਾ ਕਿਤੇ ਡੰਡਿਆਂ ਨਾਲ ਕੁੱਟਣ ਲੱਗ ਜਾਂਦੇ ਕਿਤੇ ਬੂਟਾਂ ਦੇ ਠੁੱਡੇ ਮਾਰਦੇ। ਸਾਰਿਆਂ ਦੇ ਮੂੰਹ ਸੁੱਜ ਗਏ ਸਨ। ਸ਼ਾਮ ਨੂੰ ਚਾਰ ਵਜੇ ਸਾਰਿਆਂ ਨੂੰ ਬੈਰਕਾਂ ਵਿੱਚ ਕੁੱਕੜਾਂ ਵਾਂਗੂੰ ਤਾੜ ਦਿੱਤਾ। ਸਾਰੇ ਹਾਏ ਹਾਏ ਕਰ ਰਹੇ ਸਨ ਕੋਈ ਕਿਸੇ ਦਾ ਹਾਲ ਨਹੀਂ ਸੀ ਪੁੱਛ ਰਿਹਾ। ਆਵਦੇ ਆਵਦੇ ਜਖ਼ਮਾਂ ਨੂੰ ਪਲੋਸ ਰਹੇ ਸਨ। ਨਾਲੇ ਜਿੱਥੇ ਸਾਰੇ ਰੋ ਰਹੇ ਉਥੇ ਚੁੱਪ ਕਰਵਾਉਣ ਵਾਲਾ ਕੋਈ ਨਹੀਂ ਹੁੰਦਾ। ਖੁਦ ਹੀ ਰੋ ਰੋ ਕੇ ਚੁੱਪ ਕਰਨਾ ਪੈਂਦਾ। ਸਾਰਿਆਂ ਦਾ ਫੌਜ ਦੀ ਕੁੱਟ ਨਾਲ ਸਰੀਰ ਦਰਦ ਕਰ ਰਿਹਾ ਸੀ। ਕੁਝ ਹੋਰ ਫੌਜੀ ਵੀ ਕੈਦ ਹੋ ਕੇ ਆਏ ਸਨ। ਇਹ ਉਹਨਾ ਨੂੰ ਪੁੱਛਣ ਲੱਗ ਪਏ।

'ਕਿੱਥੋਂ ਆਏ ਭਾਊ' ਮੀਕੇ ਨੇ ਹੱਥ ਵਧਾ ਕੇ ਮਿਲਾਉਣ ਵਾਸਤੇ ਬਾਹਰੋਂ ਆਏ ਫੌਜੀ ਨੂੰ ਪੁੱਛਿਆ।

'ਮਹਾਂਰਾਸ਼ਟਰ ਤੋਂ'

'ਤੁਸੀਂ ਕਿਵੇਂ ਕਾਬੂ ਆਏ' ?

'ਪੁੱਛ ਨਾ ਭਰਾਵਾ'

'ਅਸੀਂ ਚਾਲੇ ਪਾਏ ਪੰਜਾਬ ਨੂੰ ਪਰ ਸਾਲਿਆਂ ਮੇਰਿਆਂ ਨੇ ਬੋਰਡ ਬਦਲ ਕੇ ਲਾਤੇ ਪਟਨੇ ਵੱਲ ਬਿਹਾਰ ਖਤਮ ਹੋਣ 'ਚ' ਆਵੇ ਅੱਗੇ ਪੁਲ ਤੇ ਨਾਕਾ ਲੱਗਿਆ ਸੀ ਤੋਪਾਂ ਬੀੜੀਆਂ ਸਨ। ਸਾਡੇ 'ਤੇ ਫੈਰਿੰਗ ਸੂਰੂ ਕਰਤੀ ਸਾਡੇ ਬੌਤ ਸਾਥੀ ਸ਼ਹੀਦੀਆਂ ਪਾ ਗੇ। ਫਿਰ ਇੱਕ ਹੈਲੀਕਾਪਟਰ ਆ ਗਿਆ। ਅਸੀਂ ਇੱਕ ਜੰਗਲ ਵਿੱਚ ਲੁਕ ਗਏ। ਹੈਲੀਕਾਪਟਰ ਵਾਪਸ ਚਲਾ ਗਿਆ। ਪਰ ਫੌਜੀਆਂ ਦੀਆਂ ਗੋਲੀਆਂ ਨਾਲ ਬੌਤ ਫੌਜੀ ਸ਼ਹੀਦੀਆਂ ਪਾ ਗਏ। ਫਿਰ ਫੌਜੀ ਸਾਡਾ ਪਿੱਛਾ ਵੀ ਕਰ ਰਹੇ ਸੀ, ਅਸੀਂ ਇਸ ਵਾਸਤੇ ਬਚਗੇ ਕਿ ਇੱਕ ਸਿੱਖ ਪੁਲਸ ਅਫਸਰ ਦੇ ਘੇਰੇ 'ਚ' ਆ ਗੇ ਓਨੇ ਸਾਨੂੰ ਬਚਾ ਲਿਆ'

'ਥੋਡਾ ਪਿੱਛਾ ਕਰਦੇ ਫੌਜੀਆਂ ਨੇ ਰੌਲਾ ਨੀ ਪਾਇਆ'

'ਪੌਂਦੇ ਸੀ ਪਰ ਓਹ ਪੁਲਸ ਅਫਸਰ ਨੇ ਮਾਂ ਦੇ ਪੁੱਤ ਨੇ ਕੋਈ ਪ੍ਰਵਾਹ ਨਾ ਕੀਤੀ'

'ਫੇਰ ਕਿੱਥੇ ਰੱਖਿਆ' ?

'ਰਾਂਚੀ ਦੇ ਜੰਗਲਾ 'ਚ'

'ਉੱਥੋਂ ਦਾ ਹਾਲ ਸੁਣਾ'

'ਲੈ ਸੁਣ ਫੇਰ'

'ਜੰਗਲ ਵਿੱਚ ਇੱਕ ਬਰਬਾਦ ਗਿਸਟ ਹਾਊਸ ਸੀ ਜੋ ਕਿ ਜੰਗਲਾਤ ਵਾਲੇ ਅਫਸਰਾਂ ਵਾਸਤੇ ਸੀ ਪਰ ਇਸਦੀ ਹਾਲਤ ਖਰਾਬ ਹੋਣ ਕਰਕੇ ਇਸ ਦੀ ਵਰਤੋਂ ਨਹੀਂ ਸੀ ਹੁੰਦੀ, ਸਾਨੂੰ ਉਸ ਵਿੱਚ ਬੰਦ ਕਰ ਦਿੱਤਾ ਉਸਦੇ ਸਾਹਮਣੇ ਇੱਕ ਗਰਾਊਂਡ ਵਿੱਚ ਇਕੱਠੇ ਹੋ ਗਏ ਜਿੱਥੇ ਇੱਕ ਸਵਿਮਿੰਗ ਪੂਲ ਸੀ। ਸੀਟੀ ਵੱਜੀ ਸਾਰੇ ਸਵਿਮਿੰਗ ਪੂਲ ਕੋਲ ਇਕੱਠੇ ਹੋ ਗਏ।

'ਕਿਸੀ ਵਕਤ ਯੇ ਸਵਿਮਿੰਗ ਪੂਲ ਬੜੇ ਬੜੇ ਲੋਗੋਂ ਕੇ ਲੀਏ ਥਾ, ਆਪ ਖੁਸ਼ਕਿਸ਼ਮਤ ਹੋ ਕਿ ਇਸ ਸਵਿਮਿੰਗ ਪੂਲ ਮੇਂ ਤੁਮ ਲੋਗ ਨਹਾ ਸਕੋਗੇ' ਇਕ ਅੱਤ ਭੈੜੀ ਸ਼ਕਲ ਦੇ ਕਾਲੇ ਕਲੂਟੇ ਭਈਏ ਸੂਬੇਦਾਰ ਨੇ ਤੰਬਾਕੂ ਮਲਦੇ ਹੋਏ ਕਿਹਾ। ਸਾਰਿਆਂ ਦੇ ਦਿਲਾਂ ਦੀ ਧੜਕਨ ਤੇਜ਼ ਹੋ ਗਈ ਕਿਉਂਕਿ ਸਵਿਮਿੰਗ ਪੂਲ ਦਾ ਪਾਣੀ ਬਹੁਤ ਗੰਦਾ ਸੀ। ਉਸ ਵਿੱਚ ਦਰੱਖਤਾਂ ਦੇ ਪੱਤੇ ਤੇ ਜਾਨਵਰਾਂ ਦੇ ਖੰਭ ਤਰ ਰਹੇ ਸਨ। ਪਾਣੀ ਵਿੱਚੋਂ ਭੈੜਾ-ਭੈੜਾ ਮੁਸ਼ਕ ਮਾਰ ਰਿਹਾ ਸੀ। ਇਸ ਪਾਣੀ ਵਿੱਚ ਨਹਾਉਣਾ ਤਾਂ ਦੂਰ ਦੀ ਗੱਲ! ਇਸ ਗੰਦੇ ਪਾਣੀ ਵਿੱਚ ਤਾਂ ਪਸ਼ੂ ਵੀ ਨਾ ਵੜੇ।

'ਮੂਵ' ਸੂਬੇਦਾਰ ਨੇ ਕਿਹਾ! ਤੀਹ ਚਾਲੀ ਫੌਜੀ ਤੁਰ ਪਏ ਤੇ ਭੇਡਾਂ ਬੱਕਰੀਆਂ ਵਾਂਗੂੰ ਅੱਗੇ ਲਾ ਕੇ ਡੰਡੇ ਦੇ ਜ਼ੋਰ ਨਾਲ ਪਾਣੀ ਵਿੱਚ ਵਾੜ ਦਿੱਤੇ। ਪਾਣੀ ਵਿੱਚੋਂ ਬੋਅ ਮਾਰ ਰਹੀ ਸੀ ਇੱਕ ਨੂੰ ਉਲਟੀ ਆ ਗਈ, ਜੋ ਉਸਨੇ ਪਾਣੀ ਵਿੱਚ ਹੀ ਕਰ ਦਿੱਤੀ। ਗੋਡਿਆਂ ਤੋਂ ਥੱਲੇ ਪਿੰਜਣੀਆਂ ਤੱਕ ਪਾਣੀ ਸੀ ਚਾਰ ਚੁਫੇਰੇ ਹਥਿਆਰਬੰਦ ਫੌਜੀ ਖੜੇ ਸਨ ਜਿਵੇਂ ਪਾਕਿਸਤਾਨੀ ਕੈਦੀ ਹੋਣ'।

'ਯਾਰ ਐਦੂੰ ਤਾਂ ਗੋਲੀ ਮਾਰ ਦੇਣ!' ਕੋਈ ਤੰਗ ਹੋਇਆ ਆਖਦਾ।

'ਗੋਲੀਆਂ ਨਾਲ ਵੀ ਕਈ ਮਾਰ ਈ ਦਿੱਤੇ ਜਿਹਨਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਗੋਲੀ ਦੀ ਕੇੜਾ ਢਿੱਲ ਸੀ' ਦੂਜਾ ਉਸਦਾ ਜਵਾਬ ਦਿੰਦਾ।

'ਮੈਨੂੰ ਤਾਂ ਲਗਦਾ ਏਦੇ 'ਚ' ਵੀ ਕੋਈ ਗੱਲ ਆ'! ਇਹ ਗੱਲਾਂ ਕਰ ਰਹੇ ਸਨ ਕਿ ਇੱਕ ਸੀਟੀ ਵੱਜੀ ਸਾਰੇ ਚੁੱਪ ਕਰ ਗਏ।

'ਫਰੰਟ ਰੂਲ ਸ਼ੁਰੂ ਕਰੋ' ਸੂਬੇਦਾਰ ਦੀ ਅਜੀਬ ਅਕਾਸ਼ਬਾਣੀ ਸੁਣਕੇ ਸਾਰੇ ਤ੍ਰਬਕ ਗਏ ਕਿ ਫਰੰਟ ਰੂਲ (ਟਾਪੂ) ਤਾਂ ਜ਼ਮੀਨ ਤੇ ਹੁੰਦਾ ਪਾਣੀ ਵਿੱਚ ਕਿਵੇਂ? ਸਾਰੇ ਖੜੇ ਰਹੇ।

'ਗੋ ਗੋ' ਸਾਰਿਆਂ ਨੂੰ ਖੜਿਆਂ ਦੇਖਕੇ ਸੂਬੇਦਾਰ ਨੇ ਗੁੱਸੇ ਨਾਲ ਕਿਹਾ ਸਾਰੇ ਪਾਣੀ ਵਿੱਚ ਫਰੰਟ ਰੂਲ ਲਾਉਣ ਲੱਗ ਪਏ। ਸਾਰਿਆਂ ਦੇ ਨੱਕ ਤੇ ਮੂੰਹ ਵਿੱਚ ਗੰਦਾ ਪਾਣੀ ਪੈ ਰਿਹਾ ਸੀ, ਕਚਿਆਣ ਆ ਰਹੀ ਸੀ। ਇੱਕ ਤੋਂ ਦੂਜਾ ਸਿਰਾ ਵੀਹ ਫੁੱਟ ਤੋਂ ਜ਼ਿਆਦਾ ਹੀ ਸੀ ਜਿਸ ਤੱਕ ਪਹੁੰਚਣਾ ਕੋਈ ਖੇਡ ਨਹੀਂ ਸੀ। ਇੱਕ ਦੋ-ਤਿੰਨਾਂ ਨੂੰ ਚੱਕਰ ਆ ਗਿਆ ਤਿੱਖੜ ਦੁਪਹਿਰਾ, ਗਰਮ ਪਾਣੀ ਸੀ।

'ਅਰੇ ਬੇਹੋਸ਼ ਜਵਾਨੋ ਕੋ ਬਾਹਰ ਨਿਕਾਲੋ' ਸੂਬੇਦਾਰ ਨੇ ਕਿਹਾ ਤਾਂ ਸਾਰਿਆਂ ਨੇ ਸੁਖ ਦਾ ਸਾਹ ਲਿਆ ਕਿ ਇਹਨਾ ਦੇ ਬੇਹੋਸ਼ ਹੋ ਜਾਣ ਨਾਲ ਫਰੰਟ ਰੂਲਾਂ ਦਾ ਸਿਲਸਿਲਾ ਬੰਦ ਹੋਇਆ। ਦੋ ਕੜੀਆਂ ਵਰਗੇ ਜਵਾਨ ਮੁਰਗੀਆਂ ਵਾਂਗੂੰ ਧੌਣਾ ਸਿੱਟੀ ਪਏ ਸਨ। ਉਹਨਾਂ ਨੂੰ ਬਜਾਏ ਫਸਟ ਏਡ ਦੇਣ ਦੇ ਕੜਕਦੀ ਧੁੱਪ ਵਿੱਚ ਲਿਟਾ ਦਿੱਤਾ।

'ਸਭੀ ਜਵਾਨ ਪਾਣੀ ਸੇ ਬਾਹਰ ਆ ਜਾਏਂ!' ਹੁਕਮ ਹੋਇਆ! ਛਿੱਕਾਂ ਮਾਰਦੇ ਸਾਰੇ ਬਾਹਰ ਆ ਗਏ।

'ਅਬ ਸਭੀ ਭਗੌੜੇ ਫਰਸ਼ ਪਰ ਲੇਟੋ!' ਫਰਸ਼ ਤਵੇ ਵਾਂਗੂੰ ਗਰਮ ਸੀ ਪਰ ਕੀ ਕਰਦੇ ਸਾਰੇ ਸੀ ਸੀ ਕਰਦੇ ਲੇਟ ਗਏ।

'ਹਾਏ ਮਰਗਿਆ ਓਏ ਹਾਏ ਓਏ ਮਰਗੇ' ਚਾਰ ਚੁਫੇਰਿਓਂ ਅਵਾਜ਼ਾਂ ਆਉਣ ਲੱਗ ਪਈਆਂ।

'ਅਰੇ ਛੇਤੀ ਮਰੋ ਹਮਕੋ ਕਮ-ਸ-ਕਮ ਰਾਸ਼ਨ ਤੋ ਕਮ ਲਾਨਾ ਪੜੇ' ਭਈਏ ਸੂਬੇਦਾਰ ਨੇ ਖੈਨੀ ਲਾ ਕੇ ਥੁੱਕਦੇ ਹੋਏ ਨੇ ਕਿਹਾ।

'ਹਾਏ ਮਰਗੇ! ਹਾਏ ਮਰਗੇ!' ਚਾਰ ਚੁਫੇਰਿਓਂ ਅਵਾਜਾਂ ਆ ਰਹੀਆਂ ਸਨ ਪਰ ਕੋਈ ਸੁਣ ਨਹੀਂ ਸੀ ਰਿਹਾ। ਦੋ ਕੁ ਘੰਟੇ ਤਸੀਹੇ ਦੇਣ ਤੋਂ ਬਾਅਦ ਉਠਾ ਕੇ ਗਿਸਟ ਹਾਊਸ ਵਿੱਚ ਲੈ ਗਏ। ਕਹਿਣ ਨੂੰ ਤਾਂ ਇਹ ਗਿਸਟ ਹਾਊਸ ਸੀ। ਪਰ ਹਾਲਤ ਪਸੂਆਂ ਵਾਲੇ ਕੋਠੇ ਨਾਲੋਂ ਵੀ ਭੈੜੀ ਸੀ। ਇੱਕ ਗੱਡੀ ਵਿੱਚ ਦੁਪਹਿਰ ਦਾ ਖਾਣਾਂ ਆ ਗਿਆ, ਸਾਰੇ ਪਲੇਟਾਂ ਲੈ ਕੇ ਖਾਣੇ ਦੁਆਲੇ ਹੋ ਗਏ। ਖਾਣਾ ਕੀ ਸੀ, ਉੱਬਲੇ ਹੋਏ ਚੌਲ ਤੇ ਪਾਣੀ ਵਿੱਚ ਬਿਨਾਂ ਨੂਣ ਮਿਰਚ ਆਲੂ। ਪਰ ਅੰਦਰੋਂ ਭੁੱਖੀਆਂ ਆਂਦਰਾਂ ਨੂੰ ਤਾਂ ਸਭ ਕੁਛ ਮਨਜੂਰ ਸੀ ਕਿਉਂਕਿ ਇਹੀ ਖਾਣਾ ਕੱਲ ਨੂੰ ਹੀ ਮਿਲਨਾ ਸੀ ਨਾ ਕੋਈ ਬ੍ਰੇਕ ਫਸਟ ਨਾ ਕੋਈ ਚਾਹ।

ਚਾਹੇ ਖਾਵੋ ਚਾਹੇ ਨਾ ਖਾਵੋ। ਬੈਠੇ ਬੈਠੇ ਹੀ ਟੇਢੇ ਹੋ ਗਏ। ਰਾਤ ਪੈ ਗਈ ਮੱਛਰ ਭੀਂ ਭੀਂ ਕਰਨ ਲੱਗ ਪਿਆ। ਮੱਛਰ ਨੇ ਡੰਗ ਮਾਰ ਮਾਰ ਕੇ ਪਿੰਡਾ ਲਾਲ ਕਰ ਦਿੱਤਾ। ਰਾਤ ਪੈ ਗਈ ਸੀਟੀ ਵੱਜੀ। ਆਕਾਸ਼ ਵਿੱਚ ਤਾਰੇ ਟਿਮਟਿਮਾਉਣ ਲੱਗੇ, ਚੰਦ ਬੱਦਲਾਂ ਓਹਲੇ ਹੋ ਕੇ ਲੁਕਣਮੀਚੀ ਖੇਡ ਰਿਹਾ ਸੀ। ਜੰਗਲ ਦਾ ਇਲਾਕਾ ਚਾਰ ਚੁਫੇਰੇ ਸੰਨਾਟਾ ਸੀ। ਪਰ ਕਿਤੇ ਕਿਤੇ ਦੂਰੋਂ ਕਿਸੇ ਜਾਨਵਰ ਦੀ ਆਵਾਜ਼ ਵੀ ਅਉਂਦੀ ਸੀ, ਜੇ ਕੋਈ ਸ਼ਾਇਰ ਇੱਥੇ ਹੁੰਦਾ ਤਾਂ ਕੁਦਰਤੀ ਨਜ਼ਾਰਿਆਂ ਨੂੰ ਦੇਖਕੇ ਕਵਿੱਤਾ ਲਿਖਦਾ। ਪਰ ਫ਼ੌਜੀਆਂ ਨੂੰ ਕੁਛ ਵੀ ਚੰਗਾ ਨਹੀਂ ਸੀ ਲੱਗ ਰਿਹਾ।

'ਚਲੋ ਸਾਰੇ ਸਵਿਮਿੰਗ ਪੂਲ ਮੇਂ' ਸੂਬੇਦਾਰ ਦਾ ਆਡਰ ਸੁਣ ਕੇ ਸਾਰੇ ਦਸ ਬਾਰਾਂ ਹਥਿਆਰਬੰਦ ਫੌਜੀਆਂ ਨੇ ਬੱਕਰੀਆਂ ਵਾਂਗੂੰ ਅੱਗੇ ਲਾ ਲਏ। ਸਾਰੇ ਪਾਣੀ ਵਿੱਚ ਵਾੜ ਦਿੱਤੇ। ਕਈ ਪਿੱਛੇ ਨੂੰ ਪੈਰ ਖਿੱਚਦੇ ਸੀ ਉਹਨਾਂ ਤੇ ਰਾਈਫਲ ਦੇ ਬੱਟਾਂ ਦਾ ਮੀਂਹ ਵਰਦਾ ਜਾਂ ਪਤਲੀਆਂ ਛਮਕਾਂ ਮਾਰਦੇ, ਇਸ ਕਰਕੇ ਸਾਰੇ ਛੇਤੀ ਪਾਣੀ ਵਿੱਚ ਵੜ ਗਏ!

'ਹੁਣ ਫੇਰੇ ਦੇਣੇ ਕੀ ਕਰਨਗੇ ?'

'ਕੀ ਪਤਾ'

'ਕੋਈ ਨੀ ਅਸੀਂ ਵੀ ਨੌਂਵੇ ਪਾਤਸ਼ਾਹ ਦੇ ਸਿੱਖ ਆਂ ਜੇ ਸੱਚੇ ਪਾਤਸ਼ਾਹ ਕਿੱਲਾਂ ਵਾਲੇ ਪਿੰਜਰੇ ਵਿੱਚ ਰਹਿ ਸਕਦੇ ਆ ਤਾਂ ਆਪਾਂ ਨੂੰ ਕੀ ਆ'!

'ਹਾਂ ਆਪਣੇ ਪਾਤਸ਼ਾਹ ਤਾਂ ਤਪਦੀ ਤਵੀ ਤੇ ਬੈਠਗੇ ਸਨ ਤੇ ਏਹ ਤਪਦੀ ਫਰਸ਼ ਆਪਾਂ ਨੂੰ ਕੀ ਕਰ ਲੂ' ਸਾਰੇ ਗਾਲਾਂ ਕੱਢ ਰਹੇ ਸਨ। ਅੱਧੀ ਰਾਤ ਹੋ ਗਈ ਸਾਰਿਆਂ ਨੂੰ ਸਾਰੀ ਰਾਤ ਖੜੇ ਰੱਖਿਆ ਲੱਤਾਂ ਦੁੱਖਣ ਲੱਗ ਪਈਆਂ ਖੱਲੀਆਂ ਪੈ ਗਈਆਂ। ਵਿੱਚੋਂ ਕੋਈ ਕਮਜ਼ੋਰ ਫ਼ੌਜੀ ਡਿੱਗ ਵੀ ਪੈਂਦਾ ਸੀ। ਨਾਲ ਦੇ ਸਾਥੀ ਖੜਾ ਕਰਕੇ ਹੌਸਲਾ ਦਿੰਦੇ।

'ਯਾਰ ਮਿੰਨਤ ਈ ਕਰ ਲਈਏ' ਕੋਈ ਕਮਜ਼ੋਰ ਦਿੱਲ ਵਾਲਾ ਕਹਿੰਦਾ।

'ਕੋਈ ਨੀ ਆਪਾਂ ਕੌਮ ਨੂੰ ਦਾਗ ਨੀਂ ਲਵੌਣਾਂ ਮਰ ਈ ਜਾਵਾਂਗੇ ਹੋਰ ਕੀ ਹੋਜੂ ?'

'ਮਰਨ ਤੋਂ ਕੌਣ ਡਰਦਾ ਹੁਣ ਅਲਾਨ ਕਰਨ ਕਿ ਜੀਨੇ ਮਰਨਾ ਅੱਗੇ ਆਉ, ਮੈਂ ਸਭਤੋਂ ਪੈਲਾਂ ਜਾਊਂਗਾ'

'ਜੇ ਮਰਨਾ ਤਾਂ ਏਥੋਂ ਭੱਜ ਜਾ ਆਪੇ ਗੋਲੀ ਮਾਰ ਦੇਣਗੇ।'

'ਬੱਲੇ ਓਏ ਮਾਂ ਦਿਆ ਪੁੱਤ ਫੇਰ ਤਾਂ ਮੈਨੂੰ ਭਗੌੜਾ ਕੈਣਗੇ ਮੈਂ ਕੌਮ ਨੂੰ ਦਾਗ ਨੀਂ ਲੁਆਉਣਾ'

'ਤੇ ਫਿਰ ਖੜਾ ਰਹਿ ਸਾਰੀ ਰਾਤ ਭੁੱਖਾ ਪਾਣੀ 'ਚ'

'ਖੜਾ ਤਾਂ ਹਾਂ ਕਿਤੇ ਤੂੰ ਨਾ ਮੇਰੇ ਕੋਲੋ ਜੂਤ ਖਾ ਲੀਂ'

'ਓਏ ਆਪਸ 'ਚ' ਦੀ ਕਿਓਂ ਲੜਦੇ ਓ ਰਲ ਮਿਲ ਕੇ ਵਖਤ ਕੱਟੋ' ਕੋਈ ਸਿਆਣਾ ਫ਼ੌਜੀ ਵਿੱਚੋਂ ਕਹਿੰਦਾ। ਬਹੁਤ ਦਿਨ ਤੰਗ ਤੇ ਜ਼ਲੀਲ ਕੀਤਾ।

'ਮੈਂ ਤਾਂ ਸੁਣਾ ਤੀ ਹੱਡ ਬੀਤੀ ਪਰ ਇਹ ਹੱਡਬੀਤੀ ਅੱਧ ਪਚੱਦੀ ਆ'

'ਯਾਰ ਮੇਰੀ ਮਾਂ ਬੌਤ ਢਿੱਲੀ ਸੀ ਪਤਾ ਨੀ ਠੀਕ ਹੋਈ ਕਿ ਨਹੀ' ਕੇਵਲ ਨੂੰ ਮਾਂ ਦਾ ਬਹੁਤ ਫ਼ਿਕਰ, ਕਿਉਂਕਿ ਉਸਨੂੰ ਸਾਹ ਦੀ ਕਸਰ ਸੀ ਬੱਸ ਦੁਆਈਆਂ ਤੇ ਚਲਦੀ ਸੀ।

'ਯਾਰ ਮੇਰੀ ਭੈਣ ਮੰਗੀ ਸੀ ਗਰਮੀਆਂ 'ਚ' ਵਿਆਹ ਕਰਨਾ ਸੀ ਕੋਈ ਚਿੱਠੀ ਪੱਤਰ ਨੀ ਪਤਾ ਨੀ ਕੀ ਹੋਊ'? ਸ਼ਿੰਗਾਰੇ ਨੇ ਉਦਾਸ ਹੋ ਕੇ ਕਿਹਾ।

'ਕੋਈ ਨੀ ਹੈਗਾ ਨੀਲੀ ਛਤਰੀ ਆਲਾ'

'ਭਰਾਵਾ ਦੁੱਖ ਸਮੇਂ ਕੋਈ ਨੀਲੀ ਨੂਲੀ ਛਤਰੀ ਆਲਾ ਨੀ ਪਿੰਡੇ ਤੇ ਹਢੌਣਾਂ ਪੈਂਦੈ!' ਅਤਰ ਸਿੰਘ ਕਮਿਊਨਿਸਟ ਨੇ ਕਿਹਾ।

'ਓ ਕੌਮਨਿਸ਼ਟੋ ਸਾਰਾ ਕੰਮ ਤੁਸੀਂ ਕਰਵਾਇਆ'

'ਤੁਸੀਂ ਤਾਂ ਕੈਂਦੇ ਓ ਕੋਈ ਰੱਬ ਨੀ ਅਗਲਿਆਂ ਨੇ ਦਰਬਾਰ ਸੈਬ ਤੇ ਹਮਲਾ ਕਰਤਾ'

'ਓ ਸਾਡੇ ਆਖੇ ਕੌਣ ਲਗਦਾ ਸਾਨੂੰ ਭਲਾ ਹਮਲਾ ਕਰਵਾ ਕੇ ਕੀ ਮਿਲਜੂ ਏਹ ਤਾਂ ਕਾਲੀਆਂ ਦੀਆਂ ਚਾਲਾਂ ਜੇੜੇ ਨੀਲੀ ਪੱਗ ਬੰਨਕੇ ਰੱਬ ਬਣ ਬੈਂਦੇ ਆ'

'ਕਾਲੀਆਂ ਨੇ ਤਾਂ ਮੋਰਚਾ ਲਾਇਆ ਸੀ'

'ਮੋਰਚਾ ਲਾਇਆ ਸੀ ਸੁਆਹ ਤੇ ਖੇਹ ਕੈਂਦੇ ਸੀ ਸਾਡੀਆਂ ਸਾਰੀਆਂ ਮੰਗਾਂ ਮੰਨੋ'

'ਤੇ ਹੋਰ ਕੀ ਕੈਂਦੇ'?

'ਸਾਰੀਆਂ ਮੰਗਾਂ ਕੋਈ ਨੀ ਮੰਨਦਾ, ਸਾਡੀ ਪਾਲਟੀ ਕੈਂਦੀ ਆ ਕਿ ਸਰਕਾਰ ਜਿੰਨੀਆ ਮੰਗਾ ਮੰਨਦੀ ਮਨਾ ਲੋ ਬਾਦ 'ਚ' ਫਿਰ ਹੱਥ ਕਰ ਲੋ' ਅਤਰ ਸਿੰਘ ਨੇ ਕਿਹਾ।

'ਓ ਕੌਮਨਿਸ਼ਟੋ ਅਗਲੇ ਮੰਗ ਮੰਨਣ ਤੋਂ ਪੈਲਾਂ ਸੌ ਕਾਗਤਾਂ ਤੇ ਦਸਖਤ ਕਰੌਂਦੇ ਆ ਐਨੇ ਸਾਲ ਤੁਹੀਂ ਬੋਲਣਾ ਨੀ' ਮੀਕੇ ਨੇ ਕਿਹਾ।

'ਇੱਕ ਗੱਲ ਮੈਂ ਹੋਰ ਸੁਣੀ ਆ ਕਿ ਬਾਮਣੀ ਮੋਰਚੇ ਵਾਲੀ ਗੱਲ ਮੰਨ ਗਈ ਸੀ'

'ਮੋਰਚੇ ਵਾਲੀ ਗੱਲ ਕੀ ਸੀ'? ਕੇਵਲ ਨੇ ਪੁੱਛਿਆ।

'ਗੱਲ ਦਾ ਤਾਂ ਮੈਨੂੰ ਵੀ ਨੀ ਪਤਾ ਉਨਾ ਸਕੀਮ ਬਣਾਈ ਸੀ ਕਿ ਜਾਂ ਤਾਂ ਸਿੱਖਾਂ ਦੀਆਂ ਸਾਰੀਆਂ ਮੰਗਾ ਮੰਨ ਲਈਆਂ ਜਾਣ ਤੇ ਜਾਂ ਸਾਰੇ ਸਿੱਖਾਂ ਨੂੰ ਖਤਮ ਕਰ ਦਿੱਤਾ ਜਾਵੇ!'

'ਹੈਂ ਵਈ ਕਾਮਰੇਡਾ ਸਾਨੂੰ ਤਾਂ ਪਤਾ ਨੀ'

'ਫੇਰ ਬਾਮਣੀ ਨੇ ਕੀ ਕਿਹਾ'?

'ਲੋਕ ਚਰਚਾ ਮੁਤਾਬਿਕ ਉਸਨੇ ਕਿਹਾ ਕਿ ਮੰਗਾਂ ਤਾਂ ਮੰਗਣੀਆਂ ਔਖੀਆਂ ਪਰ ਸਿੱਖਾਂ ਨੂੰ ਮਾਰਨਾ ਸੌਖਾ ਸੋ ਸਿੱਖਾਂ ਨੂੰ ਮਾਰ ਦਿੱਤਾ ਜਾਵੇ! ਜੇ ਕੋਈ ਮੰਗਾਂ ਮੰਗਣ ਵਾਲਾ ਰਹੂ ਤਾਂ ਮੰਗਾਂ ਮੰਨੂੰ ਜੇ ਕੋਈ ਰਿਹਾ ਹੀ ਨਾ ਫਿਰ ਕਿੱਸਾ ਖਤਮ! ਨਾ ਰਹੂ ਬਾਂਸ ਤੇ ਨਾ ਵੱਜੂ ਬੰਸਰੀ' ਕਾਮਰੇਡ ਨੇ ਗੁੱਸੇ ਨਾਲ ਕਿਹਾ।

'ਫੇਰ ਸਿੱਖਾਂ ਨੂੰ ਮਾਰਨ ਵਾਸਤੇ ਬਾਮਣੀ ਨੇ ਕਿਹਾ'

'ਲੋਕ ਚਰਚਾ ਤਾਂ ਇਹੀ ਆ'

'ਤਾਂ ਫਿਰ ਦਰਬਾਰ ਸੈਬ ਤੇ ਹਮਲਾ ਕਰਕੇ ਅੱਤਵਾਦੀ ਕੱਢਣ ਦਾ ਬਹਾਨਾ ਸੀ ?' ਸ਼ਿੰਗਾਰੇ ਨੇ ਪੁੱਛਿਆ।

'ਅਜੇ ਵੀ ਕੋਈ ਸ਼ੱਕ ਆ? ਪੈਲੀ ਗੱਲ ਏਹ ਆ ਕਿ ਗੁਰਦਵਾਰਿਆਂ 'ਚ' ਅੱਤਵਾਦੀ ਤੇ ਥਿਆਰ ਵੜਨ ਹੀ ਕਿਉਂ ਦਿੱਤੇ'?

'ਏਹ ਵੀ ਠੀਕ ਆ ਗੁਰਦਵਾਰੇ 'ਚ' ਰਫਲਾਂ ਪਿਸਤੌਲਾਂ ਦਾ ਕੀ ਕੰਮ ?' ਮੀਕੇ ਨੇ ਕਿਹਾ।

'ਫ਼ੌਜੀਆਂ ਨੇ ਹਮਲਾ ਕਰਨਾ ਹੀ ਸੀ ਤਾਂ ਪੰਜਵੇ ਪਾਤਸ਼ਾਹ ਦੇ ਸ਼ਹੀਦੀ ਦਿਹਾੜੇ ਤੋਂ ਬਾਅਦ ਕਰ ਦਿੰਦੇ, ਹਮਲਾ ਕਰਨਾ ਕੋਈ ਜਰੂਰੀ ਵੀ ਨੀ ਸੀ, ਗੈਸ ਛੱਡ ਦਿੰਦੇ, ਆਪੇ ਖੁੱਡ ਵਿਚਲੇ ਚੂਹਿਆਂ ਵਾਂਗੂੰ ਸਾਰੇ ਬਾਰ ਆ ਜਾਂਦੇ।'

'ਚਲੋ ਮੰਨਦੇ ਆਂ ਕਿ ਦਰਬਾਰ ਸੈਬ 'ਚ' ਅੱਤਵਾਦੀ ਸੀ ਪਰ ਕੋਈ ਤੀਹ ਪੈਂਤੀ ਹੋਰ ਗੁਰਦਵਾਰਿਆਂ ਤੇ ਹਮਲਾ ਕਿਓਂ ਕੀਤਾ ?' ਮੀਕੇ ਨੇ ਕਿਹਾ।

'ਨਾਲੇ ਮਾਰੇ ਗਏ ਸਾਰੇ ਸ਼ਰਧਾਲੂ ਸੀ, ਕੋਈ ਮੰਤਰੀ ਜਾਂ ਜੱਥੇਦਾਰ ਨੀ ਮਾਰਿਆ? ਸਾਰੇ ਚੋਰ ਦਰਵਾਜੇ ਥਾਣੀ ਬਾਰ ਆ ਗਏ' ਕਾਮਰੇਡ ਨੇ ਕਿਹਾ।

'ਆਹੋ ਮੰਤਰੀ ਸਾਧ ਸੰਤ ਕੋਈ ਨੀ ਮਰਿਆ' ਕੇਵਲ ਨੇ ਕਿਹਾ 'ਤਾਹੀਂ ਮੈਂ ਕੈਂਨਾ ਕਾਂਗਰਸੀਆਂ ਨੇ ਜਾਣ ਬੁੱਝ ਕੇ ਸਿੱਖਾਂ ਨੂੰ ਜਿਆਦਾ ਤੋਂ ਜਿਆਦਾ ਮਾਰਨ ਵਾਸਤੇ ਸ਼ਹੀਦੀ ਦਿਨ ਤੇ ਹਮਲਾ ਕੀਤਾ।' ਇਹ ਗੱਲਾਂ ਕਰ ਰਹੇ ਸਨ ਕਿ ਇੱਕ ਫੌਜੀ ਹੋਰ ਇਹਨਾ ਦੀ ਬੈਰਕ ਵਿੱਚ ਤਾੜ ਦਿਤਾ। ਇਹਨਾ ਦੁੱਖ ਦੀਆਂ ਗੱਲਾਂ ਬਾਹਰ ਖੜਾ ਸੰਤਰੀ ਸੁਣ ਰਿਹਾ ਸੀ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834




# ਪਾਠਕਾਂ ਦਾ ਨਜ਼ਰੀਆ

## ਮਨੁੱਖੀ ਅਧਿਕਾਰਾਂ ਤੇ ਇਨਸਾਫ ਦਾ ਮਸਲਾ

ਬਹਿਬਲ ਕਲਾਂ (ਪੰਜਾਬ) ਅਤੇ ਭੀਮ ਕੋਰੇਗਾਉਂ (ਮਹਾਰਾਸ਼ਟਰ) ਇਕ ਦੂਜੇ ਤੋਂ ਸੈਂਕੜੇ ਕਿਲੋਮੀਟਰ ਦੂਰੀ ਤੇ ਵਸੇ ਦੋ ਸਾਧਾਰਨ ਜਿਹੇ ਪਿੰਡ ਹਨ ਇਹਨਾਂ ਦੇ ਵਸਨੀਕਾਂ ਨੇ ਜਾਨਣਾ ਤਾਂ ਦੂਰ ਦੀ ਗਲ ਹੈ, ਇਕ ਦੂਜੇ ਦਾ ਨਾਂ ਵੀ ਸੁਣਿਆ ਨਹੀਂ ਹੋਣਾ , ਇਸ ਦੇ ਬਾਵਜੂਦ ਇਹਨਾਂ ਵਿਚਕਾਰ ਸਾਂਝ ਦੀਆਂ ਹੈਰਾਨੀਜਨਕ ਤੰਦਾਂ ਮੌਜੂਦ ਹਨ ?

ਬਹਿਬਲ ਕਲਾਂ ਚਾਰ ਸਾਲ ਪਹਿਲਾਂ ਉਸ ਵੇਲੇ ਮੀਡੀਆ ਦੀਆਂ ਸੁਰਖੀਆਂ ਵਿਚ ਛਾਇਆ ਸੀ ਜਦ ਦਿਲੀ ਦੇ ਪੰਜਾਬ ਵਾਲੇ ਸੂਬੇ ਨੇ ਕੁਛ ਦੁਸ਼ਟਾਂ ਹਥੀਂ ਗੁਰੂ ਗਰੰਥ ਸਾਹਿਬ ਦੀ ਘੋਰ ਬੇਅਦਬੀ ਵਿਰੁਧ ਰੋਸ ਪਰਗਟ ਕਰਦੀ ਸ਼ਾਂਤ ਬੈਠੀ ਸੰਗਤ ਉਤੇ ਗੋਲੀਆਂ ਚਲਾਈਆਂ ਅਤੇ ਦੋ ਨਿਰਦੋਸ਼ੇ ਸਿਖਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਸੀ।

ਕੋਰੇਗਾਉਂ ਦੋ ਸਾਲ ਪਹਿਲਾਂ ਉਭਰਿਆ ਜਦ ਉਥੇ ਦਲਿਤ ਕੌਮ ਅਪਣੀ ਇਕ ਇਤਹਾਸਕ ਜੰਗੀ ਜਿਤ ਦੀ ਵਰੇਗੰਢ ਮਨਾਉਣ ਲਈ ਇਕਤਰ ਹੋਈ ਸੀ। ਉਸ ਦਿਨ 200 ਸਾਲ ਪਹਿਲਾਂ ਦਲਿਤ ਫੌਜ ਨੇ ਪੇਸ਼ਵਾ ਬਰਾਹਮਣ ਕੌਮ ਦੀ ਫੌਜ ਨੂੰ ਕਰਾਰੀ ਹਾਰ ਦੇ ਕੇ ਜਾਤੀਵਾਦੀ ਜਬਰ ਦਾ ਬਦਲਾ ਲਿਆ ਸੀ। ਇਸ ਦਿਨ ਦੀ ਮਹਤਤਾ ਵਲ ਧਿਆਨ ਸਭ ਤੋਂ ਪਹਿਲਾਂ ਡਾ ਅੰਬੇਦਕਰ ਨੇ ਕੁਛ ਦਹਾਕੇ ਪਹਿਲਾਂ ਦਿਵਾਇਆ ਸੀ । ਪਰ ਉਸ ਦਿਨ ਛਿਥੇ ਪਏ ਹਿੰਦੂਤਵੀ ਪਖੀ ਹਮਲਾਵਰਾਂ ਨੇ ਯੋਜਨਾਬਧ ਹਮਲਾ ਕਰ ਕੇ ਇਕ ਦਲਿਤ ਮਾਰ ਦਿਤਾ ਸੀ ਅਤੇ 40 ਹੋਰ ਜ਼ਖਮੀ ਕਰ ਦਿਤੇ ਸਨ।

ਇਹਨਾਂ ਜੁਰਮਾਂ ਪਿਛੋਂ ਹੁਕਮਰਾਨਾਂ ਨੇ ਦੋਵਾਂ ਸਥਾਨਾਂ ਤੇ ਹਮਲਾਵਰ ਕਾਤਲਾਂ ਨੂੰ ਸੁੱਕੇ ਬਚਾਉਣ ਦੀ ਖੇਡ ਸ਼ੁਰੂ ਕਰ ਦਿਤੀ। ਇਸ ਦਾ ਇਕ ਅਜ਼ਮਾਇਆ ਹੋਇਆ ਸਫਲ ਢੰਗ ਇਹ ਹੈ ਕਿ ਜਬਰ ਦੇ ਸ਼ਿਕਾਰ ਹੋਣ ਵਾਲਿਆਂ ਨੂੰ ਸ਼ਹਿਰੀ ਮਾਓਵਾਦੀ ਜਾਂ ਪਾਕਿਸਤਾਨ ਦੇ ਉਕਸਾਏ ਸਿਖ ਦਹਿਸ਼ਤਗਰਦ ਦਸ ਕੇ ਝੂਠੇ ਮੁਕਦਮਿਆਂ ਵਿਚ ਫਸਾ ਦੇਵੋ । ਦੂਜਾ ਢੰਗ : ਪੁਲਿਸ ਪੜਤਾਲ ਵਿਚ ਇੰਨੀ ਦੇਰੀ ਕਰਵਾ ਦਿਉ ਕਿ ਗਵਾਹ ਹੀ ਮਰ ਖਪ ਜਾਣ। ਇਹ ਦੋਵੇਂ ਢੰਗ ਦੋਵਾਂ ਸਥਾਨਾਂ ਤੇ ਵਰਤੇ ਗਏ।

ਪੰਜਾਬ ਦੇ ਲੋਕਾਂ ਨੂੰ ਪਤਾ ਹੀ ਹੈ ਕਿ ਇਕ ਜਾਂ ਦੂਜੇ ਸੂਬੇਦਾਰ ਨੇ ਪੜਤਾਲ ਦੀ ਪਰਕਿਰਿਆ ਨੂੰ ਖਿੱਦੋ-ਖੂੰਡੀ ਦੀ ਖੇਡ ਬਣਾ ਟੋਲੇ ਮਾਰ ਕੇ ਕਦੇ ਇਕ ਕਮਿਸ਼ਨ, ਕਦੇ ਦੂਜੇ ਕਮਿਸ਼ਨ, ਕਦੇ ਇਕ 'ਸਿਟ', ਕਦੇ ਦੂਜੀ 'ਸਿਟ' ਅਤੇ ਕਦੇ ਸੀਬੀਆਈ ਦੇ ਹਵਾਲੇ ਕੀਤਾ ਅਤੇ ਫਿਰ ਵਾਪਸ ਲੈਣ ਦਾ ਸਿਲਸਲਾ ਜਾਰੀ ਰਖਿਆ।

ਮਹਾਰਾਸ਼ਟਰ ਵਿਚ ਵੀ ਇਹੀ ਹਾਲ ਚਲਦਾ ਆ ਰਿਹਾ ਹੈ । ਬੀਜੇਪੀ ਦੀ ਸਰਕਾਰ ਨੇ ਹਮਲਾਵਰ ਦੋਸ਼ੀਆਂ ਨੂੰ ਕਟਹਿਰੇ ਵਿਚ ਖੜਾ ਕਰਨ ਦੀ ਬਜਾਏ ਨਿਰਦੋਸ਼ਿਆਂ ਨੂੰ ਜਬਰ ਦਾ ਨਿਸ਼ਾਨਾ ਬਣਾਇਆ । ਹੁਣ ਜਦ ਗ਼ੈਰ-ਬੀਜੇਪੀ ਸਰਕਾਰ ਕੋਰੇਗਾਉਂ ਦੀ ਸਮੂਚੀ ਵਾਰਦਾਤ ਦੀ ਦੁਬਾਰਾ ਪੜਤਾਲ ਵਲ ਵਧੀ ਅਤੇ ਝੂਠੇ ਮੁਕਦਮੇ ਵਾਪਸ ਲੈਣ ਦਾ ਪਰਸਤਾਵ ਰਖਿਆ ਤਾਂ ਤਟ ਫਟ ਦਿਲੀ ਤੋਂ ਝਪਟਾ-ਮਾਰ ਹੁਕਮ ਆ ਗਿਆ ਕਿ ਗਿਹ ਵਿਭਾਗ ਇਹ ਕੇਸ ਅਖੌਤੀ ਰਾਸ਼ਟਰੀ ਪੜਤਾਲੀਆ ਏਜੰਸੀ ਹਥ ਦੇ ਰਿਹਾ ਹੈ।

ਯਾਨੀ ਕੇਂਦਰ ਮਨਮਰਜ਼ੀ ਨਾਲ ਕਿਸੇ ਵੀ ਕੇਸ ਨੂੰ ਦਹਿਸ਼ਤਵਾਦੀ ਕਰਾਰ ਦੇ ਸਕਦਾ ਹੈ। ਇੰਜ ਅਮਨ ਕਾਨੂੰਨ ਅਤੇ ਪੁਲਿਸ ਵਾਲੀਆਂ ਘਟੋ ਘਟ ਚੋਣਵੇਂ ਮਾਮਲਿਆਂ ਵਿਚ ਵਿਧਾਨਕ ਤਾਕਤਾਂ ਅਮਲੀ ਤੌਰ ਤੇ ਸਟੇਟਾਂ ਤੋਂ ਖੋਹ ਲਈਆਂ ਗਈਆਂ ਹਨ। ਪੰਜਾਬ ਦੇ ਕੇਸ ਵਿਚ ਤਾਂ ਡਾਇਰੈਕਟਰ ਜਨਰਲ ਪੁਲਿਸ ਦੀ ਨਿਯੁਕਤੀ ਦੀ ਤਾਕਤ 1985 ਵਾਲੀ ਰਾਜੀਵ-ਲੌਂਗੋਵਾਲ ਸੰਧੀ ਦੀਆਂ ਅਲਿਖਤ ਧਾਰਾਵਾਂ ਰਾਹੀਂ ਕੇਂਦਰ ਨੇ ਪੰਜਾਬ ਤੋਂ ਖੋਹ ਲਈ ਸੀ। ਇਸ ਅਨੁਸਾਰ ਪਹਿਲਾਂ ਮਹਾਰਾਸ਼ਟਰ ਦੇ ਜੇ ਐਫ ਰਿਬੈਰੋ ਨੂੰ ਅਤੇ ਬਾਅਦ ਵਿਚ ਆਸਾਮ ਕਾਡਰ ਦੇ ਕੇਪੀ ਐਸ ਗਿਲ ਨੂੰ ਪੰਜਾਬ ਪੁਲਿਸ ਦਾ ਡਾਇਰੈਕਟਰ ਜਨਰਲ ਲਾ ਦਿਤਾ ਸੀ।

**ਸੁਖਦੇਵ ਸਿੰਘ ਸੀਨੀਅਰ ਪਤਰਕਾਰ**

## ਬਾਬਿਆਂ ਦੇ ਮਾਇਆ ਜਾਲ ਵਿਚ ਫਸੇ ਆਮ ਲੋਕ

ਅਖੌਤੀ ਬਾਬੇ ਆਪਣੇ ਆਪ ਨੂੰ ਸਰਬ ਸ਼ਕਤੀਮਾਨ ਦਿਖਾਉਣ ਲਈ ਕਈ ਤਰਾਂ ਦੇ ਕਰਮ ਕਾਂਢ ਕਰਦੇ ਹਨ। ਲੋਕ ਇਨਾਂ ਪ੍ਰਤੀ ਅੰਨੀ ਸ਼ਰਧਾ ਰੱਖਦੇ ਹਨ। ਇਤਿਹਾਸ ਦੇ ਪ੍ਰਸੰਗ ਸੁਣਾ ਕੇ ਬਾਬੇ ਉਨਾਂ ਨੂੰ ਆਪਣੇ ਲਈ ਮਰਨ ਮਿਟਣ ਲਈ ਤਿਆਰ ਕਰ ਲੈਂਦੇ ਹਨ।

ਅੱਜਕੱਲ ਅਸੀਂ ਸੰਤਾਪ ਭੋਗ ਰਹੇ ਹਾਂ ਜੋ ਡੇਰਾਵਾਦ ਦੀ ਦੇਣ ਹੈ। ਲੋਕ ਸਭ ਜਾਣਦੇ ਬੁੱਝਦੇ ਹੋਏ ਵੀ ਬਾਬਿਆਂ ਦੇ ਮਾਇਆ ਜਾਲ ਵਿਚ ਫਸ ਜਾਂਦੇ ਹਨ। ਲੋਕ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦੇ ਹਨ। ਜਿਹੜੀ ਧੀ ਨੂੰ ਅਸੀਂ ਬਾਜ਼ਾਰ ਇਕੱਲੀ ਨਹੀਂ ਜਾਣ ਦਿੰਦੇ, ਉਸ ਨੂੰ ਅਸੀਂ ਡੇਰੇ ਦਾਨ ਦੇ ਆਉਂਦੇ ਹਾਂ। ਆਸਥਾ ਦੇ ਨਾਮ 'ਤੇ ਔਰਤ ਦਾ ਦਾਨ ਸੱਭਿਅਕ ਸਮਾਜ ਵਿਚ ਕਿਸੇ ਤਰਾਂ ਵੀ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਲੋਕਾਂ ਦੀ ਅਨਪੜਤਾ ਅਤੇ ਸਰਕਾਰ ਦੀ ਹੱਲਾਸ਼ੇਰੀ ਨਾਲ ਦੇਸ਼ ਦੇ ਕੋਨੇ ਕੋਨੇ ਵਿਚ ਡੇਰੇ ਵਧ-ਫੁੱਲ ਰਹੇ ਹਨ। ਸਾਡੇ ਰਹਿਬਰ ਅਖਵਾਉਂਦੇ ਨੇਤਾ ਵੀ ਇਨਾਂ ਦੇ ਚਰਨੀਂ ਹੱਥ ਲਾਉਂਦੇ ਹਨ। ਵੱਖ ਵੱਖ ਪਾਰਟੀਆਂ ਦੇ ਬਹੁਤ ਸਾਰੇ ਲੀਡਰ ਲੋਕਾਂ ਕੋਲੋਂ ਵੋਟਾਂ ਮੰਗਣ ਦੀ ਬਜਾਏ ਡੇਰਿਆਂ ਵਾਲੇ ਬਾਬਿਆਂ ਕੋਲੋਂ ਵੋਟਾਂ ਮੰਗਣ ਜਾਂਦੇ ਹਨ।

ਕਈ ਬਾਬੇ ਬਲਾਤਕਾਰ ਦੇ ਮਾਮਲਿਆਂ ਵਿਚ ਜੇਲ ਦੀ ਹਵਾ ਖਾ ਰਹੇ ਹਨ। ਸਰਬ ਸ਼ਕਤੀਮਾਨ ਹੋਣ ਦਾ ਭਰਮ ਪਾਲਣ ਵਾਲੇ ਬਾਬੇ ਅਦਾਲਤ ਅੱਗੇ ਰਹਿਮ ਦੀ ਭੀਖ ਮੰਗਦੇ ਦੇਖੇ ਗਏ ਹਨ। ਜੇਕਰ ਸਾਡੇ ਲੋਕ ਇੰਨਾ ਕੁਝ ਦੇਖ ਸੁਣ ਕੇ ਵੀ ਨਹੀਂ ਸਮਝਣਗੇ ਤਾਂ ਸਮਾਜ ਦਾ ਇਸ ਤੋਂ ਵੱਧ ਨੁਕਸਾਨ ਹੋ ਸਕਦਾ ਹੈ। ਇਹ ਅਖੌਤੀ ਬਾਬੇ ਸਾਨੂੰ ਦਿਮਾਗੀ ਤੌਰ 'ਤੇ ਖੋਖਲਾ ਬਣਾ ਰਹੇ ਹਨ।ਚੇਤੰਨ ਲੋਕਾਂ ਨੂੰ ਅੱਗੇ ਆ ਕੇ ਵਹਿਮਾਂ ਭਰਮਾਂ ਵਿਚ ਫਸੇ ਲੋਕਾਂ ਨੂੰ ਸੱਚ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਜੋ ਲੋਕ ਬਾਬਿਆਂ ਦੇ ਮੱਕੜਜਾਲ ਵਿਚੋਂ ਬਾਹਰ ਨਿਕਲ ਸਕਣ।

**ਪਰਗਟ ਸਿੰਘ ਜੰਬਰ**

## ਪੰਜਾਬ ਦੀ ਜਵਾਨੀ ਦਾ ਉਜਾੜਾ

ਪੰਜਾਬ ਅੱਜ ਵੀ ਉੱਜੜ ਰਿਹਾ ਹੈ। ਰੁਜ਼ਗਾਰ ਤੋਂ ਸੱਖਣੀ ਜਵਾਨੀ ਆਰਥਿਕਤਾ ਨੂੰ ਧੱਕਾ ਲਾਉਣ ਲਈ ਵਿਦੇਸ਼ਾਂ 'ਚ ਜਾ ਕੇ ਦਿਹਾੜੀਆਂ ਕਰਨ ਲਈ ਮਜਬੂਰ ਹੈ। ਆਈਲੈਟਸ ਨਾਮੀ ਜੋਕ ਪੰਜਾਬ ਨੂੰ ਚਿੰਬੜੀ ਹੈ, ਜੋ ਇੱਥੋਂ ਦੀ ਜਵਾਨੀ ਨੂੰ ਚੂਸ ਕੇ ਵਿਦੇਸ਼ੀ ਮੰਡੀਆਂ 'ਚ ਸੁੱਟ ਰਹੀ ਹੈ। ਅੰਕੜਿਆਂ ਅਨੁਸਾਰ ਪੰਜਾਬ 'ਚ ਹਰ ਸਾਲ 3 ਲੱਖ 36 ਹਜ਼ਾਰ ਵਿਦਿਆਰਥੀ ਆਈਲੈਟਸ ਦੀ ਪ੍ਰੀਖਿਆ ਦਿੰਦੇ ਹਨ। ਜੇ ਇਨਾਂ ਅੰਕੜਿਆਂ ਨੂੰ ਇਕ ਵਿਦਿਆਰਥੀ ਦੇ ਪੇਪਰ ਦੀ ਫੀਸ ਨਾਲ ਗੁਣਾ ਕਰੀਏ ਤਾਂ ਕੁੱਲ ਰਕਮ 425 ਕਰੋੜ ਬਣਦੀ ਹੈ। ਪੰਜਾਬ 'ਚ ਰਜਿਸਟਰਡ ਆਈਲੈਟਸ ਸੈਂਟਰਾਂ ਦੀ ਗਿਣਤੀ 1200 ਦੇ ਕਰੀਬ ਹੈ, ਜਿੱਥੇ ਨਿੱਤ ਦਿਹਾੜੀ ਹੀ ਨੌਜਵਾਨਾਂ ਦਾ ਮੇਲਾ ਲੱਗਿਆ ਰਹਿੰਦਾ ਹੈ। ਬਾਰਵੀਂ ਦੀ ਪ੍ਰੀਖਿਆ ਪਿੱਛੋਂ ਹੀ ਬਾਹਰ ਜਾਣ ਦਾ ਰੁਝਾਨ ਵਧਣ ਕਾਰਨ ਪੰਜਾਬ ਦੇ ਕਾਲਜ ਤੇ ਯੂਨੀਵਰਸਿਟੀਆਂ ਖ਼ਾਲੀ ਹੁੰਦੀਆਂ ਜਾ ਰਹੀਆਂ ਹਨ। ਇਸ ਗੱਲ ਦਾ ਅਨੁਮਾਨ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਫ਼ਰੀਦਕੋਟ 'ਚ ਖ਼ਾਲੀ ਰਹਿ ਗਈਆਂ ਸੈਂਕੜੇ ਸੀਟਾਂ ਤੋਂ ਲੱਗਦਾ ਹੈ, ਜੋ ਭਰੀਆਂ ਹੀ ਨਹੀਂ ਜਾ ਸਕੀਆਂ। ਦਿਨੋ-ਦਿਨ ਵੱਧ ਰਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸੰਖਿਆ ਕਾਰਨ ਕੈਨੇਡਾ ਵਰਗੇ ਵਿਕਸਤ ਦੇਸ਼ਾਂ 'ਚ ਵੀ ਏਸ਼ੀਅਨ ਜਵਾਨੀ 6 ਡਾਲਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਕੰਮ ਕਰਨ ਲਈ ਮਜਬੂਰ ਹੈ ਜੋ ਇਕ ਸਾਲ ਪਹਿਲਾਂ 12 ਡਾਲਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਕੰਮ ਕਰਦੀ ਸੀ। ਅਜਿਹੇ ਹਾਲਾਤ ਪੈਦਾ ਕਿਉਂ ਹੋਣ ਦਿੱਤੇ ਜਾਂਦੇ ਹਨ? ਸਰਕਾਰਾਂ ਦਾ ਨੌਜਵਾਨਾਂ ਪ੍ਰਤੀ ਨਜ਼ਰੀਆ ਸਾਰਥਕ ਕਿਉਂ ਨਹੀਂ? ਅਸਲ 'ਚ ਸਾਡੀਆਂ ਸਰਕਾਰਾਂ ਰੁਜ਼ਗਾਰ ਦੇ ਮੌਕੇ ਪੈਦਾ ਹੀ ਨਹੀਂ ਕਰਦੀਆਂ। ਜੇ ਦੇਸ਼ ਦੇ ਆਰਥਿਕ ਵਿਕਾਸ ਦੀ ਦਰ ਬਾਰੇ ਗੱਲ ਕਰੀਏ ਤਾਂ 2003 ਤੋਂ ਲੈ ਕੇ 2012 ਤਕ ਵਿਕਾਸ ਦਰ ਸਾਲਾਨਾ 8 ਫ਼ੀਸਦੀ ਤੋਂ ਵੱਧ ਰਹੀ ਹੈ ਪਰ ਮੋਦੀ ਸਰਕਾਰ ਦੇ ਸਾਬਕਾ ਮੁੱਖ ਆਰਥਿਕ ਸਲਾਹਕਾਰ ਅਰਵਿੰਦ ਸੁਬਰਾਮਨੀਅਮ ਅਨੁਸਾਰ ਪਿਛਲੇ ਅੱਠ ਸਾਲਾਂ ਦੌਰਾਨ ਇਹ ਵਿਕਾਸ ਦਰ ਘਟ ਕੇ ਸਿਰਫ਼ 4.5 ਫ਼ੀਸਦੀ ਰਹਿ ਗਈ ਹੈ, ਜਿਸ ਕਾਰਨ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ। ਬੀਬੀਸੀ ਦੀ ਰਿਪੋਰਟ ਮੁਤਾਬਿਕ ਨੋਟਬੰਦੀ ਦੇ ਪ੍ਰਭਾਵ ਕਾਰਨ 35 ਲੱਖ ਲੋਕ ਬੇਰੁਜ਼ਗਾਰ ਹੋਏ ਹਨ, ਜਿਸ ਕਾਰਨ ਲੇਬਰ ਫੋਰਸ 'ਚ ਵੀ ਨੌਜਵਾਨਾਂ ਦੀ ਹਿੱਸੇਦਾਰੀ ਘਟੀ ਹੈ। ਮਸ਼ੀਨੀਕਰਨ ਦੇ ਵਿਕਾਸ ਨਾਲ ਵੀ ਬੇਰੁਜ਼ਗਾਰੀ ਵਧੀ ਹੈ। ਬੇਰੁਜ਼ਗਾਰੀ ਦੀ ਸਮੱਸਿਆ ਕਾਰਨ ਅਪਰਾਧ 'ਚ ਵੀ ਕਾਫ਼ੀ ਵਾਧਾ ਹੋਇਆ ਹੈ ਤੇ ਨਸ਼ਿਆਂ ਦਾ ਰੁਝਾਨ ਵੱਧ ਗਿਆ ਹੈ। ਪੰਜਾਬ ਖ਼ਾਲੀ ਹੁੰਦਾ ਜਾ ਰਿਹਾ ਹੈ ਤੇ ਸਾਡੀ ਜਵਾਨੀ ਉੱਜੜਨ ਲਈ ਮਜ਼ਬੂਰ ਹੈ।

**ਸਿਮਰਨਜੀਤ ਸਿੰਘ ਸਿਮਰਾ**

## ਨਹੀਂ ਰੀਸਾਂ ਬਾਪੂ ਜਸਵੰਤ ਸਿੰਘ ਕੰਵਲ ਦੀਆਂ

ਬਾਪੂ ਜਸਵੰਤ ਸਿੰਘ ਕੰਵਲ ਤੁਰ ਗਿਆ ਹੈ ਪਰ ਜੀਵਨ ਦੀ ਇਹ ਤੋਰ ਹਜ਼ਾਰਾਂ ਵਿੱਚੋਂ ਕਿਸੇ ਇੱਕ ਦੇ ਹਿੱਸੇ ਹੀ ਆਉਂਦੀ ਹੈ। ਪੰਜਾਬੀ ਭਾਸ਼ਾ ਦੇ ਲੇਖਕਾਂ ਵਿੱਚੋਂ ਇੱਕ ਸਦੀ ਤੋਂ ਉੱਪਰ ਉਮਰ ਹੰਢਾਉਣ ਤੋਂ ਬਾਦ ਵੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤੀ ਮਾਣਦਿਆਂ ਤੁਰਨਾ ਲੋਕਾਂ ਦੇ ਹਰ ਮਨ ਪਿਆਰੇ ਨਾਵਲਕਾਰ ਬਾਪੂ ਸਿੰਘ ਜਸਵੰਤ ਸਿੰਘ ਕੰਵਲ ਦੇ ਹੀ ਹਿੱਸੇ ਆਇਆ ਹੈ। ਆਪਣੀ ਉਮਰ ਜਿੰਨੀਆਂ ਹੀ ਕਿਤਾਬਾਂ ਲਿਖਣ ਦਾ ਰਿਕਾਰਡ ਤਾ ਹੋਰ ਵੀ ਲੇਖਕਾਂ ਨੇ ਬਣਾਇਆ ਹੋਵੇਗਾ ਪਰ ਇਹ ਰਿਕਾਰਡ ਬਣਾਉਣ ਵਾਲੇ ਲੇਖਕਾਂ ਵਿੱਚੋਂ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਬਾਪੂ ਕੰਵਲ ਹੀ ਹੈ। ਲੱਖਾਂ ਰੁਪਏ ਦੇ ਵਕਾਰੀ ਇਨਾਮ ਲੈਣ ਵਾਲੇ ਲੇਖਕਾਂ ਦੀ ਗਿਣਤੀ ਵੀ ਹੁਣ ਪੰਜਾਬ ਵਿੱਚ ਚੋਖੀ ਗਈ ਹੈ ਪਰ ਉਨਾਂ ਵਿੱਚੋਂ ਕੋਈ ਵੀ ਨਹੀਂ ਜਿਸਦੀ ਕਿਤਾਬ ਪਾਠਕਾਂ ਨੂੰ ਲਾਈਨਾਂ ਵਿੱਚ ਲੱਗ ਕੇ ਖਰੀਦਣੀ ਪਈ ਹੋਵੇ, ਜਿਸ ਤਰਾਂ ਉਸਦਾ ਨਾਵਲ ਨਾਵਲ 'ਲਹੂ ਦੀ ਲੋਅ' ਐਮਰਜੈਂਸੀ ਖਤਮ ਹੋਣ ਤੋਂ ਬਾਦ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਲੱਗੇ ਕਿਸਾਨ ਮੇਲੇ ਵਿੱਚ ਪਾਠਕਾਂ ਨੇ ਖਰੀਦਿਆ ਸੀ। ਉਸਦੇ ਹਰੇਕ ਨਾਵਲ ਦੇ ਕਈ ਕਈ ਐਡੀਸ਼ਨ ਛਪੇ ਨੇ ਤੇ ਅਜੇ ਵੀ ਛਪ ਰਹੇ ਨੇ। ਭਾਵੇਂ ਉਸਦੇ ਸਰੀਰ ਦੇ ਅੰਗ ਹੁਣ ਉਮਰ ਦਾ ਭਾਰ ਢੋਂਦਿਆਂ ਕੁਝ ਸਥਿਲ ਹੋ ਗਏ ਸਨ ਪਰ ਉਸ ਦਾ ਦਿਲ ਤੇ ਦਿਮਾਗ ਅਜੇ ਜਵਾਨ ਤੇ ਪੂਰੀ ਤਰਾਂ ਕ੍ਰਿਆਸ਼ੀਲ ਸੀ।

ਸਾਹਿਤ ਦੇ ਨਵੇਂ ਪਾਠਕ ਤਾਂ ਸਾਰੇ ਹੀ ਨਾਮਵਰ ਲੇਖਕ ਆਪੋ ਆਪਣੀ ਸਮਰੱਥਾ ਅਨੁਸਾਰ ਪੈਦਾ ਕਰਦੇ ਨੇ ਪਰ ਪਾਠਕਾਂ ਦੇ ਸਿਰ ਕਲਮ ਦਾ ਜਾਦੂ ਧੂੜ ਕੇ ਉਨਾਂ ਨੂੰ ਸਮੇਂ ਦੀਆਂ ਲਹਿਰਾਂ ਨਾਲ ਤੋਰਨ ਦਾ ਸਭ ਤੋਂ ਵੱਧ ਹੁਨਰ ਸਾਹਿਤ ਦੇ ਇਸ ਬਾਬਾ ਬੋਹੜ ਕੋਲ ਹੀ ਸੀ। ਤਦ ਹੀ ਤਾਂ ਪ੍ਰੋ. ਸਵਰਨ ਸਿੰਘ ਢੁੱਡੀਕੇ ਹੁੱਬ ਕੇ ਆਖਦਾ ਹੈ ਕਿ ਕੰਵਲ ਦੇ ਨਾਵਲ 'ਰਾਤ ਬਾਕੀ ਹੈ' ਨੇ ਜਿੰਨੇ ਮੁੰਡੇ ਕਮਿਊਨਿਸਟ ਬਣਾਏ ਨੇ ਉਨੇ ਸ਼ਾਇਦ ਕਮਿਊਨਿਸਟ ਪਾਰਟੀਆਂ ਨੇ ਵੀ ਨਾ ਬਣਾਏ ਹੋਣ। ਦਰ ਅਸਲ ਕੰਵਲ ਤਾਂ ਹੈ ਹੀ ਸੀ ਮੁੰਡਿਆਂ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਵਾਲਾ ਲੇਖਕ। ਕਿਸੇ ਵੇਲੇ ਉਹ 'ਹਾਣੀ' ਤੇ 'ਪਾਲੀ' ਵਰਗੇ ਨਾਵਲ ਲਿਖ ਕੇ ਨਵੀਂ ਉਮਰ ਦੇ ਮੁੰਡਿਆਂ ਵਿੱਚ ਰੁਮਾਂਟਿਕ ਭਾਵ ਪੈਦਾ ਕਰਦਾ ਰਿਹਾ ਤਾਂ ਕਿਸੇ ਵੇਲੇ ਉਹ ਉਨਾਂ ਨੂੰ ਹੱਥ ਵਿੱਚ ਬੰਦੂਕ ਫੜ ਕੇ ਵਿਵਸਥਾ ਨੂੰ ਬਦਲਣ ਦੇ ਰਾਹ ਪੈਣ ਦੀ ਸਲਾਹ ਵੀ ਦਿੰਦਾ ਰਿਹਾ। ਮੁੰਡੇ ਚਾਹੇ ਨਕਸਲਵਾਦੀ ਦੌਰ ਦੇ ਹੋਣ ਜਾਂ ਖਾਲਸਤਾਨੀ ਖਾੜਕੂ ਦੌਰ ਦੇ, ਕੰਵਲ ਨੇ ਉਨਾਂ ਦੀ ਪਿੱਠ ਥਾਪੜਣ ਵਿੱਚ ਕਦੇ ਵੀ ਕੋਈ ਕਸਰ ਬਾਕੀ ਨਹੀਂ ਰੱਖੀ। ਚਾਹੇ ਵਾਰ ਵਾਰ ਆਪਣੀ ਵਿਚਾਰਧਾਰਕ ਪਹੁੰਚ ਬਦਲਣ ਨਾਲ ਉਸਦੀ ਕਰੜੀ ਆਲੋਚਨਾ ਵੀ ਹੋਈ ਹੈ ਪਰ ਇਹ ਆਲੋਚਨਾ ਕਦੇ ਉਸਦੇ ਪਾਠਕਾਂ ਦੀ ਗਿਣਤੀ 'ਤੇ ਅਸਰ ਅੰਦਾਜ਼ ਨਹੀਂ ਹੋ ਸਕੀ।

ਭਾਵੁਕ ਤੇ ਸੰਵੇਦਨਸ਼ੀਲ ਹੋਣਾ ਕਿਸੇ ਲੇਖਕ ਦਾ ਮੀਰੀ ਗੁਣ ਹੁੰਦਾ ਹੈ ਪਰ ਉਹ ਭਾਵੁਕਤਾ ਦੀਆਂ ਹੱਦਾਂ ਪਾਰ ਕਰਕੇ ਅਕਸਰ ਉਪ ਭਾਵੁਕ ਵੀ ਹੋ ਜਾਂਦਾ ਸੀ। ਖਾਸ ਤੌਰ 'ਤੇ ਜਦੋਂ ਉਹ ਪੰਜਾਬ ਦੀ ਹੋ ਰਹੀ ਦੁਰਦਸ਼ਾ ਬਾਰੇ ਲਿਖਦਾ ਜਾਂ ਬੋਲਦਾ ਹੋਵੇ ਤਾਂ ਉਹ ਆਪਣੇ ਵਿਸ਼ੇਸ਼ ਅੰਦਾਜ਼ ਵਿੱਚ ਪੰਜਾਬ ਦਾ ਇਹ ਬੁਰਾ ਹਾਲ ਕਰਨ ਵਾਲੇ ਰਾਜਸੀ ਲੋਕਾਂ ਲਈ ਲਗਭਗ ਗਾਲਾਂ ਕੱਢਣ ਤੇ ਬਦ-ਦੁਆਵਾਂ ਦੇਣ ਵਾਲੀ ਤਲਖ ਭਾਸ਼ਾ ਵੀ ਵਰਤ ਲੈਂਦਾ ਸੀ। ਦੇਸ਼ਾਂ ਵਿਦੇਸ਼ਾਂ ਵਿੱਚੋਂ ਉਸ ਨੂੰ ਇੰਨੇ ਮਾਣ ਸਨਮਾਨ ਮਿਲੇ ਕਿ ਇਸਦੀ ਗਿਣਤੀ ਕਰਨ ਲਈ ਇੱਕ ਵੱਖਰੇ ਮੁਨੀਮ ਦੀ ਲੋੜ ਪਵੇਗੀ। ਉਸਦੇ ਦਿਲ 'ਤੇ ਆਈ ਤਾਂ ਭਾਸ਼ਾ ਵਿਭਾਗ ਵਿਭਾਗ ਵੱਲੋਂ ਨਾਵਲ 'ਲਹੂ ਦੀ ਲੋਅ' ਨੂੰ ਮਿਲੇ ਪੁਰਸਕਾਰ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਕਿ ਜਿਸ ਸਰਕਾਰ ਨੇ ਨਕਸਲੀ ਮੁੰਡੇ ਮਾਰੇ ਨੇ, ਮੈਂ ਉਸ ਤੋਂ ਪੁਰਸਕਾਰ ਨਹੀਂ ਲੈ ਸਕਦਾ। ਜਦੋਂ ਸਰਕਾਰ ਪ੍ਰਤੀ ਉਸਦਾ ਉੱਪਰ ਚੜ੍ਹਿਆ ਪਾਰਾ ਕੁਝ ਹੇਠਾਂ ਆਇਆ ਤਾਂ ਇਸ ਵਿਭਾਗ ਵੱਲੋਂ ਦਿੱਤੇ ਜਾਣ ਵਾਲਾ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਬੜੀ ਹਲੀਮੀ ਨਾਲ ਸਵੀਕਾਰ ਵੀ ਕਰ ਲਿਆ। ਜਦੋਂ ਉਸਦੇ ਸਮਕਾਲੀ ਲੇਖਕਾਂ ਨੇ ਉਸ ਨੂੰ ਆਪਣਾ ਪੂਰਵਜ ਮੰਨ ਕੇ ਉਸਦਾ ਜਨਮ ਦਿਨ ਮਨਾਉਣ ਦੀ ਪਰੰਪਰਾ ਸ਼ੁਰੂ ਕਰ ਲਈ ਸੀ ਤਾਂ ਇਸ ਤੋਂ ਵੱਧ ਸਨਮਾਨ ਕਿਸੇ ਲੇਖਕ ਦਾ ਹੋਰ ਹੋ ਵੀ ਕੀ ਸਕਦਾ ਹੈ। ਉਸ ਨੂੰ ਪਿਆਰ ਕਰਨ ਵਾਲੇ ਪੰਜਾਬੀ ਲੇਖਕ ਅਤੇ ਪਾਠਕ ਉਸਦੇ ਪੰਜ ਛੇ ਹੋਰ ਜਨਮ ਦਿਨ ਉਸਦੇ ਜਿਉਂਦੇ ਜੀਅ ਮਨਾਉਣਾ ਚਾਹੁੰਦੇ ਸਨ ਪਰ ਜੀਵਨ ਦੀ ਹਰ ਇੱਛਾ ਪੂਰੀ ਨਹੀਂ ਹੁੰਦੀ। ਮੈਨੂੰ ਇਸ ਗੱਲ ਦੀ ਪੂਰੀ ਸਤੁੰਸ਼ਟੀ ਹੈ ਕਿ ਉਹ ਸਾਹਿਤ ਦੇ ਖੇਤਰ ਵਿੱਚ ਜਿਹੜੀਆਂ ਪੈੜਾਂ ਪਾ ਕੇ ਗਿਆ ਹੈ, ਉਹਨਾਂ ਦੀ ਉਮਰ ਉਸਦੀ ਆਪਣੀ ਉਮਾਰ ਤੋਂ ਵੀ ਲੰਮੀ ਹੈ।

**ਨਿਰੰਜਣ ਬੋਹਾ**

## ਗੁਰੂ ਨਾਨਕ ਦੇਵ ਜੀ ਦੀ ...

ਇਸ ਊਣਤਾਈ ਨੂੰ ਦੂਰ ਕਰਨ ਲਈ ਗਿਆਨੀ ਕਰਤਾਰ ਸਿੰਘ ਨੇ ਯਤਨ ਕੀਤੇ ਅਤੇ ਸ਼੍ਰੋਮਣੀ ਕਮੇਟੀ ਨੂੰ ਸਮਰੱਥ ਬਣਾਉਣ ਲਈ ਐਕਟ ਵਿਚ ਤਰਮੀਮ ਕਰਵਾ ਕੇ ਇਤਿਹਾਸਕ ਅਤੇ ਮਹੱਤਵਪੂਰਨ ਗੁਰਦੁਆਰੇ ਸਿੱਧੇ ਤੌਰ 'ਤੇ ਸ਼੍ਰੋਮਣੀ ਕਮੇਟੀ ਦੇ ਅਧੀਨ ਕਰਵਾ ਲਏ। ਇਸ ਤਰਮੀਮ ਨਾਲ ਸ਼੍ਰੋਮਣੀ ਕਮੇਟੀ ਦਾ ਮਾਇਕ ਸੰਕਟ ਦੂਰ ਹੋ ਗਿਆ ਅਤੇ ਹੌਲੀ ਹੌਲੀ ਸਥਾਨਕ ਕਮੇਟੀਆਂ ਦਾ ਮਹੱਤਵ ਘਟਦਾ ਗਿਆ। ਪਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵੇਲੇ ਜੋ ਪ੍ਰਤੀਨਿਧ ਮੈਂਬਰ ਵੱਡੀ ਆਮਦਨ ਵਾਲੇ ਗੁਰਦੁਆਰਿਆਂ ਨਾਲ ਸਬੰਧਤ ਹੁੰਦੇ ਸਨ, ਉਹ ਸ਼੍ਰੋਮਣੀ ਕਮੇਟੀ ਵਿਚ ਆਪਣੀ ਪ੍ਰਭਾਵੀ ਸਥਿਤੀ ਬਣਾ ਲੈਂਦੇ ਅਤੇ ਆਪਣੀ ਗੱਲ ਮਨਵਾਉਣ 'ਤੇ ਉੱਤਰ ਆਉਂਦੇ। ਇਸ ਤਰਾਂ ਸ਼੍ਰੋਮਣੀ ਕਮੇਟੀ ਦੀ ਪ੍ਰਕਿਰਿਆ ਪੱਖ ਤੋਂ ਵੇਪੱਖ ਵੱਲ ਹੋਣ ਲੱਗ ਗਈ। ਉਦੋਂ ਸੁਧਾਰਵਾਦੀ ਅਤੇ ਬੇਲਾਗ ਸਿੱਖ ਇਨਾਂ ਨੂੰ ਚੁਣੇ ਹੋਏ ਮਹੰਤ ਕਹਿਣ ਲੱਗ ਗਏ।

ਇਨਾਂ ਦੀਆਂ ਬੇਜ਼ਾਬਤਗੀਆਂ ਨੂੰ ਵੇਖਦੇ ਹੋਇਆ ਕਈ ਵਾਰ ਮਾਸਟਰ ਤਾਰਾ ਸਿੰਘ ਸਿੰਘ ਵੀ ਕਹਿਣ ਲਗ ਜਾਂਦੇ ਕਿ ਵਿਲਾਸੀ ਮਹੰਤਾਂ ਤੋਂ ਤਾਂ ਗੁਰਦੁਆਰੇ ਛੁੜਵਾ ਲਏ ਪਰ ਇਨਾਂ ਚੁਣੇ ਹੋਏ ਮਹੰਤਾਂ ਤੋਂ ਕਿਵੇਂ ਪਿਛਾ ਛੁੜਵਾ ਸਕਾਂਗੇ? ਚੁਣੇ ਹੋਏ ਮੈਂਬਰਾਂ ਨੇ ਸ਼੍ਰੋਮਣੀ ਕਮੇਟੀ ਵਿਚ ਰਾਜਨੀਤਕ ਗਤੀਵਿਧੀਆ ਸ਼ੁਰੂ ਕਰ ਦਿੱਤੀਆਂ। ਇਸ ਤਰਾਂ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਹਿੱਤਾਂ ਨੂੰ ਵਿਕਸਤ ਕਰਨ ਵਾਲੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦੀ ਨੁਹਾਰ ਰਾਜਨੈਤਿਕ ਹੋ ਗਈ। ਇਸ ਦੀ ਕਾਰਜ਼ਗਾਰੀ ਸ਼੍ਰੋਮਣੀ ਅਕਾਲ ਦਲ ਦੇ ਸਿਆਸੀ ਅਕਾਵਾਂ ਦੇ ਰਹਿਮ ਕਰਨ 'ਤੇ ਨਿਰਭਰ ਕਰਦੀ ਹੈ। ਸ਼੍ਰੋਮਣੀ ਕਮੇਟੀ ਦਾ ਹਰ ਇਕ 'ਨੌਕਰ' ਵਿਅਕਤੀ (ਚਾਹੇ ਉਹ ਜਥੇਦਾਰ ਕਿਉਂ ਨਾ ਹੋਵੇ) ਆਪਣੀ ਨੌਕਰੀ ਦੀ ਰੱਖਿਆ ਲਈ ਨੈਤਿਕ ਮੁੱਲਾਂ ਉੱਤੇ ਪਹਿਰਾ ਦੇਣੋਂ ਵੀ ਸੰਕੋਚ ਕਰਨ ਲਗ ਗਿਆ। ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਮੂਲ ਆਸ਼ੇ ਦਾ ਗੌਰਵ ਖਤਮ ਹੋ ਗਿਆ। ਸਿਆਸੀ ਪ੍ਰਵੇਸ਼ ਨੇ ਇਸ ਦੀ ਕਾਰਜ-ਸੀਮਾ ਵਿਚੋਂ ਧਰਮ ਨੂੰ ਖਾਰਜ ਕਰਨਾ ਸ਼ੁਰੂ ਕਰ ਦਿੱਤਾ।

## ਜਦੋਂ ਦਰਬਾਰ ਸਾਹਿਬ ਦੇ ਗ੍ਰੰਥੀ...

ਉਸ ਨੇ ਲਿਖਿਆ, "ਮੈਂ ਨਿੱਜੀ ਤੌਰ ਉੱਤੇ ਮੰਗਲ ਸਿੰਘ ਨਾਲ ਮਿਲ ਕੇ ਇਹ ਪ੍ਰਬੰਧ ਕੀਤਾ ਕਿ ਪ੍ਰਿੰਸ ਆਫ ਵੇਲਜ਼ ਦੇ ਦਰਬਾਰ ਸਾਹਿਬ ਆਉਣ ਵੇਲੇ ਦੇ ਇੰਤਜ਼ਾਮ ਵਾਂਗ ਵਾਇਸਰਾਇ ਤੇ ਉਸ ਦੇ ਨਾਲ ਆਉਣ ਵਾਲੇ ਸਮੂਹ ਮੈਂਬਰ ਆਪਣੇ ਬੂਟਾਂ ਦੇ ਉੱਪਰ ਗੁਰਦੁਆਰੇ ਵੱਲੋਂ ਦਿੱਤੀਆਂ ਜੁਰਾਬਾਂ ਚੜ੍ਹਾ ਲੈਣਗੇ। ਇਸ ਬਾਰੇ ਸਰਦਾਰ ਨੇ ਨਾ ਤਾਂ ਪਹਿਲਾਂ ਤੇ ਨਾ ਹੀ ਪਿੱਛੋਂ ਕੋਈ ਇਤਰਾਜ਼ ਕੀਤਾ। ਜਦੋਂ ਵਾਇਸਰਾਇ ਅਤੇ ਉਸ ਦੇ ਸਮੂਹ ਨੇ ਜੁੱਤੇ ਪਹਿਨੇ ਉਦੋਂ ਮੰਗਲ ਸਿੰਘ ਅਤੇ ਦੂਜੇ ਦੋਵੇਂ ਸਰਦਾਰ ਵੀ ਹਾਜ਼ਰ ਸਨ। ਲੇਡੀ ਲਿਟਨ ਨੇ ਆਪਣੇ ਅਤੇ ਹੋਰ ਔਰਤਾਂ ਦੀ ਵਰਤੋਂ ਲਈ ਕੁਰਸੀਆਂ ਦੀ ਮੰਗ ਕੀਤੀ ਸੀ। ਮੈਂ ਇਸ ਬਾਰੇ ਸੂਰਤ ਸਿੰਘ ਅਤੇ ਅਜੀਤ ਸਿੰਘ ਨੂੰ ਦੱਸ ਦਿੱਤਾ ਸੀ। ਕਿਸੇ ਨੇ ਵੀ ਪਹਿਲਾਂ ਜਾਂ ਪਿੱਛੋਂ, ਜਦ ਉਨਾਂ ਵਾਇਸਰਾਇ ਦੀ ਪਾਰਟੀ ਦੇ ਪਿੱਛੇ ਪਿੱਛੇ ਕੁਰਸੀਆਂ ਲਿਆਂਦੀਆਂ ਜਾ ਰਹੀਆਂ ਵੇਖ ਲਈਆਂ ਸਨ, ਇਸ ਬਾਰੇ ਇਤਰਾਜ਼ ਨਹੀਂ ਕੀਤਾ।" ਦਰਬਾਰ ਸਾਹਿਬ ਅੰਦਰ ਅੰਗਰੇਜ਼ ਮਹਿਮਾਨਾਂ ਦੇ ਕੁਰਸੀਆਂ ਉੱਤੇ ਬੈਠਣ ਨੂੰ ਜਾਇਜ਼ ਸਿੱਧ ਕਰਨ ਵਾਸਤੇ ਉਸ ਨੇ ਦਲੀਲ ਦਿੱਤੀ, "ਇਸ ਸਚਾਈ ਦੇ ਸਾਹਮਣੇ ਕਿ ਪਾਠ, ਜੋ ਇਸ ਰਸਮ ਦਾ ਸਭ ਤੋਂ ਪਵਿੱਤਰ ਭਾਗ ਹੈ, ਕਰਨ ਸਮੇਂ ਗ੍ਰੰਥੀ ਖ਼ੁਦ ਬੈਠਦੇ ਹਨ, ਇਹ ਦੋਸ਼ ਨਿਰਾਧਾਰ ਸਿੱਧ ਹੋ ਜਾਂਦਾ ਹੈ। ਭਗਤ ਸਿੰਘ ਏਨਾ ਅਨਪੜ੍ਹ ਹੈ ਕਿ ਉਸ ਨੂੰ ਇਹ ਨਹੀਂ ਪਤਾ ਕਿ ਕਿਸੇ ਯੂਰਪ ਵਾਸੀ ਵੱਲੋਂ ਕੁਰਸੀ ਦੀ ਵਰਤੋਂ ਕਿਸੇ ਹਿੰਦੁਸਤਾਨੀ ਵੱਲੋਂ ਚੌਕੜੀ ਮਾਰ ਕੇ ਬੈਠਣ ਦੇ ਬਰਾਬਰ ਹੀ ਹੈ।"

ਭਾਈ ਭਗਤ ਸਿੰਘ ਬਾਰੇ ਉਸ ਦੇ ਮਨ ਵਿੱਚ ਜ਼ਹਿਰ ਭਰੀ ਹੋਈ ਸੀ, ਜਿਸ ਦਾ ਪ੍ਰਗਟਾਵਾ ਕਰਦਿਆਂ ਉਸ ਨੇ ਲਿਖਿਆ, "ਉਸ ਦਾ ਗੁਰਦੁਆਰੇ ਦੇ ਅਧਿਕਾਰਾਂ ਦੇ ਰੱਖਿਅਕ ਅਤੇ ਕਸਟੋਡੀਅਨ ਵਜੋਂ ਪੇਸ਼ ਆਉਣਾ ਉਸ ਦੇ ਵਰਤਾਉ ਨੂੰ ਨਾ-ਮੁਆਫ਼ ਕਰਨ ਯੋਗ ਬਣਾ ਦਿੰਦਾ ਹੈ।" ਉਸ ਨੇ ਭਗਤ ਸਿੰਘ ਨੂੰ ਗ੍ਰੰਥੀ ਵਜੋਂ ਜੀਵਨ ਭਰ ਲਈ ਮਿਲੀ 200 ਰੁਪਏ ਸਾਲਾਨਾ ਦੀ ਮੁਆਫ਼ੀ ਉਸ ਦੀਆਂ ਸੇਵਾਵਾਂ ਬਾਰੇ ਅੰਤਿਮ ਫ਼ੈਸਲਾ ਹੋਣ ਤਕ ਜ਼ਬਤ ਕਰਦਿਆਂ ਸਿਫ਼ਾਰਸ਼ ਕੀਤੀ ਕਿ ਉਸ ਦੀਆਂ ਸੇਵਾਵਾਂ ਖ਼ਤਮ ਕਰ ਕੇ ਉਸ ਦੇ ਪਰਿਵਾਰ ਦੇ ਕਿਸੇ ਹੋਰ ਮੈਂਬਰ ਨੂੰ ਇਹ ਸੇਵਾ ਦਿੱਤੀ ਜਾਵੇ। ਉਸ ਨੇ ਸੁਝਾਅ ਦਿੱਤਾ ਕਿ ਇਹ ਮੁਆਫ਼ੀ ਨਵੇਂ ਨਿਯੁਕਤ ਹੋਣ ਵਾਲੇ ਵਿਅਕਤੀ ਦੇ ਨਾਂ ਕਰ ਦਿੱਤੀ ਜਾਵੇ।

ਮਿਸਟਰ ਐੱਚ.ਈ.ਪਰਕਿਨਜ਼ ਕਮਿਸ਼ਨਰ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਾ ਪੱਤਰ ਜਾਣਕਾਰੀ ਅਤੇ ਅਗਲੀ ਕਾਰਵਾਈ ਵਾਸਤੇ ਪੰਜਾਬ ਸਰਕਾਰ ਨੂੰ ਭੇਜ ਦਿੱਤਾ। ਪੰਜਾਬ ਸਰਕਾਰ ਕੋਲ 9 ਦਸੰਬਰ ਨੂੰ ਦਰਬਾਰ ਸਾਹਿਬ ਵਿੱਚ ਬੇਹੁਰਮਤੀ ਹੋਣ ਦੀਆਂ ਕਈ ਪਟੀਸ਼ਨਾਂ ਪਹਿਲਾਂ ਹੀ ਪੁੱਜੀਆਂ ਹੋਈਆਂ ਸਨ। ਬੂਟ ਪਹਿਨ ਕੇ ਦਰਬਾਰ ਸਾਹਿਬ ਅੰਦਰ ਜਾਣ ਬਾਰੇ ਪੰਜਾਬ ਸਰਕਾਰ ਵਾਇਸਰਾਇ ਅਤੇ ਪ੍ਰਿੰਸ ਆਫ ਵੇਲਜ਼ ਦੇ ਦੌਰੇ ਨੂੰ ਇੱਕ ਸਮਾਨ ਨਹੀਂ ਸੀ ਮੰਨਦੀ ਕਿਉਂਕਿ ਪ੍ਰਿੰਸ ਆਫ ਵੇਲਜ਼ ਦਰਬਾਰ ਸਾਹਿਬ ਦੇ ਅੰਦਰ ਨਹੀਂ ਸੀ ਗਿਆ, ਉਹ ਘੰਟਾ ਘਰ ਤਕ ਹੀ ਗਿਆ ਸੀ। ਸਰਕਾਰ ਦਾ ਮੰਨਣਾ ਸੀ ਕਿ ਜੇ ਵਾਇਸਰਾਇ ਨੂੰ ਦਰਬਾਰ ਸਾਹਿਬ ਦੀ ਰਵਾਇਤ ਤੋਂ ਜਾਣੂ ਕਰਵਾ ਦਿੱਤਾ ਜਾਂਦਾ ਤਾਂ ਉਸ ਨੇ ਪਹਿਲੇ ਗਵਰਨਰ ਜਨਰਲਾਂ ਵਾਂਗ ਹੀ ਇਨਾਂ ਰਵਾਇਤਾਂ ਦੀ ਪਾਲਣਾ ਕਰਨੀ ਸੀ। ਦਰਬਾਰ ਸਾਹਿਬ ਅੰਦਰ ਕੁਰਸੀਆਂ ਲਾਉਣ ਬਾਰੇ ਪੰਜਾਬ ਸਰਕਾਰ ਦਾ ਕਹਿਣਾ ਸੀ ਕਿ ਡਿਪਟੀ ਕਮਿਸ਼ਨਰ ਦੇ ਪੱਤਰ ਤੇ ਉਸ ਵੱਲੋਂ ਜ਼ਬਾਨੀ ਦਿੱਤੇ ਗਏ ਵੇਰਵੇ ਤੋਂ ਸਾਫ਼ ਹੈ ਕਿ ਉਹ ਕਿਸੇ ਵਿਅਕਤੀ ਦੇ ਗ੍ਰੰਥ ਸਾਹਿਬ ਤੋਂ ਉੱਚਾ ਬੈਠਣ ਬਾਰੇ ਸਿੱਖਾਂ ਵੱਲੋਂ ਇਤਰਾਜ਼ ਕੀਤੇ ਜਾਣ ਨੂੰ ਸਮਝ ਨਹੀਂ ਸਕਿਆ। ਪੰਜਾਬ ਸਰਕਾਰ ਨੇ ਰਾਜਾ ਸੂਰਤ ਸਿੰਘ ਅਤੇ ਦੂਜੇ ਸਰਦਾਰਾਂ ਨੂੰ ਇਸ ਅਵੱਗਿਆ ਦੇ ਦੋਸ਼ੀ ਮੰਨਿਆ ਕਿਉਂ ਜੋ ਉਨਾਂ ਨੇ ਇਸ ਸਥਾਨ ਉੱਤੇ ਪ੍ਰਚੱਲਿਤ ਰਵਾਇਤਾਂ ਤੋਂ ਡਿਪਟੀ ਕਮਿਸ਼ਨਰ ਨੂੰ ਜਾਣੂ ਨਹੀਂ ਸੀ ਕਰਵਾਇਆ। ਸਾਰੀ ਘਟਨਾਵਲੀ ਨੂੰ ਧਿਆਨਗੋਚਰੇ ਰੱਖਦਿਆਂ ਲੈਫਟੀਨੈਂਟ ਗਵਰਨਰ ਦਾ ਮੰਨਣਾ ਸੀ ਕਿ ਸਥਾਨਕ ਅਧਿਕਾਰੀਆਂ ਦੀ ਗ਼ਲਤੀ ਨੂੰ ਗ੍ਰੰਥੀ ਭਗਤ ਸਿੰਘ ਦੇ ਸਿਰ ਨਹੀਂ ਮੜ੍ਹਿਆ ਜਾਣਾ ਚਾਹੀਦਾ। ਕੁਝ ਹੋਰ ਲਿਖਾ ਪੜ੍ਹੀ ਹੋਣ ਪਿੱਛੋਂ ਲੈਫਟੀਨੈਂਟ ਗਵਰਨਰ ਨੇ ਹੁਕਮ ਜਾਰੀ ਕੀਤਾ ਕਿ ਗ੍ਰੰਥੀ ਭਾਈ ਭਗਤ ਸਿੰਘ ਨੂੰ ਬਹਾਲ ਕਰ ਕੇ ਉਸ ਦੀ ਬਣਦੀ ਤਨਖ਼ਾਹ ਦੀ ਅਦਾਇਗੀ ਕੀਤੀ ਜਾਵੇ, ਰਾਜਾ ਸੂਰਤ ਸਿੰਘ ਮਜੀਠੀਆ ਤੇ ਸਰਦਾਰ ਅਜੀਤ ਸਿੰਘ ਨੂੰ ਲੈਫਟੀਨੈਂਟ ਗਵਰਨਰ ਦੀ ਅਪ੍ਰਸੰਨਤਾ ਤੋਂ ਜਾਣੂ ਕਰਵਾਇਆ ਜਾਵੇ।

## ਭਾਰਤ ਵਿੱਚ ਹਿਟਲਰਾਂ ਦਾ ਰਾਜ ਤੇ ਮਨੁੱਖੀ ਅਧਿਕਾਰ

ਇਹੋ ਜਿਹੇ ਬਿਆਨ ਆਮ ਹੀ ਵਿਰੋਧੀਆਂ ਵਿਰੁਧ ਸੁਣਾਈ ਦੇ ਰਹੇ ਹਨ। ਇਹੀ ਕਾਰਨ ਹੈ ਕਿ ਭਾਰਤ ਬਾਰੇ ਕੌਮਾਂਤਰੀ ਅਖ਼ਬਾਰਾਂ, ਮੈਗਜ਼ੀਨਾਂ ਦੇ ਕਵਰ ਬਦਲਣ ਲੱਗ ਪਏ ਹਨ। 177 ਸਾਲ ਪੁਰਾਣੀ ਇਕਨਾਮਿਸਟ ਪੱਤ੍ਰਿਕਾ ਨੇ ਲੋਕਤੰਤਰ ਦਾ ਇਕ ਸੂਚਕ ਅੰਕ ਬਣਾਇਆ ਸੀ ਤੇ ਉਸ ਨੇ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਭਾਰਤ 51ਵੇਂ ਨੰਬਰ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ। ਇਕ ਸਾਲ ਵਿਚ 10 ਅੰਕ ਭਾਰਤ ਭਗਵੇਂਵਾਦੀਆਂ ਕਾਰਨ ਹੇਠਾਂ ਆ ਗਿਆ। ਇਕਨਾਮਿਸਟ ਪੱਤ੍ਰਿਕਾ ਅਨੁਸਾਰ ਮੋਦੀ ਦੀਆਂ ਨੀਤੀਆਂ ਨੇ ਭਾਰਤੀ ਲੋਕਤੰਤਰ ਦੇ ਅਕਸ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਕਾਰਨ ਭਾਰਤ ਦੀ ਅਰਥ-ਵਿਵਸਥਾ ਵੀ ਵਿਗੜੀ ਹੈ। ਅਮਰੀਕਾ ਹੀ ਨਹੀਂ, ਦੁਨੀਆਂ ਦੇ ਦੂਸਰੇ ਦੇਸਾਂ ਦੇ ਅਖ਼ਬਾਰਾਂ ਵਿਚ ਵੀ ਭਾਰਤ ਦੇ ਲੋਕਤੰਤਰ ਦੀ ਹੋਂਦ ਬਾਰੇ ਸੁਆਲ ਉੱਠਣ ਲੱਗੇ ਹਨ। ਮੋਦੀ ਸਰਕਾਰ ਭਾਵੇਂ ਇਸ ਨੂੰ ਵਿਦੇਸ਼ੀ ਮੀਡੀਆ ਕਹਿ ਕੇ ਅੱਖੋਂ ਪਰੋਖੇ ਕਰੇ, ਪਰ ਅਸਲੀਅਤ ਬਹੁਤੀ ਦੇਰ ਨਹੀਂ ਛੁਪੇਗੀ। ਭਾਜਪਾ ਦੇ ਵਿਦੇਸ਼ ਮਾਮਲਿਆਂ ਬਾਰੇ ਇੰਚਾਰਜ ਵਿਜੈ ਚੌਥੋਈ ਨੇ ਬਹੁਤ ਦੂਸ਼ਿਤ ਟਿੱਪਣੀ ਕੀਤੀ ਹੈ ਕਿ ਅੰਗਰੇਜ਼ 1947 ਵਿਚ ਚਲੇ ਗਏ, ਪਰ ਇਕਨਾਮਿਸਟ ਦੇ ਸੰਪਾਦਕ ਅੱਜ ਵੀ ਬ੍ਰਿਟਿਸ਼ ਸਾਮਰਾਜ ਵਿਚ ਰਹਿ ਕੇ ਸਾਮਰਾਜਵਾਦੀ ਬਿਆਨ ਝਾੜ ਰਹੇ ਹਨ। ਪਰ ਸੁਆਲ ਇਹ ਹੈ ਕਿ ਜਦੋਂ ਇਹ ਪੱਤ੍ਰਿਕਾ ਇਨਾਂ ਦੀ ਤਾਰੀਫ ਵਿਚ ਲੇਖ ਛਾਪਦੀ ਹੈ ਤਾਂ ਭਾਜਪਾਈ ਟਿੱਪਣੀ ਨਹੀਂ ਕਰਦੇ। ਭਾਜਪਾ ਦੇ ਵਿਜੈ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਬ੍ਰਿਟੇਨ ਦੀ ਇਸੇ ਪੱਤ੍ਰਿਕਾ ਨੇ 2016 ਦੇ ਬਾਅਦ 12 ਵਾਰ ਬ੍ਰਿਟੇਨ ਨੂੰ ਆਪਣੇ ਕਵਰ ਉੱਤੇ ਛਾਪਿਆ ਹੈ ਤੇ ਸਭ ਵਿਚ ਬ੍ਰਿਟਿਸ਼ ਸੱਤਾਧਾਰੀਆਂ ਦੀ ਆਲੋਚਨਾ ਕੀਤੀ ਹੈ। ਜੇਕਰ ਇਹ ਪੱਤ੍ਰਿਕਾ ਸਾਮਰਾਜ ਪੱਖੀ ਹੁੰਦੀ ਤਾਂ ਉਹ ਭਾਰਤ ਦੇ ਗੋਦੀ ਮੀਡੀਆ ਦੀ ਤਰਾਂ ਆਪਣੇ ਦੇਸ ਦੇ ਸੱਤਾਧਾਰੀਆਂ ਦੀ ਤਾਰੀਫ ਕਰਦੀ। ਦੁਨੀਆਂ ਦੇ ਕਿੰਨੇ ਮੁਲਕਾਂ ਵਿਚ ਸਟੇਡੀਅਮ ਕਿਰਾਏ 'ਤੇ ਲੈ ਕੇ ਮੋਦੀ ਨੇ ਰੈਲੀਆਂ ਕੀਤੀਆਂ ਹਨ। ਉਨਾਂ ਦਾ ਮਕਸਦ ਇਹੀ ਸੀ ਕਿ ਵਿਦੇਸ਼ਾਂ ਵਿਚ ਭਾਰਤ ਦਾ ਨਾਮ ਚਮਕ ਰਿਹਾ ਹੈ। ਪਰ ਉਥੋਂ ਦੀਆਂ ਵੱਡੀਆਂ ਅਖ਼ਬਾਰਾਂ ਮੋਦੀ ਸਰਕਾਰ ਦੀ ਆਲੋਚਨਾ ਕਰ ਰਹੀਆਂ ਹਨ। ਉਨਾਂ ਦੀ ਨਜ਼ਰ ਵਿਚ ਭਾਰਤ ਦਾ ਪ੍ਰਧਾਨ ਮੰਤਰੀ ਮੋਦੀ ਨਾਇਕ ਨਹੀਂ ਹੈ। 9 ਮਈ 2019 ਦੀ ਟਾਈਮ ਪੱਤ੍ਰਿਕਾ ਦੇ ਕਵਰ 'ਤੇ ਪ੍ਰਧਾਨ ਮੰਤਰੀ 'ਡਿਵਾਈਡਰ ਇਨ ਚੀਫ' ਆਖੇ ਗਏ। ਪਰ ਇਹ ਸਟੋਰੀ ਲਿਖਣ ਵਾਲਾ ਪੱਤਰਕਾਰ ਅਤੀਸ਼ ਤਾਸੀਰ ਸੀ, ਜਿਸ ਦਾ ਓਵਰਸੀਸ ਇੰਡੀਅਨ ਕਾਰਡ ਵਾਪਸ ਲੈ ਲਿਆ ਗਿਆ। ਜਦ ਕਿ ਚਾਰ ਸਾਲ ਪਹਿਲਾਂ 7 ਮਈ 2015 ਦੌਰਾਨ ਇਸੇ ਪੱਤ੍ਰਿਕਾ ਦੇ ਕਵਰ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਜ਼ਿਕਰ ਇਕ ਮਹਾਨ ਨੇਤਾ ਦੇ ਤੌਰ 'ਤੇ ਹੁੰਦਾ ਹੈ ਤਾਂ ਉਸ ਸਮੇਂ ਭਾਰਤੀ ਸੱਤਾਧਾਰੀਆਂ ਵਲੋਂ ਕੋਈ ਟਿੱਪਣੀ ਨਹੀਂ ਹੁੰਦੀ।

ਟਾਈਮ ਪੱਤ੍ਰਿਕਾ ਦੇ ਤਿੰਨ ਪੱਤਰਕਾਰਾਂ ਨੈਨਸੀ ਗਿੱਲ, ਜੌਹਿਰ ਅਬਦੁਲ ਕਰੀਮ, ਨਿਖਲ ਕੁਮਾਰ ਨੇ 7 ਮਈ 20 15 ਨੂੰ ਪ੍ਰਧਾਨ ਮੰਤਰੀ ਦਾ ਇੰਟਰਵਿਊ ਕੀਤਾ। ਇਸ ਅੰਕ ਵਿਚ ਨਿਖਲ ਕੁਮਾਰ ਦਾ ਇਕ ਲੇਖ ਵੀ ਛਪਿਆ ਸੀ, ਜਿਸ ਦਾ ਹੈਡਿੰਗ ਸੀ ਕਿ ਨਰਿੰਦਰ ਮੋਦੀ ਭਾਰਤ ਨੂੰ ਕਿਵੇਂ ਬਦਲਣਾ ਚਾਹੁੰਦੇ ਹਨ? ਕਿਵੇਂ ਮੋਦੀ ਨੇ ਇਕ ਸਾਲ ਵਿਚ ਆਪਣੇ ਆਪ ਨੂੰ ਗਲੋਬਲ ਪੋਲੀਟੀਕਲ ਸਟਾਰ ਦੇ ਰੂਪ ਵਿਚ ਸਥਾਪਤ ਕਰ ਦਿੱਤਾ ਹੈ। ਉਹ ਤਿੰਨ ਘੰਟੇ ਸੋਦੇ ਹਨ, ਯੋਗਾ ਕਰਦੇ ਹਨ। ਇਕ ਸਾਲ ਵਿਚ 19 ਦੇਸਾਂ ਦਾ ਦੌਰਾ ਕਰ ਚੁੱਕੇ ਹਨ। ਉਸ ਨੇ ਇਹ ਵੀ ਲਿਖਿਆ ਸੀ ਕਿ ਮੋਦੀ ਗਰੀਬੀ ਦੀ ਗੱਲ ਕਰਦੇ ਭਾਵੁਕ ਹੋ ਜਾਂਦੇ ਹਨ ਤੇ ਕਈ ਵਾਰ ਅੱਥਰੂ ਵੀ ਵਹਿ ਤੁਰਦੇ ਹਨ। ਟਾਈਮ ਪੱਤ੍ਰਿਕਾ ਦਾ ਆਪਣਾ ਮਹੱਤਵ ਹੈ। ਜੇ ਮਹੱਤਵ ਨਾ ਹੁੰਦਾ ਤਾਂ ਪ੍ਰਧਾਨ ਮੰਤਰੀ ਮੋਦੀ 2015 ਦੌਰਾਨ ਦੋ ਘੰਟੇ ਇੰਟਰਵਿਊ ਨਾ ਦਿੰਦੇ। ਅਗਲੇ ਦਿਨ ਭਾਰਤੀ ਵਿਦੇਸ਼ ਮੰਤਰਾਲੇ ਆਪਣੀ ਵੈਬਸਾਈਟ 'ਤੇ ਪੂਰੇ ਇੰਟਰਵਿਊ ਦਾ ਹਿੰਦੀ ਅਨੁਵਾਦ ਛਾਪਦਾ ਹੈ। ਹੁਣ ਜਦ ਟਾਈਮ ਵਿਚ ਆਲੋਚਨਾ ਛਪ ਰਹੀ ਹੈ ਤਾਂ ਉਸ ਦੇ ਪੱਤਰਕਾਰ ਤੋਂ ਓਵਰਸੀਜ਼ ਇੰਡੀਅਨ ਕਾਰਡ ਹੀ ਲੈ ਲਿਆ ਜਾਂਦਾ ਹੈ।

ਹੁਣ ਸੁਆਲ ਇਹ ਹੈ ਕਿ ਮੋਦੀ ਸਰਕਾਰ ਦੀ ਦਿੱਖ ਕਿਉਂ ਵਿਗੜ ਗਈ? ਟਾਈਮ ਪੱਤ੍ਰਿਕਾ ਪਹਿਲਾਂ ਚੰਗੀ ਸੀ, ਹੁਣ ਕਿਉਂ ਮਾੜੀ ਹੋ ਗਈ? 2012 ਦੇ ਕਵਰ 'ਤੇ ਜਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਟਾਈਮ ਵਿਚ ਅੰਡਰ ਅਚੀਵਰ ਦੱਸਿਆ ਗਿਆ ਅਰਥਾਤ ਉਮੀਦ ਤੋਂ ਘੱਟ ਉਤਰਨ ਵਾਲਾ ਪ੍ਰਧਾਨ ਮੰਤਰੀ ਤਾਂ ਉਤਸ਼ਾਹਿਤ ਹੋ ਗਏ ਭਾਜਪਾ ਨੇਤਾ ਤਰਨ ਵਿਜੈ ਨੇ ਟਾਈਮ ਦੀ ਤਾਰੀਫ ਕੀਤੀ ਸੀ ਤੇ ਕਿਹਾ ਸੀ ਕਿ ਗੁਜਰਾਤ ਦਾ ਮੁੱਖ ਮੰਤਰੀ ਮੋਦੀ ਮਨਮੋਹਨ ਸਿੰਘ ਤੋਂ ਮਹਾਨ ਹਨ। ਇਨਾਂ ਦੋਹਾਂ ਵਿਚ ਕਿੰਨਾ ਅੰਤਰ ਹੈ? ਗੁਜਰਾਤ ਦੇ ਮੁੱਖ ਮੰਤਰੀ ਦੀ ਕਹਾਣੀ ਸੁਰੱਖਿਆ ਬਿਜਨੈਸ ਪ੍ਰਗਤੀ ਤੇ ਵਿਕਾਸ ਦੀ ਹੈ ਤੇ ਉੱਥੇ ਮਨਮੋਹਨ ਸਿੰਘ ਦੀ ਕਹਾਣੀ ਨਕਾਮੀ, ਭ੍ਰਿਸ਼ਟਾਚਾਰ, ਰੁਪਏ ਦੇ ਗਿਰਾਵਟ ਦੀ ਹੈ। ਜਦ ਵਿਦੇਸ਼ੀ ਪੱਤ੍ਰਿਕਾ ਵਿਚ ਤਾਰੀਫ ਦੀ ਗੱਲ ਛੱਪਦੀ ਹੈ ਤਾਂ ਭਗਵੇਂਵਾਦੀਆਂ ਨੂੰ ਇਹ ਗੱਲ ਬਹੁਤ ਵੱਡੀ ਲੱਗਦੀ ਹੈ। ਜਦ ਪ੍ਰਧਾਨ ਮੰਤਰੀ ਮੋਦੀ ਦੇ ਰਾਜ ਦਾ ਵਿਰੋਧ ਛੱਪਦਾ ਹੈ ਤਾਂ ਲੋਕਤੰਤਰ ਲਈ ਖਤਰਾ ਖੜ੍ਹਾ ਹੋ ਜਾਂਦਾ ਹੈ। ਅਜਿਹਾ ਤਾਂ ਨਹੀਂ ਹੋਣਾ ਚਾਹੀਦਾ? ਆਪਣੀ ਸਾਕਾਰਾਤਮਕ ਆਲੋਚਨਾ ਨੂੰ ਸਵੀਕਾਰ ਕਰਨਾ ਹੀ ਵਿਕਾਸ ਤੇ ਲੋਕਤੰਤਰ ਦਾ ਮਾਰਗ ਹੈ।

9 ਦਸੰਬਰ 2019 ਨੂੰ 'ਬਲੱਡ ਐਂਡ ਸੋਇਲ ਨਰਿੰਦਰ ਮੋਦੀਜ਼ ਇੰਡੀਆ' ਹੈਡਿੰਗ ਨਿਊਯਾਰਕ ਪੱਤ੍ਰਿਕਾ ਨੇ ਗੁਜਰਾਤ ਦੰਗਿਆਂ ਤੋਂ ਲੈ ਕੇ ਕਸ਼ਮੀਰ ਤੋਂ ਲੈ ਕੇ ਸਰਕਾਰ ਦੇ ਫੈਸਲਿਆਂ ਦੇ ਪਿਛੋਕੜ ਵਿਚ ਪ੍ਰਧਾਨ ਮੰਤਰੀ ਦੀ ਰਾਜਨੀਤਕ ਤੇ ਵਿਚਾਰਕ ਯਾਤਰਾ ਦਾ ਵਿਸਥਾਰ ਨਾਲ ਵਰਣਨ ਕੀਤਾ। ਇਸ ਨੂੰ ਲਿਖਣ ਵਾਲੇ ਪੱਤਰਕਾਰ ਡੈਕਸਟਰ ਫਿਲਕਿਨਸ ਨੇ ਪਾਕਿਸਤਾਨ, ਯਮਨ, ਇਰਾਕ, ਅਫਗਾਨਿਸਤਾਨ ਤੇ ਸੀਰੀਆ ਤੇ ਲਿਬਨਾਨ ਦੀਆਂ ਰਾਜਨੀਤਕ ਘਟਨਾਵਾਂ ਨੂੰ ਕਵਰ ਕੀਤਾ। ਭਾਰਤ ਦੇ ਮੀਡੀਆ ਨੇ ਗੁਜਰਾਤ ਦੇ ਕਤਲੇਆਮ ਦੇ ਸੁਆਲ ਨੂੰ ਹਮੇਸ਼ਾ ਲਈ ਦਬਾ ਦਿੱਤਾ, ਪਰ ਨਿਊਯਾਰਕ ਪੱਤਰਕਾਰ ਇਨਾਂ ਸਾਰੇ ਸੁਆਲਾਂ ਨੂੰ ਸੰਦਰਭ ਬਣਾਉਂਦੇ ਹੋਏ ਪ੍ਰਧਾਨ ਮੰਤਰੀ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਵਿਦੇਸ਼ੀ ਮੀਡੀਆ ਇਹ ਨਹੀਂ ਧਿਆਨ ਦਿੰਦਾ ਕਿ ਪ੍ਰਧਾਨ ਮੰਤਰੀ ਕੀ ਖਾਂਦੇ ਹਨ, ਕੀ ਪੀਂਦੇ ਹਨ? ਉਹ ਤਾਂ ਪ੍ਰਧਾਨ ਮੰਤਰੀ ਦੀ ਕਾਰਜ ਪ੍ਰਣਾਲੀ 'ਤੇ ਟਿੱਪਣੀਆਂ ਕਰਦਾ ਹੈ। ਸੁਤੰਤਰ ਪੱਤਰਕਾਰੀ ਦਾ ਅਰਥ ਸਰਕਾਰਾਂ ਦੀ ਖੁਸ਼ਾਮਦ ਕਰਨਾ ਨਹੀਂ। ਲੋਕ ਹਿੱਤ ਵਿਚ ਆਪਣੇ ਵਿਚਾਰ ਛਾਪਣੇ ਹੀ ਕੌਮੀਅਤ ਦੀ ਸੇਵਾ ਹੈ। ਮੋਦੀ ਸਰਕਾਰ ਦਾ ਪਹਿਲਾ ਸਮਾਂ ਵਿਕਾਸਸ਼ੀਲ ਭਾਰਤ ਦੇ ਨਾਅਰੇ ਅਧੀਨ ਬਹੁਤ ਵਧੀਆ ਰਿਹਾ ਹੈ। ਆਸ ਬਣਦੀ ਸੀ ਕਿ ਉਹ ਭਾਰਤ ਨੂੰ ਵਿਕਾਸ ਦੇ ਰਾਹਾਂ ਵਲ ਲੈ ਜਾਣਗੇ, ਪਰ ਜਦੋਂ ਤੋਂ ਹਿੰਦੂਤਵ ਦੇ ਨਾਅਰੇ ਤੇ ਹਿੰਸਾ ਫੈਲਣੀ ਸ਼ੁਰੂ ਹੋਈ ਹੈ, ਭਾਰਤ ਦਾ ਅਕਸ ਵਿਗੜਨਾ ਸ਼ੁਰੂ ਹੋ ਗਿਆ ਹੈ। ਭਾਰਤ ਦੇ ਫਿਰਕਾਪ੍ਰਸਤ ਹਾਕਮਾਂ ਵਿਰੁਧ ਕੌਮਾਂਤਰੀ ਖ਼ਬਰ ਆ ਗਈ ਹੈ ਕਿ ਯੂਰਪੀ ਸੰਸਦ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪੇਸ਼ ਮਤਿਆਂ ਉੱਤੇ ਬਹਿਸ ਤੋਂ ਬਾਅਦ ਇਨਾਂ ਨੂੰ ਪਾਸ ਕਰੇਗੀ। ਯੂਰਪੀ ਸੰਸਦ 28 ਦੇਸ਼ਾਂ ਦਾ ਸੰਗਠਨ ਹੈ। ਇਨਾਂ ਦੇਸ਼ਾਂ ਵਿੱਚ ਇੰਗਲੈਂਡ, ਜਰਮਨੀ, ਫਰਾਂਸ, ਇਟਲੀ, ਬੈਲਜੀਅਮ, ਗਰੀਸ, ਸਪੇਨ ਤੇ ਪੁਰਤਗਾਲ ਵਰਗੇ ਦੇਸ਼ ਸ਼ਾਮਲ ਹਨ, ਜਿਨਾਂ ਨਾਲ ਭਾਰਤ ਦੇ ਨੇੜਲੇ ਸੰਬੰਧ ਹਨ। ਯੂਰਪੀਅਨ ਪਾਰਲੀਮੈਂਟ ਵਿੱਚ ਕੁੱਲ 751 ਪਾਰਲੀਮੈਂਟ ਮੈਂਬਰ ਹਨ। ਇਨਾਂ ਵਿੱਚੋਂ 626 ਸਾਂਸਦਾਂ ਨੇ ਭਾਰਤ ਵਿੱਚ ਹੋ-ਵਾਪਰ ਰਹੇ ਬਾਰੇ 6 ਮਤੇ ਪੇਸ਼ ਕੀਤੇ ਹਨ। ਇਨਾਂ ਉੱਤੇ 30 ਜਨਵਰੀ ਨੂੰ ਵੋਟਿੰਗ ਹੋਵੇਗੀ।

ਇਨਾਂ ਮਤਿਆਂ ਵਿੱਚੋਂ ਬਹੁਤਿਆਂ ਵਿੱਚ ਸੀ ਏ ਏ ਨੂੰ ਸਮਾਜ ਵੰਡਣ ਵਾਲਾ ਕਹਿ ਕੇ ਇਸ ਦੀ ਸਖ਼ਤ ਨੁਕਤਾਚੀਨੀ ਕੀਤੀ ਗਈ ਹੈ। ਅਸਾਮ ਵਿੱਚ ਲਾਗੂ ਕੀਤੇ ਕੌਮੀ ਨਾਗਰਿਕਤਾ ਰਜਿਸਟਰ ਤੇ ਜੰਮੂ-ਕਸ਼ਮੀਰ ਵਿੱਚ ਲਾਗੂ ਪਾਬੰਦੀਆਂ ਵਿਰੁੱਧ ਮਤੇ ਵੀ ਪੇਸ਼ ਕੀਤੇ ਗਏ ਹਨ। ਮੁੱਖ ਮਤਾ 26 ਦੇਸ਼ਾਂ ਦੇ 154 ਮੈਂਬਰਾਂ ਵਾਲੇ ਸੋਸ਼ਲਿਸਟ ਐਂਡ ਡੈਮੋਕਰੇਟਿਕ ਗਰੁੱਪ ਦਾ ਹੈ। ਇਸ ਮਤੇ ਵਿੱਚ ਕਿਹਾ ਗਿਆ ਹੈ ਕਿ ਸੀ ਏ ਏ ਅਜਿਹਾ ਕਾਨੂੰਨ ਹੈ, ਜੋ ਦੁਨੀਆ ਭਰ ਵਿੱਚ ਦੇਸ਼-ਵਿਹੂਣੇ ਲੋਕਾਂ ਦਾ ਸੰਕਟ ਪੈਦਾ ਕਰ ਸਕਦਾ ਹੈ ਤੇ ਵਿਸ਼ਵ ਲਈ ਖਤਰਾ ਬਣ ਸਕਦਾ ਹੈ। ਇਨਾਂ ਮਤਿਆਂ ਵਿੱਚ ਸੀ ਏ ਏ ਨੂੰ ਪੱਖਪਾਤੀ ਤੇ ਵੰਡਪਾਊ ਦੱਸਦਿਆਂ ਕਿਹਾ ਗਿਆ ਹੈ ਕਿ ਇਹ ਨਾਗਰਿਕਾਂ ਦੇ ਰਾਜਨੀਤਕ ਅਧਿਕਾਰ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸਮਝੌਤਿਆਂ ਸੰਬੰਧੀ ਭਾਰਤ ਦੀ ਵਚਨਬੱਧਤਾ ਦੀ ਘੋਰ ਉਲੰਘਣਾ ਹੈ, ਜਿਨਾਂ ਉੱਤੇ ਭਾਰਤ ਨੇ ਦਸਤਖਤ ਕੀਤੇ ਹੋਏ ਹਨ।

ਇਸ ਤੋਂ ਸਪੱਸ਼ਟ ਹੈ ਕਿ ਅਦਾਲਤਾਂ, ਮੀਡੀਆ, ਸੰਵਿਧਾਨ, ਕਾਨੂੰਨ ਸਭ ਢਹਿ ਕੀਤੇ ਜਾ ਰਹੇ ਹਨ। ਪੂਰੇ ਭਾਰਤ ਵਿਚ ਪੁਲੀਸ ਦਾ ਰਵੱਈਆ ਕਾਨੂੰਨ ਤੋਂ ਨਹੀਂ ਸਗੋਂ ਸਿਆਸੀ ਆਗੂਆਂ ਦੇ ਇਸ਼ਾਰਿਆਂ ਤੋਂ ਪ੍ਰਭਾਵਿਤ ਹੈ। ਇਸ ਮਾਮਲੇ ਬਾਰੇ ਅਦਾਲਤਾਂ ਚੁੱਪ ਹਨ ਤੇ ਲੋਕ ਧਰਮਾਂ, ਜਾਤੀਆਂ ਵਿਚ ਵੰਡੇ ਹਨ। ਜ਼ਰਾ ਹਿਟਲਰ ਦਾ ਤੇ ਉਸ ਦੇ ਆਸ਼ਵਿਟਜ਼ ਦਾ ਇੰਤਜ਼ਾਰ ਕਰੋ।

## ਸਾਡਾ ਵੱਡਮੁੱਲਾ ਵਿਰਸਾ ਲੋਕ...

ਇਹ ਸਾਡੇ ਜੀਵਨ ਵਿੱਚ ਰਸ ਹੀ ਨਹੀਂ ਘੋਲਦੇ, ਸੋਹਜ ਵੀ ਪੈਦਾ ਕਰਨੇ ਹਨ ਅਤੇ ਜੀਵਨ ਦੀਆਂ ਕਈ ਸਮੱਸਿਆਵਾਂ ਵੀ ਸੁਲਝਾਉਂਦੇ ਹਨ।

ਲੋਕ ਗੀਤਾਂ ਵਾਂਗ ਅਖਾਣ ਅਤੇ ਮੁਹਾਵਰੇ ਵੀ ਕਿਸੇ ਵਿਸ਼ੇਸ਼ ਵਿਅਕਤੀ ਦੀ ਰਚਨਾ ਨਹੀਂ ਹੁੰਦੇ ਬਲਕਿ ਇਹ ਸਮੁੱਚੀ ਕੌਮ ਦੇ ਸਦੀਆਂ ਕਮਾਏ ਹੋਏ ਅਨੁਭਵ ਨੂੰ ਸਮੇਂ ਦੀ ਕੁਠਾਲੀ ਵਿੱਚ ਸੋਧ ਕੇ ਜੀਵਨ ਪਰਵਾਹ ਵਿੱਚ ਰਲ ਜਾਂਦੇ ਹਨ।

ਮਸ਼ੀਨੀ ਸੱਭਿਅਤਾ ਦੇ ਪ੍ਰਭਾਵ ਕਾਰਨ ਪੰਜਾਬ ਦੇ ਲੋਕ ਜੀਵਨ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆ ਗਈਆਂ ਹਨ। ਅੱਜ ਪੁਰਾਣਾ ਪੰਜਾਬ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ। ਸਮੁੱਚੇ ਪਿੰਡ ਸੜਕਾਂ ਰਾਹੀਂ ਸ਼ਹਿਰਾਂ ਨਾਲ ਜੁੜ ਗਏ ਹਨ। ਖੇਤੀਬਾੜੀ ਕਰਨ ਦੇ ਢੰਗ ਤਬਦੀਲ ਹੋ ਗਏ ਹਨ। ਹਰਟਾਂ ਦੀ ਥਾਂ ਟਿਊਬਵੈੱਲ ਅਤੇ ਬਲਦਾਂ ਦੀ ਥਾਂ ਟਰੈਕਟਰ ਆ ਗਏ ਹਨ। ਪਿੰਡਾਂ ਦਾ ਵੀ ਸ਼ਹਿਰੀਕਰਣ ਹੋ ਰਿਹਾ ਹੈ। ਘਰ ਘਰ ਰੇਡੀਓ ਅਤੇ ਟੈਲੀਵਿਜ਼ਨ ਸੁਣਾਈ ਦਿੰਦੇ ਹਨ। ਪਿੰਡਾਂ ਵਿੱਚ ਨਾ ਹੁਣ ਪਹਿਲਾਂ ਵਾਂਗ ਸੱਥਾਂ ਤੇ ਮਹਿਫਲਾਂ ਜੁੜਦੀਆਂ ਹਨ ਨਾ ਦੁਪਹਿਰਾਂ ਵੇਲੇ ਪਿੰਡਾਂ ਦੇ ਬਰੋਟਿਆਂ-ਟਾਹਲੀਆਂ ਦੀ ਛਾਵੇਂ ਲੋਕ ਮਿਲ ਬੈਠਦੇ ਹਨ। ਨਾ ਕਿਧਰੇ ਤ੍ਰਿੰਝਣਾਂ ਦੀ ਘੂਕਰ ਸੁਣਾਈ ਦਿੰਦੀ ਹੈ, ਅਤੇ ਨਾ ਹੀ ਬਲਦਾਂ ਦੇ ਗੱਲਾਂ ਵਿੱਚ ਪਾਈਆਂ ਟੱਲੀਆਂ ਦੀ ਟੁਣਕਾਰ। ਪੰਜਾਬ ਦੇ ਲੋਕ ਜੀਵਨ ਵਿੱਚੋਂ ਬਹੁਤ ਕੁਝ ਵਿਸਰ ਰਿਹਾ ਹੈ, ਰਾਤ ਨੂੰ ਬਾਤਾਂ ਪਾਉਣ ਅਤੇ ਬੁਝਾਰਤਾਂ ਬੁੱਝਣ ਦੀ ਪ੍ਰਥਾ ਖ਼ਤਮ ਹੋ ਗਈ ਹੈ। ਪਰਿਆ ਵਿੱਚ ਬੈਠੇ ਵਡਾਰੂ ਵੀ ਆਪਣੀ ਬੋਲਚਾਲ ਵਿੱਚ ਅਖਾਣਾਂ ਦੀ ਵਰਤੋਂ ਕਰਦੇ ਕਿਧਰੇ ਵਿਖਾਈ ਨਹੀਂ ਦਿੰਦੇ। ਪਿੰਡਾਂ ਵਿੱਚ ਸੱਥਾਂ ਅਤੇ ਖੁੰਢਾਂ 'ਤੇ ਬੈਠ ਕੇ ਵਿਚਾਰ ਵਟਾਂਦਰਾ ਕਰਨ ਦੀ ਗੱਲ ਵੀ ਬੀਤੇ ਸਮੇਂ ਦੀ ਗਾਥਾ ਬਣ ਕੇ ਹੀ ਰਹਿ ਗਈ ਹੈ ਜਿਸਦੇ ਫਲਸਰੂਪ ਸਾਡੇ ਵੱਡਮੁੱਲੇ ਲੋਕ ਸਾਹਿਤ ਦੇ ਵਿਰਸੇ ਨੂੰ ਬਹੁਤ ਵੱਡੀ ਢਾਹ ਲੱਗ ਰਹੀ ਹੈ। ਲੋਕ ਅਖਾਣ, ਜੋ ਪੰਜਾਬੀ ਲੋਕ ਸਾਹਿਤ ਦਾ ਵਿਸ਼ੇਸ਼ ਅੰਗ ਹਨ, ਸਾਡੀ ਬੋਲਚਾਲ ਦੀ ਬੋਲੀ ਵਿੱਚੋਂ ਅਲੋਪ ਹੋ ਰਹੇ ਹਨ।

ਪੰਜਾਬ ਦੇ ਲੋਕ ਜੀਵਨ ਵਿੱਚ ਲੋਕ ਅਖਾਣਾਂ ਦੀ ਬਹੁਤ ਵਰਤੋਂ ਹੁੰਦੀ ਰਹੀ ਹੈ। ਇਹ ਹਜ਼ਾਰਾਂ ਦੀ ਗਿਣਤੀ ਵਿੱਚ ਮਿਲਦੇ ਹਨ। ਪੰਜਾਬ ਖੇਤੀਬਾੜੀ ਪ੍ਰਧਾਨ ਪ੍ਰਾਤ ਹੋਣ ਕਾਰਨ ਕਿਸਾਨੀ ਜੀਵਨ ਨਾਲ ਸਬੰਧਿਤ ਲੋਕ ਅਖਾਣ ਆਦਿ ਕਾਲ ਤੋਂ ਹੀ ਕਿਸਾਨਾਂ ਦੀ ਅਗਵਾਈ ਕਰਦੇ ਰਹੇ ਹਨ।

ਮੌਸਮ ਬਾਰੇ ਜਾਣਕਾਰੀ, ਖੇਤੀ ਦਾ ਮਹੱਤਵ, ਜ਼ਮੀਨ ਦੀ ਚੋਣ, ਪਸ਼ੂ ਧਨ, ਸਿੰਜਾਈ, ਗੋਡੀ, ਬਜਾਈ, ਗਹਾਈ, ਵਾਢੀ, ਫ਼ਸਲਾਂ, ਖਾਦਾਂ ਤੇ ਕਿਸਾਨਾਂ ਦੇ ਸੁਭਾਅ ਅਤੇ ਕਿਰਦਾਰ ਆਦਿ ਕਿਸਾਨੀ ਜੀਵਨ ਅਤੇ ਖੇਤੀਬਾੜੀ ਨਾਲ ਸਬੰਧਿਤ ਵਿਸ਼ਿਆਂ ਤੇ ਬੇਸ਼ੁਮਾਰ ਅਖਾਣ ਮਿਲਦੇ ਹਨ ਜਿਨਾਂ ਤੋਂ ਕਿਸਾਨ ਅਗਵਾਈ ਲੈਂਦੇ ਰਹੇ ਹਨ। ਪੰਜਾਬੀ ਵਿੱਚ ਅਨੇਕਾਂ ਲੋਕ ਅਖਾਣ ਪ੍ਰਚਲਤ ਹਨ ਜਿਹੜੇ ਪੰਜਾਬ ਦੇ ਕਿਸਾਨਾਂ ਅਤੇ ਪੰਜਾਬ ਵਿੱਚ ਵਸਦੇ ਹੋਰ ਕਿੱਤਿਆਂ ਨਾਲ ਸਬੰਧਤ ਲੋਕ ਦੇ ਕਿਰਦਾਰ ਦਾ ਵਰਣਨ ਕਰਦੇ ਹਨ ਜਿਨਾਂ ਦਾ ਅਧਿਐਨ ਕਰਕੇ ਅਸੀਂ ਪਿੰਡਾਂ ਦੇ ਲੋਕਾਂ ਬਾਰੇ ਸਹੀ ਤੌਰ ਉੱਤੇ ਜਾਣ ਸਕਦੇ ਹਾਂ। ਅਖਾਣ ਅਤੇ ਮੁਹਾਵਰੇ ਪੰਜਾਬੀ ਭਾਸ਼ਾ ਦਾ ਸ਼ਿੰਗਾਰ ਹਨ। ਅਜੇ ਵੀ ਸਾਡੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਅਜਿਹੇ ਵਡਾਰੂ ਬੈਠੇ ਹਨ ਜਿਹੜੇ ਅਖਾਣਾਂ ਦੀਆਂ ਖਾਣਾਂ ਹਨ। ਉਹਨਾਂ ਪਾਸ ਜਾ ਕੇ ਅਖਾਣ ਸਾਂਭਣ ਦੀ ਲੋੜ ਹੈ, ਨਹੀਂ ਤਾਂ ਇਹ ਸਾਡਾ ਵੱਡਮੁੱਲਾ ਵਿਰਸਾ ਅਜਾਈਂ ਗੁਆਚ ਜਾਵੇਗਾ।

## ਪੰਜਾਬ 'ਚ ਸੰਘ ਪਰਿਵਾਰ ਦੇ...

ਉਨਾਂ ਨੇ ਮੁਸਲਿਮ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਉਨਾਂ ਨੂੰ ਇਸ ਰਾਜਨੀਤੀ ਦਾ ਸ਼ਿਕਾਰ ਨਹੀਂ ਹੋਣ ਦਿੱਤਾ ਜਾਵੇਗਾ। ਸਿੱਖ ਕੌਮ ਉਨਾਂ ਨਾਲ ਡਟ ਕੇ ਖੜੀ ਹੈ। ਉਨਾਂ ਕਿਹਾ ਕਿ ਦੁਨੀਆ ਵਿਚ ਅਜਿਹੀ ਕੋਈ ਮਿਸਾਲ ਨਹੀਂ ਹੈ, ਜਿੱਥੇ ਰਾਜਸੀ ਸ਼ਰਨ ਜਾਂ ਇਮੀਗਰੇਸ਼ਨ ਧਰਮ ਦੇ ਆਧਾਰ 'ਤੇ ਹੋਵੇ। ਉਨਾਂ ਸੀਏਏ, ਐੱਨਆਰਸੀ ਨੂੰ ਰੱਦ ਕਰਨ ਦੀ ਮੰਗ ਕੀਤੀ। ਇਸ ਦੌਰਾਨ ਹੌਜ਼ ਰਾਣੀ ਵਿਚ ਵੱਡੀ ਗਿਣਤੀ ਮੁਸਲਿਮ ਭਾਈਚਾਰੇ ਦੀਆਂ ਔਰਤਾਂ ਨੂੰ ਸਿੱਖ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਜ਼ਖ਼ਮੀ ਹੋਏ ਕਸ਼ਮੀਰੀ ਵਿਦਿਆਰਥੀ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।

ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਰਣਜੀਤ ਸਿੰਘ ਦਮਦਮੀ ਨੇ ਕਿਹਾ ਕਿ ਪੰਜਾਬ ਕਦੇ ਵੀ ਹਿੰਦੂ ਰਾਸ਼ਟਰ ਦਾ ਹਿੱਸਾ ਨਹੀਂ ਬਣੇਗਾ। ਸਿੱਖ ਵਿਦਵਾਨ ਪ੍ਰੋ. ਜਗਮੋਹਨ ਸਿੰਘ ਨੇ ਆਖਿਆ ਕਿ ਜੇ ਹੁਣ ਫਾਸ਼ੀਵਾਦ ਦੀਆਂ ਨੀਤੀਆਂ ਨੂੰ ਨਾ ਰੋਕਿਆ ਗਿਆ ਤਾਂ ਜਲਦੀ ਹੋਰ ਘੱਟ ਗਿਣਤੀਆਂ ਦੀ ਵੀ ਵਾਰੀ ਆਵੇਗੀ। ਉਨਾਂ ਇਸ ਮਾਮਲੇ ਵਿਚ ਇਕਜੁੱਟ ਹੋਣ ਦੀ ਅਪੀਲ ਕੀਤੀ। ਨੌਜਵਾਨ ਆਗੂ ਅੰਗਦ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹਿੰਮਤ-ਏ-ਖਾਲਸਾ ਦੇ ਆਗੂ ਭਾਈ ਪੰਜਾਬ ਸਿੰਘ ਸੁਲਤਾਨਵਿੰਡ ਵੀ ਪੁੱਜੇ ਸਨ।

## ਪੰਜਾਬੀ ਭਾਸ਼ਾ ਦੇ ਵਿਕਾਸ ਲਈ...

ਜੇ ਕਿਧਰੇ ਪੰਜਾਬੀ ਵਿਚ ਹਦਾਇਤਾਂ ਲਿਖੀਆਂ ਮਿਲਦੀਆਂ ਵੀ ਹਨ ਤਾਂ ਉਨਾਂ ਵਿਚ ਪੰਜਾਬੀ ਗ਼ਲਤ ਲਿਖੀ ਹੁੰਦੀ ਹੈ। ਜੇ ਅਸੀਂ ਸ਼ਬਦਾਂ ਨੂੰ ਲਿਖਣ ਵੇਲੇ ਸੁਚੇਤ ਨਹੀਂ ਹੋਵਾਂਗੇ ਤਾਂ ਪੰਜਾਬੀ ਸਾਬਤ ਸਬੂਤ ਕਿਵੇਂ ਰਹਿ ਸਕਦੀ ਹੈ? ਅਸੀਂ ਇਨਾਂ ਛੋਟੀਆਂ-ਛੋਟੀਆਂ ਗੱਲਾਂ ਨੂੰ ਇਹ ਕਹਿ ਕੇ ਵਿਚਲੋ ਇਹਦੇ ਨਾਲ ਕੀ ਫ਼ਰਕ ਪੈਂਦੈ' ਨਜ਼ਰਅੰਦਾਜ਼ ਕਰ ਦਿੰਦੇ ਹਾਂ।

ਸਰਕਾਰੀ ਉਪਰਾਲਿਆਂ ਤੇ ਗ਼ੈਰ-ਜ਼ਿੰਮੇਵਾਰੀ ਦੀ ਗੱਲ ਕਰੀਏ ਤਾਂ ਸਰਕਾਰ ਵਲੋਂ ਵਾਰ-ਵਾਰ ਪੱਤਰ ਕੱਢੇ ਜਾਂਦੇ ਹਨ ਕਿ ਸਰਕਾਰੀ ਅਦਾਰਿਆਂ ਵਿਚ ਸਾਰਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਹੋਵੇਗਾ ਪਰ ਇਹ ਆਦੇਸ਼ ਉਦੋਂ ਝੂਠੇ ਸਾਬਤ ਹੁੰਦੇ ਹਨ ਜਦੋਂ ਪ੍ਰਸ਼ਾਸਨਿਕ ਅਧਿਕਾਰੀ ਜਾਂ ਨੇਤਾ ਆਪ ਅੰਗਰੇਜ਼ੀ ਬੋਲਦੇ ਤੇ ਲਿਖਦੇ ਹਨ। ਇਹ ਦੇਸ਼ ਦਾ ਕਾਨੂੰਨ ਹੋਣਾ ਚਾਹੀਦਾ ਹੈ ਕਿ ਰਾਜਾਂ ਵਿਚ ਹਰ ਸਥਾਨ, ਸੰਸਥਾ ਤੇ ਪ੍ਰਾਈਵੇਟ ਸੰਸਥਾਵਾਂ ਦੇ ਬੋਰਡ ਖੇਤਰੀ ਭਾਸ਼ਾ ਵਿਚ ਲਿਖੇ ਜਾਣ। ਇਸ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ। ਇਸ ਦੀ ਉਲੰਘਣਾ ਲਈ ਭਾਰੀ ਜੁਰਮਾਨਾ ਹੋਣਾ ਚਾਹੀਦਾ ਹੈ। ਇਸ ਨਾਲ ਦਿਨਾਂ ਵਿਚ ਹੀ ਚਾਰੇ ਪਾਸੇ ਖੇਤਰੀ ਭਾਸ਼ਾਵਾਂ ਦਿਖਾਈ ਦੇਣ ਲੱਗ ਪੈਣਗੀਆਂ।

ਪੰਜਾਬੀ ਭਾਸ਼ਾ ਸਬੰਧੀ ਇਕ ਨੁਕਤਾ ਹੋਰ ਵਿਚਾਰਨ ਯੋਗ ਹੈ। ਪੰਜਾਬੀ ਨਾਲ ਸੰਬੰਧਿਤ ਵਿਭਾਗਾਂ ਤੇ ਵਿਦਵਾਨਾਂ ਨੂੰ ਪੰਜਾਬੀ ਭਾਸ਼ਾ ਨੂੰ ਜਟਿਲ ਬਣਾਉਣ ਨਾਲੋਂ ਸਰਲ ਤੇ ਸਧਾਰਨ ਬਣਾਉਣ 'ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਖੋਜਾਰਥੀ ਆਲੋਚਨਾ ਦੀਆਂ ਪੁਸਤਕਾਂ ਪੜਨ ਵੱਲ ਰੁਚਿਤ ਹੋਣ। ਆਲੋਚਨਾ ਨਾਲ ਸਬੰਧਿਤ ਪੁਸਤਕਾਂ ਦੀ ਪੰਜਾਬੀ ਭਾਸ਼ਾ ਕਈ ਵਾਰ ਤਾਂ ਐਨੀ ਔਖੀ ਹੁੰਦੀ ਹੈ ਕਿ ਸਮਝਣ ਲਈ ਕੋਸ਼ ਉਠਾਉਣੇ ਪੈਂਦੇ ਹਨ। ਆਮ ਵਿਦਿਆਰਥੀ ਦੁਖੀ ਹੋ ਕੇ ਪੁਸਤਕ ਪੜਨੀ ਹੀ ਛੱਡ ਦਿੰਦਾ ਹੈ। ਇਸ ਦੇ ਨਾਲ ਹੀ ਕਾਲਜ ਤੇ ਯੂਨੀਵਰਸਿਟੀ ਵਿਚ ਅਧਿਐਨ ਦੇ ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ ਪੰਜਾਬੀ ਭਾਸ਼ਾ ਵਿਚ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਪੰਜਾਬੀ ਵਿਚ ਸ਼ਬਦਕੋਸ਼, ਮਹਾਕੋਸ਼ ਤਿਆਰ ਕੀਤੇ ਜਾਣੇ ਚਾਹੀਦੇ ਹਨ। ਬੱਚਿਆਂ ਲਈ ਛੋਟੇ ਜੇਬਨੁਮਾ ਕੋਸ਼ ਤਿਆਰ ਕੀਤੇ ਜਾਣੇ ਚਾਹੀਦੇ ਹਨ। ਮਾਤ ਭਾਸ਼ਾ ਨੂੰ ਜ਼ਿੰਦਾ ਰੱਖਣ ਤੇ ਉਸ ਦੇ ਪ੍ਰਚਾਰ ਪ੍ਰਸਾਰ ਲਈ ਉਸ ਨੂੰ ਵਰਤਮਾਨ ਲੋੜਾਂ ਦੇ ਅਨੁਸਾਰ ਢਾਲਣਾ ਤੇ ਵਰਤੇ ਜਾਂਦੇ ਸਾਧਨਾਂ ਨਾਲ ਜੋੜਨਾ ਜ਼ਰੂਰੀ ਹੁੰਦਾ ਹੈ। ਕੱਲ ਤੱਕ ਲੱਗਦਾ ਸੀ ਕਿ ਅੰਗਰੇਜ਼ੀ ਹੀ ਕੰਪਿਊਟਰ, ਮੋਬਾਈਲ ਤੇ ਇੰਟਰਨੈੱਟ ਦੀ ਭਾਸ਼ਾ ਹੈ ਪਰ ਉੱਦਮ ਤੇ ਲਗਨ ਨਾਲ ਅੱਜ ਇਨਾਂ ਸੂਚਨਾ ਯੰਤਰਾਂ 'ਤੇ ਦੂਜੀਆਂ ਭਾਸ਼ਾਵਾਂ ਦੀ ਵਰਤੋਂ ਵੀ ਆਮ ਹੋ ਗਈ ਹੈ ਪਰ ਇਹ ਉਦਮ ਨਿਸ਼ਚਿਤ ਤੌਰ ਤੇ ਸੰਬੰਧਿਤ ਭਾਸ਼ਾ ਦੇ ਲੋਕਾਂ ਤੇ ਸਰਕਾਰੀ ਅਦਾਰਿਆਂ ਨੇ ਹੀ ਕਰਨੇ ਹੁੰਦੇ ਹਨ।

ਜੇ ਅੱਜ ਸਾਡੇ ਸਕੂਲਾਂ ਵਿਚ ਜਾਂ ਸੜਕਾਂ 'ਤੇ ਲਿਖਿਆ ਮਿਲਦਾ ਹੈ ਕਿ 'ਪੰਜਾਬੀ ਬੋਲੋ, ਪੰਜਾਬੀ ਪੜੋ ਤੇ ਪੰਜਾਬੀ ਲਿਖੋ' ਤਾਂ ਸਪੱਸ਼ਟ ਹੈ ਕਿ ਅਸੀਂ ਜੋ ਪੰਜ ਹਜ਼ਾਰ ਸਾਲ ਪੁਰਾਣੀ ਸੱਭਿਅਤਾ ਦੀਆਂ ਡੀਂਗਾ ਮਾਰਦੇ ਨਹੀਂ ਥੱਕਦੇ ਅਜੇ ਤੱਕ ਇਹ ਵੀ ਨਹੀਂ ਸਮਝ ਸਕੇ ਕਿ ਆਪਣੀ ਮਾਂ ਤੇ ਮਾਂ ਬੋਲੀ ਦਾ ਸਤਿਕਾਰ ਕਰਨਾ ਤੇ ਉਸ ਦੀ ਰੱਖਿਆ ਕਰਨਾ ਮਨੁੱਖ ਦਾ ਪਹਿਲਾ ਫ਼ਰਜ਼ ਹੈ। ਪਟਿਆਲਾ ਸ਼ਹਿਰ ਵਿਖੇ ਸਥਾਪਿਤ 'ਭਾਸ਼ਾ ਵਿਭਾਗ ਪੰਜਾਬ' ਨੂੰ ਬਾਹਰੋਂ ਦੇਖ ਕੇ ਹੀ ਪਤਾ ਚੱਲ ਜਾਂਦਾ ਹੈ ਕਿ ਪੰਜਾਬ ਦੀਆਂ ਸਰਕਾਰਾਂ ਇਸ ਸਬੰਧੀ ਕਿੰਨੀਆਂ ਕੁ ਸੰਵੇਦਨਸ਼ੀਲ ਹਨ। ਸੂਬੇ ਦਾ ਭਾਸ਼ਾ ਵਿਭਾਗ ਤੇ ਸੱਭਿਆਚਾਰਕ ਅਕਾਦਮੀਆਂ ਬਹੁਤ ਵੱਡੇ ਪੱਧਰ ਤੇ ਕਾਰਜਸ਼ੀਲ ਹੋਣੀਆਂ ਚਾਹੀਦੀਆਂ ਹਨ। ਨੌਜਵਾਨਾਂ ਨੂੰ ਭਾਸ਼ਾ ਨਾਲ ਜੋੜਨ ਲਈ ਭਾਸ਼ਾ ਵਿਭਾਗ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਦੀ ਸਿਰਜਣਾ ਸਬੰਧੀ ਮੁਕਾਬਲੇ ਕਰਵਾਏ ਜਾਣੇ ਚਾਹੀਦੇ ਹਨ। ਭਾਸ਼ਾ ਦਿਵਸ ਨੂੰ ਰਵਾਇਤੀ ਤੌਰ 'ਤੇ ਨਹੀਂ ਪਿੰਡ, ਸ਼ਹਿਰ, ਵਿਧਾਨ ਸਭਾਵਾਂ ਤੇ ਸੰਸਦ ਤੱਕ ਵੱਡੇ ਪੱਧਰ 'ਤੇ ਮਨਾਉਣਾ ਚਾਹੀਦਾ ਹੈ। ਇਸ ਦਿਵਸ 'ਤੇ ਭਾਸ਼ਾ 'ਤੇ ਭਾਸ਼ਨ ਕਰਵਾਉਣ ਦੀ ਥਾਂ ਬੱਚਿਆਂ ਤੇ ਨੌਜਵਾਨਾਂ ਲਈ ਭਾਸ਼ਾ ਦੇ ਵੱਖ-ਵੱਖ ਪਹਿਲੂਆਂ ਜਿਵੇਂ ਬੋਲਣ, ਪੜਨ ਤੇ ਲਿਖਣ ਲਈ ਵਿਸ਼ੇਸ਼ ਕਿਸਮ ਦੀਆਂ ਸਰਗਰਮੀਆਂ ਉਲੀਕੀਆਂ ਜਾਣੀਆਂ ਚਾਹੀਦੀਆਂ ਹਨ। ਮਾਤ ਭਾਸ਼ਾ ਨੂੰ ਸੰਭਾਲਣਾ, ਉਸ ਦਾ ਵਿਕਾਸ ਤੇ ਪ੍ਰਚਾਰ-ਪ੍ਰਸਾਰ ਕਰਨਾ ਸਾਡੀ ਖ਼ੁਦ ਦੀ ਜ਼ਿੰਮੇਵਾਰੀ ਹੈ ਕਿਉਂਕਿ ਮਾਂ ਤੇ ਮਾਤ ਭਾਸ਼ਾ ਆਪਣੇ ਬੱਚਿਆਂ ਨਾਲ ਹੀ ਹੱਸਦੀਆਂ ਵਸਦੀਆਂ ਹਨ ਤੇ ਉਨਾਂ ਦੇ ਵਿਸਾਰਨ 'ਤੇ ਹੀ ਉਜੜਦੀਆਂ ਹਨ। ਅਸੀਂ ਪੰਜਾਬੀ ਸ਼ਬਦਾਵਲੀ ਦੀ ਵਰਤੋਂ ਵੱਧ ਤੋਂ ਵੱਧ ਕਰੀਏ ਤੇ ਲਿਖੀਏ। ਯਾਦ ਰੱਖੋ ਗ਼ੈਰ-ਜ਼ਿੰਮੇਵਾਰ ਲੋਕਾਂ ਦੀਆਂ ਸਰਕਾਰਾਂ ਵੀ ਗ਼ੈਰ-ਜ਼ਿੰਮੇਵਾਰ ਹੁੰਦੀਆਂ ਹਨ। ਚੇਤਨ, ਇਮਾਨਦਾਰ ਤੇ ਜ਼ਿੰਮੇਵਾਰ ਲੋਕਾਂ ਦੀਆਂ ਸਰਕਾਰਾਂ ਦੂਰਅੰਦੇਸ਼ੀ, ਇਮਾਨਦਾਰ ਤੇ ਜ਼ਿੰਮੇਵਾਰ ਹੁੰਦੀਆਂ ਹਨ। ਹੁਣ ਕੰਮ ਇੰਜ ਨਹੀਂ ਚੱਲਣਾ ਤੇ ਨਾ ਹੀ ਭਾਵੁਕ ਹੋ ਕੇ ਸਰਨਾ ਹੈ।

## ਅੰਤਰ-ਜਾਤੀ ਵਿਆਹ ਕਰਨ...

ਆਸਥਾ ਮੁਤਾਬਕ, "ਭੁਪੇਸ਼ ਅਤੇ ਸਾਡੇ ਪਰਿਵਾਰ ਨੂੰ ਕਦੇ ਕੋਈ ਦਿੱਕਤ ਨਹੀਂ ਹੋਈ ਪਰ ਸਮਾਜ ਦੇ ਲੋਕਾਂ ਨੇ ਭੁਪੇਸ਼ ਦੇ ਪਰਿਵਾਰ ਲਈ ਸਾਮਾਜਿਕ ਬਾਈਕਾਟ ਦਾ ਫੁਰਮਾਨ ਸੁਣਾ ਦਿੱਤਾ। ਲੋਕਾਂ ਨੇ ਸਾਮਾਜਿਕ ਕਾਰਜਾਂ, ਵਿਆਹ ਆਦਿ ਵਿੱਚ ਭੁਪੇਸ਼ ਦੇ ਪਰਿਵਾਰ ਨੂੰ ਬੁਲਾਉਣਾ ਬੰਦ ਕਰ ਦਿੱਤਾ ਗਿਆ। ਬਾਅਦ ਵਿੱਚ ਭੁਪੇਸ਼ ਦੇ ਪਰਿਵਾਰ ਵਾਲਿਆਂ ਨੇ ਜਦੋਂ ਸਮਾਜ ਦੇ ਲੋਕਾਂ ਨਾਲ ਸਮਾਜਿਕ ਬਾਈਕਾਟ ਵਾਪਸ ਲੈਣ ਦੀ ਅਪੀਲ ਕੀਤੀ ਤਾਂ ਉਨਾਂ ਨੇ ਅਜਿਹੀ ਬੇਤੁਕੀ ਸ਼ਰਤ ਰੱਖ ਦਿੱਤੀ। ਪੇਸ਼ੇ ਤੋਂ ਪ੍ਰਾਪਰਟੀ ਡੀਲਰ ਦਾ ਕੰਮ ਕਰ ਵਾਲੇ ਭੁਪੇਸ਼ ਯਾਦਵ ਕਹਿੰਦੇ ਹਨ ਕਿ ਪੰਚਾਇਤ ਦੇ ਫ਼ੁਰਮਾਨ ਤੋਂ ਬਾਅਦ ਉਨਾਂ ਦੇ ਪਰਿਵਾਰ ਨੂੰ ਵੱਡੀ ਨਮੋਸ਼ੀ ਝੱਲਣੀ ਪਈ। ਇੱਕ ਬਜ਼ੁਰਗ ਮੁਤਾਬਕ ਅਜਿਹੀ ਸ਼ਰਤ ਲਈ ਕੇਵਲ ਕੁਝ ਕੁ ਲੋਕ ਹੀ ਦਬਾਅ ਬਣਾ ਰਹੇ ਸਨ, ਨਾ ਕਿ ਸਮਾਜ ਦੇ ਸਾਰੇ ਲੋਕ। ਉਹ ਦੱਸਦੇ ਹਨ ਕਿ ਉਨਾਂ ਦੀ ਮਾਂ ਨੂੰ ਮੁਹੱਲੇ ਵਿੱਚ ਹੋਣ ਵਾਲੇ ਭਗਵਤ ਕਥਾ ਦੇ ਸਮਾਗਮ ਵਿੱਚ ਵੀ ਨਹੀਂ ਸ਼ਾਮਲ ਹੋਣ ਦਿੱਤਾ ਗਿਆ ਸੀ।

ਪੰਚਾਇਤ ਵਿੱਚ ਪਿੰਡ ਅਤੇ ਸਮਾਜ ਦੇ ਕਈ ਲੋਕ ਸ਼ਾਮਿਲ ਹੋਏ ਸਨ ਪਰ ਇਸ ਬਾਰੇ ਫਿਲਹਾਲ ਕੋਈ ਵੀ ਕੁਝ ਦੱਸਣ ਲਈ ਤਿਆਰ ਨਹੀਂ ਹੈ।

## ਅਰਵਿੰਦ ਕੇਜਰੀਵਾਲ ਦੀ ਸ਼ਾਨਦਾਰ..

ਘੱਟ ਗਿਣਤੀਆਂ ਵਿਚਾਲੇ ਇਕਜੁਟ ਵੋਟ ਹੋਣ ਦੀ ਆਦਤ ਰਹੀ ਹੈ ਤੇ ਖਾਸ ਤੌਰ 'ਤੇ ਮੁਸਲਮਾਨ ਉਸੇ ਪਾਰਟੀ ਨੂੰ ਵੋਟ ਦਿੰਦੇ ਹਨ, ਜੋ ਭਾਜਪਾ ਨੂੰ ਹਰਾ ਸਕਦੀ ਹੈ। ਦਿੱਲੀ ਵਿਚ ਮੁਸਲਿਮ ਵੋਟਰਾਂ ਦੀ ਪਹਿਲੀ ਪਸੰਦ ਕਾਂਗਰਸ ਹੋਇਆ ਕਰਦੀ ਸੀ, ਪਰ ਇਹ ਸੋਚ 2015 ਵਿਚ ਬਦਲ ਗਈ ਹੈ। ਹੁਣ 'ਆਪ' ਮੁੱਖ ਭੂਮਿਕਾ ਵਿਚ ਹੈ ਤੇ ਮੁਸਲਮਾਨਾਂ ਦੀ ਪਹਿਲੀ ਪਸੰਦ ਹੈ। ਇਸ ਵਾਰ ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਮੁਸਲਿਮ ਵੋਟਰ ਭਾਜਪਾ ਨੂੰ ਹਰਾ ਦੇਣ ਦੇ ਲਈ ਦ੍ਰਿੜ ਸਨ। ਭਾਜਪਾ ਦੁਆਰਾ ਚਲਾਏ ਗਏ ਨਾਕਾਰਾਤਮਕ ਪ੍ਰਚਾਰ ਦੀ ਮੁਹਿੰਮ ਨਾਲ ਬਹੁਤ ਸਾਰੇ ਮੱਧ ਵਰਗੀ ਭਾਜਪਾ ਸਮਰਥਕ ਨਰਾਜ਼ ਹੋਏ। 2015 ਵਿਚ ਭਾਜਪਾ ਦੇ ਨਾਕਾਰਾਤਮਕ ਪ੍ਰਚਾਰ ਮੁਹਿੰਮ ਨੂੰ ਨਕਾਰਿਆ ਗਿਆ ਸੀ। ਗੋਲੀ ਮਾਰੋ ਵਾਲੇ ਬਿਆਨ ਨਿਸ਼ਚਿਤ ਰੂਪ ਵਿਚ ਭਾਜਪਾ ਦੀ ਹਾਰ ਦੀ ਕਾਰਨ ਬਣੇਗੀ। ਭਾਜਪਾ ਨੇ ਇਤਿਹਾਸ ਤੋਂ ਕੋਈ ਸਬਕ ਨਹੀਂ ਸਿੱਖਿਆ।

ਸ਼ਾਹੀਨ ਬਾਗ ਦੀ ਮਦਦ ਨਾਲ ਫਿਰਕੂ ਪੱਧਰ 'ਤੇ ਵੋਟਾਂ ਦਾ ਧਰੁਵੀਕਰਨ ਦੀ ਭਾਜਪਾ ਦੀਆਂ ਕੋਸ਼ਿਸ਼ਾਂ ਫੇਲ ਹੋ ਗਈਆਂ। 'ਆਪ' ਨੇ ਇਹ ਫੈਸਲਾ ਕਰ ਲਿਆ ਸੀ ਕਿ ਉਹ ਐਸੇ ਮੁੱਦਿਆਂ ਤੋਂ ਬਚੇਗੀ ਜਿਸ ਦਾ ਫਾਇਦਾ ਭਾਜਪਾ ਨੂੰ ਹੋ ਸਕਦਾ ਹੋਵੇ। ਇਸ ਦੌਰਾਨ ਭਾਜਪਾ ਨੇ ਸ਼ਾਹੀਨ ਬਾਗ ਨੂੰ ਮੁੱਦਾ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਭਾਜਪਾ ਦਾ ਮਕਸਦ ਇਸ ਧਰਨੇ ਨੂੰ ਸਿਆਸੀ ਰੰਗ ਦੇ ਕਿ ਰਾਜਨੀਤਕ ਫਾਇਦਾ ਚੁੱਕਣ ਦਾ ਸੀ ਪਰ ਕੇਜਰੀਵਾਲ ਨੇ ਇਸ ਮੁੱਦੇ ਤੋਂ ਦੂਰੀ ਬਣਾਈ ਰੱਖੀ। ਅਰਵਿੰਦ ਕੇਜਰੀਵਾਲ ਨੇ ਤਜ਼ਰਬਿਆਂ ਤੋਂ ਸਿੱਖਿਆ ਹੈ ਕਿ ਨਰਿੰਦਰ ਮੋਦੀ 'ਤੇ ਸਿੱਧਾ ਹਮਲਾ ਉਨਾਂ ਦੇ ਹੱਕ ਵਿੱਚ ਨਹੀਂ ਜਾਂਦਾ ਕਿਉਂਕਿ ਮੋਦੀ ਦੀ ਪ੍ਰਸਿੱਧੀ ਅਜੇ ਵੀ ਬਰਕਰਾਰ ਹੈ। ਉਸ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਿੱਚ ਕੋਈ ਨੇਤਾ ਐਸਾ ਨਹੀਂ ਜਿਸ ਤੇ ਹਮਲੇ ਦਾ ਕੋਈ ਨੁਕਸਾਨ ਹੋਵੇ।

ਭਾਜਪਾ ਸੋਚਦੀ ਸੀ ਕਿ 2019 ਵਿਚ ਸ਼ਾਨਦਾਰ ਜਿੱਤ ਜੋ ਲੋਕ ਸਭਾ ਚੋਣਾਂ ਵਿਚ ਹੋਈ ਹੈ, ਉਹੀ ਹੁਣ ਹੋਵੇਗੀ, ਕਿਉਂਕਿ ਉਸ ਨੇ ਕਸ਼ਮੀਰ ਵਿਚ ਤਬਦੀਲੀਆਂ ਕੀਤੀਆਂ ਹਨ। ਨਾਗਰਿਕਤਾ ਸੋਧ ਕਾਨੂੰਨ ਲਿਆਂਦਾ ਹੈ, ਤਿੰਨ ਤਲਾਕਾਂ ਦੇ ਖਿਲਾਫ਼ ਕਾਨੂੰਨ ਲਿਆਂਦਾ ਹੈ, ਰਾਮ ਮੰਦਰ ਦੇ ਪੱਖ ਵਿਚ ਸੁਪਰੀਮ ਕੋਰਟ ਦਾ ਫੈਸਲਾ ਆਇਆ ਹੈ, ਪਰ ਇਹ ਸਭ ਭਾਜਪਾ ਦੀ ਤਾਕਤ ਨਾ ਬਣ ਸਕਿਆ। ਇਸ ਦੇ ਬਾਵਜੂਦ 'ਆਪ' ਦੀ ਬੇਹੱਦ ਸੌਖੀ ਜਿੱਤ ਹੋਈ। ਕੇਜਰੀਵਾਲ ਮੋਦੀ ਨਾਲ ਨਹੀਂ ਉਲਝੇ, ਉਸ 'ਤੇ ਕੋਈ ਹਮਲਾ ਨਹੀਂ ਕੀਤਾ। ਭਾਜਪਾ ਦਾ ਹਿੰਦੂ ਰਾਸ਼ਟਰਵਾਦ ਕੋਈ ਚਮਕ ਨਹੀਂ ਦਿਖਾ ਸਕਿਆ। ਨਫਰਤ ਦੀ ਰਾਜਨੀਤੀ ਨੂੰ ਲੋਕਾਂ ਨੇ ਠੋਕਰ ਮਾਰ ਦਿੱਤੀ। ਦਿੱਲੀ ਦੇ ਰੁਝਾਨਾਂ ਤੋਂ ਇਹ ਸਾਫ ਹੈ ਕਿ ਦਿੱਲੀ ਦੇ ਦਿਲ ਵਿਚ ਅਰਵਿੰਦ ਕੇਜਰੀਵਾਲ ਵੱਸਦੇ ਹਨ।



# ਬੇਮਿਸਾਲ ਰਿਹਾ ਸਾਂਝੀ ਸੋਚ ਅਖ਼ਬਾਰ ਦਾ 7ਵਾਂ ਸਲਾਨਾ ਸਮਾਗਮ



























## • ਡਿਪਟੀ ਕੌਂਸਲ ਜਨਰਲ ਸਨਫਰਾਂਸਿਸਕੋ ਨੇ ਮੁਖ ਮਹਿਮਾਨ ਵਜੋਂ ਕੀਤੀ ਸ਼ਿਰਕਤ • ਵੱਡੇ ਇਕੱਠ ਵਿਚ ਅਹਿਮ ਸਖਸ਼ੀਅਤਾਂ ਹੋਈਆਂ ਸ਼ਾਮਿਲ

ਟਰੇਸੀ, ਕੈਲੀਫੋਰਨੀਆ, (ਸਾਂਝੀ ਸੋਚ ਬਿਊਰੋ)– ਸਾਂਝੀ ਸੋਚ ਅਖ਼ਬਾਰ ਦਾ ਸਲਾਨਾ ਸਮਾਗਮ ਅਮਿਟ ਪੈੜਾਂ ਛੱਡਦਾ ਹੋਇਆ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋਇਆ। ਇਹ ਸਮਾਗਮ ਹਰ ਪੱਖ ਤੋਂ ਬੇਮਿਸਾਲ ਹੋ ਨਿਬੜਿਆ। ਸੁਚੱਜੇ ਪ੍ਰਬੰਧਾਂ ਹੇਠ ਹੋਏ ਸਮਾਗਮ ਵਿਚ 500 ਤੋਂ ਵਧ ਲੋਕਾਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਵਿਚ ਅਮਰੀਕਾ ਦੀਆਂ ਅਹਿਮ ਸਖਸ਼ੀਅਤਾਂ ਸ਼ਾਮਿਲ ਸਨ। ਮਨੋਰੰਜਨ ਲਈ ਜਿਥੇ ਕਲਾਕਾਰਾਂ ਨੇ ਕਾਬਲੇਤਾਰੀਫ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਉਥੇ ਮਜ਼ੇਦਾਰ ਖਾਣੇ ਦੇ ਪ੍ਰਬੰਧਕਾਂ ਨੇ ਮਹਿਮਾਨਾਂ ਦੀ ਖਾਤਰਦਾਰੀ ਕਰਨ 'ਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਮੰਚ ਸੰਚਾਲਨ ਆਸ਼ਾ ਸ਼ਰਮਾ ਤੇ ਬੂਟਾ ਸਿੰਘ ਬਾਸੀ ਮੁਖ ਸੰਪਾਦਕ ਸਾਂਝੀ ਸੋਚ ਨੇ ਬਾਖੂਬੀ ਕੀਤਾ।

ਡਿਪਟੀ ਕੌਂਸਲ ਜਨਰਲ ਆਫ ਇੰਡੀਆ ਸਨਫਰਾਂਸਿਸਕੋ ਰਾਜੇਸ਼ ਨਾਇਕ ਮੁੱਖ ਮਹਿਮਾਨ ਵਜੋਂ ਸਮਾਗਮ ਵਿਚ ਪੁੱਜੇ ਜਿਨ੍ਹਾਂ ਨੇ ਰੀਬਨ ਕੱਟਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੇ ਨਾਲ ਸੁਮਿਤੀ ਰਾਓ ਕੌਂਸਲ ਤੇ ਅਮਿਤ ਤ੍ਰਿਪਾਠੀ ਅਸਿਸਟੈਂਟ ਕੌਂਸਲ ਵੀ ਹਾਜਰ ਸਨ। ਉਪਰੰਤ ਭਾਈ ਮਨਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ ਹੈੱਡ ਗਰੰਥੀ ਮੋਡੈਸਟੋ ਸੀਰਸ ਗੁਰਦੁਆਰਾ ਸਾਹਿਬ ਨੇ ਧਾਰਮਿਕ ਗੀਤ ਗਾਇਆ। ਜਸਰਾਜ ਬੱਬਰ ਛੋਟੇ ਬੱਚੇ ਨੇ ਅਮਰੀਕੀ ਝੰਡੇ ਨੂੰ ਸਲਾਮੀ ਦਿੱਤੀ। ਸੁਖਜੀਤ ਬੱਬਰ ਤੇ ਕਲਪਨਾ ਸ਼ਰਮਾ ਨੇ ਭਾਰਤੀ ਰਾਸ਼ਟਰੀ ਗੀਤ ਜਨ ਗਨ ਮੰਨ ਗਾਇਆ। ਬੱਚੀਆਂ ਰਸ਼ਮੀਨ ਤੇ ਰਵਲੀਨ ਨੇ ਗਾਣੇ 'ਤੇ ਡਾਂਸ ਕੀਤਾ। ਆਪਣਾ ਪੰਜਾਬ ਅਕੈਡਮੀ ਦੇ ਮੁੰਡਿਆਂ ਨੇ ਭੰਗੜਾ ਪਾਇਆ। ਅਰਪਨਾ ਨੇ ਕਲਾਸੀਕਲ ਡਾਂਸ ਕੀਤਾ। ਪੰਜਾਬੀ ਗਾਇਕ ਸਾਰਿਕਾ ਗਿੱਲ ਉਚੇਚੇ ਤੌਰ 'ਤੇ ਇੰਗਲੈਂਡ ਤੋਂ ਪੁੱਜੀ ਤੇ ਆਪਣੀ ਪੇਸ਼ਕਾਰੀ ਕੀਤੀ । ਗਾਇਕ ਦਵਿੰਦਰ ਪਮੀ, ਜੀਤਾ ਗਿੱਲ, ਸਨੀ ਬਬਰ ਤੇ ਸਤਵਿੰਦਰ ਸੱਤੀ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਡਿਪਟੀ ਕੌਂਸਲ ਜਨਰਲ ਰਾਜੇਸ਼ ਨਾਇਕ ਨੇ ਸਮਾਗਮ ਨੂੰ ਸਬੋਧਨ ਕਰਦਿਆਂ ਸਾਂਝੀ ਸੋਚ ਅਖ਼ਬਾਰ ਵੱਲੋਂ ਪੰਜਾਬੀ ਭਾਈਚਾਰੇ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਤੇ ਭਾਰਤੀ ਕੌਂਸਲੇਟ ਵੱਲੋਂ ਪੰਜਾਬੀ ਭਾਈਚਾਰੇ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਦੱਸਿਆ। ਅਮਰੀਕਾ ਦੇ ਵੱਖ ਵੱਖ ਸਰਕਾਰੀ ਵਿਭਾਗਾਂ ਵੱਲੋਂ ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ ਦਾ ਸਨਮਾਨ ਕੀਤਾ ਗਿਆ ਤੇ ਸਾਂਝੀ ਸੋਚ ਅਦਾਰੇ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਕੌਂਸਲ ਜਨਰਲ ਰਾਜੇਸ਼ ਨਾਇਕ ਤੇ ਸੁਮਿਤੀ ਰਾਓ ਦਾ ਸਨਮਾਨ ਕੀਤਾ ਗਿਆ। ਸਪਾਂਸਰਾਂ ਤੇ ਹੋਰ ਸਖਸ਼ੀਅਤਾਂ ਦਾ ਉਚੇਚਾ ਸਨਮਾਨ ਹੋਇਆ। ਰੈਫਲ ਡਰਾਅ ਵੀ ਕੱਢੇ ਗਏ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22

## GET FLAT 22 CENTS DISCOUNT AT

TA TravelCenters of America

PETRO Stopping Centers®




## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com